New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 18 11 October, 2024 ੧੯ ਅੱਸੂ ਭਾਦੋਂ ਨਾਨਕਸ਼ਾਹੀ ਸੰਮਤ ੫੫੬ Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar (Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

## ਨਵੇਂ ਸਟੱਡੀ ਵੀਜ਼ਾ ਤੇ ਵਰਕ ਪਰਮਿਟ ਨਿਯਮ 1 ਨਵੰਬਰ ਤੋਂ ਹੋਣਗੇ ਲਾਗੂ

ਸਰੀ, ਕੈਨੇਡਾ ਸਰਕਾਰ ਦੇ ਇਮੀਗ੍ਰੇਸ਼ਨ ਵਿਭਾਗ ਵਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਟੱਡੀ ਵੀਜ਼ਾ ਤੇ ਪੋਸਟ ਗਰੈਜੂਏਟ ਵਰਕ ਪਰਮਿਟ (PGWP) ਨਾਲ ਜੁੜੇ ਨਵੇਂ ਨਿਯਮ 1 ਨਵੰਬਰ ਤੋਂ ਲਾਗੂ ਕੀਤੇ ਜਾ ਰਹੇ ਹਨ। ਨਵੇਂ ਨਿਯਮਾਂ ਦੇ ਤਹਿਤ, ਹੁਣ ਹਰ ਕੋਰਸ ਲਈ ਪੋਸਟ ਗਰੈਜੂਏਟ ਵਰਕ ਪਰਮਿਟ ਨਹੀਂ ਮਿਲੇਗਾ। ਕਈ ਕੋਰਸਾਂ ਨੂੰ ਵਰਕ ਪਰਮਿਟ ਲਈ ਯੋਗ ਮੰਨਿਆ ਜਾਵੇਗਾ, ਪਰ ਹਰ ਇੱਕ ਨੂੰ ਨਹੀਂ।

ਕੈਨੇਡਾ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਯੋਗ ਕੋਰਸਾਂ ਦੀ ਇੱਕ ਵੱਡੀ ਲਿਸਟ ਜਾਰੀ ਕੀਤੀ ਹੈ, ਜਿਸ ਵਿੱਚ ਮੁੱਖ ਤੌਰ 'ਤੇ 5 ਖੇਤਰਾਂ ਦੇ ਕੋਰਸ ਸ਼ਾਮਿਲ ਹਨ: ਖੇਤੀਬਾੜੀ, ਸਿਹਤ, ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ, ਬਿਜ਼ਨਸ ਅਤੇ ਟਰਾਂਸਪੋਰਟ ਖੇਤਰਾਂ ਦੇ ਕੋਰਸਾਂ ਨੂੰ ਪਹਿਲ ਦਿੱਤੀ ਗਈ ਹੈ।




ਇਮੀਗ੍ਰੇਸ਼ਨ ਮਾਹਰਾਂ ਦੇ ਅਨੁਸਾਰ, ਇਸ ਤਰ੍ਹਾਂ ਦੇ ਨਵੇਂ ਨਿਯਮ ਕੈਨੇਡਾ ਵਿੱਚ ਆਉਣ ਵਾਲੇ ਬਹੁਤ ਸਾਰੇ ਵਿਦਿਆਰਥੀਆਂ ਦੇ ਭਵਿੱਖ ਨੂੰ ਪ੍ਰਭਾਵਿਤ ਕਰ ਸਕਦੇ ਹਨ। ਪਹਿਲਾਂ, ਪੋਸਟ ਗਰੈਜੂਏਟ ਵਰਕ ਪਰਮਿਟ ਹਰੇਕ ਕੋਰਸ ਕਰਨ ਵਾਲੇ ਵਿਦਿਆਰਥੀਆਂ ਨੂੰ ਮਿਲ ਜਾਂਦਾ ਸੀ, ਪਰ ਹੁਣ ਕੇਵਲ ਕੁਝ ਕੋਰਸਾਂ ਦੇ ਤਹਿਤ ਹੀ ਮਿਲੇਗਾ। ਮਾਹਰਾਂ ਦੀ ਸਲਾਹ ਹੈ ਕਿ ਵਿਦਿਆਰਥੀ ਕੋਰਸ ਦੀ ਚੋਣ ਸਮੇਂ ਧਿਆਨ ਨਾਲ ਫੈਸਲਾ ਕਰਨ।

ਵਿਦੇਸ਼ਾਂ ਤੋਂ ਕੈਨੇਡਾ ਵਿੱਚ ਪੜ੍ਹਨ ਆਉਣ ਵਾਲੇ ਕਈ ਵਿਦਿਆਰਥੀ ਨਵੇਂ ਨਿਯਮਾਂ ਤੋਂ ਚਿੰਤਿਤ ਹਨ। ਬਹੁਤ ਸਾਰੇ ਵਿਦਿਆਰਥੀ ਨਵੇਂ ਨਿਯਮਾਂ ਦੀ ਸਖ਼ਤੀ ਤੋਂ ਪਰੇਸ਼ਾਨ ਹਨ। ਉਹ ਕਹਿੰਦੇ ਹਨ ਕਿ ਨਿਯਮਾਂ ਵਿੱਚ ਆ ਰਹੇ ਬਦਲਾਅ ਦੇ ਕਾਰਨ ਕਈ ਵਿਦਿਆਰਥੀ ਹੁਣ ਆਪਣੇ ਦੇਸ਼ ਵਿੱਚ ਹੀ ਅਗੇਰੀ ਪੜ੍ਹਾਈ ਦੀ ਯੋਜਨਾ ਬਣਾ ਰਹੇ ਹਨ। ਨਵੇਂ ਨਿਯਮਾਂ ਅਨੁਸਾਰ, ਪੋਸਟ ਗਰੈਜੂਏਟ ਬਾਕੀ ਸਫ਼ਾ 2 'ਤੇ

## ਵਿਸ਼ਵ ਮਾਨਸਿਕ ਸਿਹਤ ਦਿਵਸ - 10 ਅਕਤੂਬਰ

ਅੱਜ ਦੇ ਬਦਲਦੇ ਯੁੱਗ ਵਿੱਚ, ਵਿਗੜਦੀ ਹੋਈ ਜੀਵਨ ਸ਼ੈਲੀ ਨੇ ਲੋਕਾਂ ਦੀ ਸਿਹਤ 'ਤੇ ਬੁਰਾ ਪ੍ਰਭਾਵ ਪਾਇਆ ਹੈ। ਸਰੀਰਕ ਕਸਰਤ ਦੀ ਘਾਟ ਕਾਰਨ ਲੋਕਾਂ ਵਿੱਚ ਤਣਾਅ ਦਾ ਪੱਧਰ ਵੱਧ ਰਿਹਾ ਹੈ। ਸਾਨੂੰ ਹਰ ਰੋਜ਼ ਬਦਲਦੀਆਂ ਤਕਨੀਕਾਂ ਨਾਲ ਤਾਲਮੇਲ ਰੱਖਣ ਲਈ ਬਹੁਤ ਸਖ਼ਤ ਮਿਹਨਤ ਕਰਨੀ ਪੈਂਦੀ, ਜੋ ਸਰੀਰ ਦੇ ਨਾਲ-ਨਾਲ ਦਿਮਾਗ ਨੂੰ ਵੀ ਥਕਾ ਦਿੰਦੀ ਹੈ। ਦਿਨ ਭਰ ਦੇ ਰੁਝੇਵਿਆਂ ਅਤੇ ਤਣਾਅ ਕਾਰਨ ਵਿਅਕਤੀ ਕਈ ਤਰ੍ਹਾਂ ਦੀਆਂ ਸਰੀਰਕ ਅਤੇ ਖਾਸ ਕਰਕੇ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਕਈ ਵਾਰ ਕੰਮ ਦਾ ਤਣਾਅ ਜਾਂ ਕੋਈ ਹੋਰ ਸਮੱਸਿਆ ਇੰਨੀ ਵੱਧ ਜਾਂਦੀ ਹੈ ਕਿ ਵਿਅਕਤੀ ਨੂੰ ਦਵਾਈਆਂ ਦਾ ਸਹਾਰਾ ਲੈਣਾ ਪੈਂਦਾ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਤੁਸੀਂ ਯੋਗਾ ਦਾ ਸਹਾਰਾ ਲੈ ਸਕਦੇ ਹੋ, ਜੋ ਨਾ ਸਿਰਫ ਕੁਦਰਤੀ ਤਰੀਕੇ ਨਾਲ ਮਾਨਸਿਕ ਤਣਾਅ ਤੋਂ ਛੁਟਕਾਰਾ ਪਾਉਣ ਵਿੱਚ ਤੁਹਾਡੀ ਮਦਦ ਕਰੇਗਾ, ਸਗੋਂ ਸਿਹਤ ਲਈ ਵੀ ਕਈ ਤਰ੍ਹਾਂ ਨਾਲ ਫਾਇਦੇਮੰਦ ਸਾਬਤ ਹੁੰਦਾ ਹੈ।




ਅੱਜ ਸਾਨੂੰ ਅਜਿਹੇ ਕਈ ਮਾਮਲੇ ਸੁਣਨ ਜਾਂ ਦੇਖਣ 'ਚ ਮਿਲਦੇ ਹਨ ਕਿ ਲੋਕ ਮਾਨਸਿਕ ਸਿਹਤ 'ਚ ਵਿਗਾੜ ਤੇ ਡਿਪਰੈਸ਼ਨ ਕਾਰਨ ਖੁਦਕੁਸ਼ੀ ਦਾ ਰਸਤਾ ਚੁਣ ਰਹੇ ਹਨ। ਦੁਨੀਆ ਭਰ ਦੇ ਦੇਸ਼ਾਂ 'ਚ ਮਨੋਰੋਗੀਆਂ ਦੀ ਗਿਣਤੀ ਦਿਨੋਂ-ਦਿਨ ਵਧਦੀ ਜਾ ਰਹੀ ਹੈ ਬਾਕੀ ਸਫ਼ਾ 10 'ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST. (PAYAL BUSINESS CENTRE) SURREY

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW 604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

JAS ARORA NOTARY CORPORATION
ਅਸੀਂ ਲਾਈਫ ਸਰਟੀਫਿਕੇਟ ਦੀਆਂ ਸੇਵਾਵਾਂ ਮੁਫ਼ਤ ਦਿੰਦੇ ਹਾਂ।
OUR SERVICES
- Affidavits
- Invitation Letters
- Sale/ Purchase / Mortgage
- Travels Consent Letters
- Statutory Declarations
- Power of Attorney
- Sponsorship Letters
Jaswant K. Arora
Notary Public, MA (ALS), MA (Eng.Punjabi)
778-386-9189
#109A-12888 80 Avenue Surrey BC
Email : jas@jasaroranotary.com | Website : jasaroranotary.com

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
Gagan Chahal R.D.
Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, MANPREET : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

Space Available for Advertisement
Call 604-338-7310

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# ਭਾਈ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ ਦੀ ਸੁਣਵਾਈ 5ਵੀਂ ਵਾਰ ਫਿਰ ਮੁਲਤਵੀ



ਸਰੀ : ਸਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ 'ਚ ਚਾਰ ਮੁਲਜ਼ਮ ਹਿਰਾਸਤ ਵਿੱਚ ਲਏ ਗਏ ਹਨ ਪਰ ਉਨ੍ਹਾਂ ਦੀ ਸੁਣਾਈ ਇੱਕ ਵਾਰ ਫਿਰ ਅਦਾਲਤ ਵਲੋਂ ਅਗੇ ਪਾ ਦਿੱਤੀ ਗਈ ਹੈ। ਸਰੀ ਦੇ ਸੁਬਾਈ ਕੋਰਟ ਦੀ ਜੱਜ ਜੋਡੀ ਹੈਰਿਸ ਨੇ 1 ਅਕਤੂਬਰ ਨੂੰ ਮਾਮਲੇ ਸੁਣਵਾਈ ਕਰਨੀ ਸੀ ਪਰ ਹੁਣ ਇਸ ਨੂੰ 21 ਨਵੰਬਰ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। ਇਹ 15 ਮਈ ਤੋਂ ਬਾਅਦ ਪੰਜਵੀਂ ਵਾਰੀ ਹੈ ਜਦੋਂ ਇਸ ਮਾਮਲੇ ਦੀ ਸੁਣਵਾਈ ਨੂੰ ਟਾਲਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਭਾਈ ਨਿੱਝਰ ਦਾ 18 ਜੂਨ, 2023 ਨੂੰ ਨਿਊਟਨ ਵਿੱਚ ਸਕਾਟ ਰੋਡ ਦੇ 7000-ਬਲਾਕ ਵਿੱਚ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰੇ ਦੀ ਪਾਰਕਿੰਗ ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ।

ਇਸ ਮਾਮਲੇ ਵਿੱਚ ਪੁਲਿਸ ਵਲੋਂ ਮੁਲਜ਼ਮ ਅਮਨਦੀਪ ਸਿੰਘ (22), ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਅਤੇ ਕਰਨਪ੍ਰੀਤ ਸਿੰਘ (28) 'ਤੇ ਫਸਟ ਡਿਗਰੀ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਆਇਦ ਕੀਤੇ ਗਏ ਹਨ। 7 ਅਗਸਤ ਨੂੰ ਕ੍ਰਾਊਨ ਪ੍ਰੋਸੀਕਿਊਟਰ ਲੁਈਸ ਕੇਨਵਰਥੀ ਦੇ ਨਾਲ, ਟੀਮਜ਼ 'ਤੇ ਵੀਡੀਓ ਰਾਹੀਂ ਚਾਰ ਬਚਾਅ ਵਕੀਲ ਪੇਸ਼ ਹੋਏ ਅਤੇ ਉਨ੍ਹਾਂ ਸੁਣਵਾਈ ਮੁਲਤਵੀ ਕਰਨ ਦੀ ਬੇਨਤੀ ਕੀਤੀ ਸੀ। ਉਨ੍ਹਾਂ ਨੇ ਜੱਜ ਮਾਰਕ ਜੇਟੀ ਨੂੰ ਦੱਸਿਆ, "ਕਰਾਊਨ ਇਸ ਮਾਮਲੇ ਵਿੱਚ ਬਚਾਅ ਪੱਖ ਨੂੰ ਖੁਲਾਸਾ ਕਰਨ ਲਈ ਪੂਰੀ ਲਗਨ ਨਾਲ ਕੰਮ ਕਰ ਰਿਹਾ ਹੈ," ਪਰ ਮੈਂ ਆਪਣੇ ਦੋਸਤਾਂ ਨੂੰ ਸਲਾਹ ਦਿੱਤੀ ਹੈ ਕਿ ਇਸ ਮਾਮਲੇ ਵਿੱਚ ਠੋਸ ਖੁਲਾਸਾ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿੱਚ ਕੁਝ ਮਹੀਨੇ ਹੋਰ ਲੱਗਣਗੇ। ਬੀ.ਸੀ. ਗੁਰਦੁਆਰਾ ਕੌਂਸਲ ਦੇ ਬੁਲਾਰੇ ਮੋਨਿੰਦਰ ਸਿੰਘ ਨੇ ਕਿਹਾ ਕਿ ਕੈਨੇਡੀਆਂ ਨੂੰ "ਬਾਹਰੀ ਦਖਲਅੰਦਾਜ਼ੀ" ਬਾਰੇ "ਚਿੰਤਿਤ" ਹੋਣਾ ਚਾਹੀਦਾ ਹੈ। "ਇਹ ਮਾਮਲਾ ਵਿਦੇਸ਼ੀ ਦਖਲਅੰਦਾਜ਼ੀ ਦੇ ਪੱਧਰ 'ਤੇ ਹੋ ਸਕਦੀ ਹਿੰਸਾ ਦੀ ਪ੍ਰਤੀਕ ਹੈ।" ਕੈਨੇਡੀਆਂ ਨੂੰ ਇਸ ਗੱਲ ਦੀ ਚਿੰਤਾ ਹੋਣੀ ਚਾਹੀਦੀ ਹੈ ਕਿ ਕੀ ਉਹ ਆਪਣੀਆਂ ਲੋਕਤੰਤਰਿਕ ਪ੍ਰਕਿਰਿਆਵਾਂ, ਸੰਸਥਾਵਾਂ, ਚੋਣਾਂ ਅਤੇ ਆਗੂਆਂ 'ਤੇ ਨਿਯੰਤਰਣ ਰੱਖਦੇ ਹਨ ਜਾਂ ਕੋਈ ਵੀ ਵਿਦੇਸ਼ੀ ਦੇਸ਼ ਸਾਡੇ ਨਿੱਜੀ ਹਿੱਤਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਇਸ ਦਾ ਜ਼ਿੰਮੇਵਾਰ ਕੌਣ ਹੋਵੇਗਾ। ਉਨ੍ਹਾਂ ਕਿਹਾ ਕਿ ਮਾਮਲੇ ਦੀ ਸੁਣਵਾਈ ਸ਼ੁਰੂ ਹੋਣ ਵਿੱਚ ਬਹੁਤ ਦੇਰੀ ਕੀਤੀ ਜਾ ਰਹੀ ਹੈ ਜੋ ਕਿ ਬੇਹੱਦ ਨਿਰਾਸ਼ਾਜਨਕ ਹੈ। ਉਨ੍ਹਾਂ ਕਿਹਾ ਕਿ ਵਾਰ ਵਾਰ ਹੋ ਰਹੀ ਸੁਣਵਾਈ ਦੀ ਮੁਲਤਵੀ ਪਰਿਵਾਰ ਲਈ, ਸਮਾਜ ਵਿੱਚ ਦੂਜਿਆਂ ਲਈ ਬੇਹੱਦ ਚਿੰਤਾਜਨਕ ਹੈ। ਜ਼ਿਕਰਯੋਗ ਹੈ ਕਿ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਸਬੰਧੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਸਰਕਾਰ ਦਾ ਹੱਥ ਹੋਣ ਦੇ ਦੋਸ਼ ਲਗਾਏ ਸਨ ਜਿਸ ਤੋਂ ਬਾਅਦ ਦੋਵੇਂ ਮੁਲਕਾਂ ਦੇ ਸਬੰਧਾਂ ਵਿੱਚ ਵੀ ਕਾਫੀ ਤਣਾਅ ਬਣ ਗਿਆ ਸੀ।

ਸਫ਼ਾ 1 ਦਾ ਬਾਕੀ

## ਨਵੇਂ ਸਟੱਡੀ ਵੀਜ਼ਾ ਤੇ ਵਰਕ...

ਵਰਕ ਪਰਮਿਟ ਲਈ ਅਰਜ਼ੀ ਦੇਣ ਸਮੇਂ ਵਿਦਿਆਰਥੀਆਂ ਨੂੰ ਮੁੜ ਅੰਗ੍ਰੇਜ਼ੀ ਜਾਂ ਫਰੈਂਚ ਭਾਸ਼ਾ ਦੀ ਯੋਗਤਾ ਦਾ ਸਬੂਤ ਦੇਣਾ ਪਵੇਗਾ। ਯੋਗਤਾ ਦੀ ਇਹ ਮੰਗ ਪਹਿਲਾਂ ਵੀ ਸਟੱਡੀ ਵੀਜ਼ਾ ਲੈਣ ਸਮੇਂ ਹੁੰਦੀ ਸੀ, ਪਰ ਹੁਣ ਪੋਸਟ ਗਰੈਜੂਏਟ ਵਰਕ ਪਰਮਿਟ ਲਈ ਵੀ ਇਸਦੀ ਲੋੜ ਹੋਵੇਗੀ। ਵਿਦਿਆਰਥੀ ਜਿਹੜੇ ਬੈਚਲਰ, ਮਾਸਟਰ ਡਿਗਰੀ ਜਾਂ ਪੀਐਚਡੀ ਪ੍ਰੋਗਰਾਮ ਕਰ ਰਹੇ ਹਨ, ਉਨ੍ਹਾਂ ਨੂੰ ਸੀਐਲਬੀ ਲੈਵਲ 7 ਦੀ ਯੋਗਤਾ ਅਤੇ ਡਿਪਲੋਮਾ ਕਰਨ ਵਾਲੇ ਵਿਦਿਆਰਥੀਆਂ ਨੂੰ ਸੀਐਲਬੀ ਲੈਵਲ 5 ਦੀ ਜ਼ਰੂਰਤ ਪਵੇਗੀ।

ਮੌਜੂਦਾ ਨਿਯਮਾਂ ਅਨੁਸਾਰ, ਕੈਨੇਡਾ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਪੋਸਟ ਗਰੈਜੂਏਟ ਵਰਕ ਪਰਮਿਟ ਮਿਲਦਾ ਹੈ।

ਇਸਦੀ ਮਿਆਦ ਵਿਦਿਆਰਥੀ ਦੇ ਕੋਰਸ 'ਤੇ ਨਿਰਭਰ ਕਰਦੀ ਹੈ। ਜੇਕਰ ਵਿਦਿਆਰਥੀ 8 ਮਹੀਨੇ ਤੋਂ ਵਧ ਪਰ 2 ਸਾਲ ਤੋਂ ਘੱਟ ਸਮੇਂ ਦਾ ਕੋਰਸ ਕਰਦੇ ਹਨ, ਤਾਂ ਉਹਨਾਂ ਨੂੰ ਉੱਤਨੀ ਹੀ ਮਿਆਦ ਦਾ ਵਰਕ ਪਰਮਿਟ ਮਿਲਦਾ ਹੈ। ਜੇ ਕੋਈ ਵਿਦਿਆਰਥੀ 2 ਸਾਲ ਜਾਂ ਇਸ ਤੋਂ ਵਧੇਰੇ ਸਮੇਂ ਦਾ ਕੋਰਸ ਕਰਦਾ ਹੈ, ਤਾਂ ਉਸ ਨੂੰ 3 ਸਾਲ ਦਾ ਪੋਸਟ ਗਰੈਜੂਏਟ ਵਰਕ ਪਰਮਿਟ ਮਿਲ ਸਕਦਾ ਹੈ।

ਇਮੀਗ੍ਰੇਸ਼ਨ ਮਾਹਰ ਵਿਦਿਆਰਥੀਆਂ ਨੂੰ ਸਟੱਡੀ ਵੀਜ਼ਾ ਦੀ ਬਜਾਏ ਸਿੱਧਾ ਕੈਨੇਡਾ ਦੀ ਪੀ.ਆਰ. ਲਈ ਅਰਜ਼ੀ ਦੇਣ ਦੀ ਸਲਾਹ ਦੇ ਰਹੇ ਹਨ। ਉਹ ਕਹਿੰਦੇ ਹਨ ਕਿ ਕੈਨੇਡਾ ਵਿੱਚ ਬਹੁਤ ਸਾਰੇ ਪ੍ਰੋਗਰਾਮ ਹਨ ਜੋ ਸਿੱਧਾ ਹੀ ਪੀ.ਆਰ. ਹਾਸਲ ਕਰਨ ਦੇ ਮੌਕੇ ਦਿੰਦੇ ਹਨ। ਇਸ ਨਾਲ ਵਿਦਿਆਰਥੀ ਅਜਿਹੀ ਦੌੜ-ਭੱਜ ਤੋਂ ਬਚ ਸਕਦੇ ਹਨ, ਜਿਥੇ ਉਹਨਾਂ ਨੂੰ ਪਹਿਲਾਂ ਪੜ੍ਹਾਈ, ਫਿਰ ਵਰਕ ਪਰਮਿਟ ਅਤੇ ਤਜਰਬਾ ਹਾਸਿਲ ਕਰਨਾ ਪੈਂਦਾ ਹੈ।

ਕੈਨੇਡਾ ਸਰਕਾਰ ਨੇ ਉਹਨਾਂ ਵਿਦਿਆਰਥੀਆਂ ਲਈ, ਜੋ ਫਰੈਂਚ ਭਾਸ਼ਾ ਵਿੱਚ ਮੁਹਾਰਤ ਰੱਖਦੇ ਹਨ, ਫ੍ਰੈਂਕੋਫੋਨ ਮਾਈਨੋਰਿਟੀ ਕਮਿਊਨਿਟੀਜ਼ ਸਟੂਡੈਂਟ ਪਾਇਲਟ ਪ੍ਰੋਗਰਾਮ ਦਾ ਵੀ ਐਲਾਨ ਕੀਤਾ ਹੈ। ਇਸ ਰਾਹੀਂ, ਉਹ ਵਿਦਿਆਰਥੀ ਜੋ ਫਰੈਂਚ ਭਾਸ਼ਾ ਵਿੱਚ ਪੜ੍ਹਾਈ ਕਰਦੇ ਹਨ, ਉਹਨਾਂ ਨੂੰ ਖਾਸ ਤਰਜੀਹ ਦਿੱਤੀ ਜਾਵੇਗੀ।

ਇਨ੍ਹਾਂ ਨਵੇਂ ਨਿਯਮਾਂ ਦਾ ਵਿਦਿਆਰਥੀਆਂ ਅਤੇ ਇਮੀਗ੍ਰੇਸ਼ਨ 'ਤੇ ਗਹਿਰਾ ਅਸਰ ਪੈਣ ਦੀ ਸੰਭਾਵਨਾ ਹੈ।

# ਈ-ਸਕੇਟਬੋਰਡ ਦੀ ਇੰਸ਼ੋਰੈਂਸ ਨਾ ਹੋਣ ਕਰਕੇ ਵਿਅਕਤੀ ਨੂੰ ਕੀਤੀ $600 ਦੀ ਟਿਕਟ ਜਾਰੀ

### ਈ-ਸਕੇਟਬੋਰਡਾਂ ਲਈ ਕੋਈ ਇਨਸ਼ੁਰੈਂਸ ਉਪਲਬਧ ਹੀ ਨਹੀਂ : ਪੀੜ੍ਹਤ



ਸਰੀ, (ਸਿਮਰਨਜੀਤ ਸਿੰਘ): ਕੋਕੁਆਲਟਮ ਦੇ ਰਹਿਣ ਵਾਲੇ ਇੱਕ ਵਿਅਕਤੀ ਨੂੰ ਆਪਣੀ ਈ-ਸਕੇਟਬੋਰਡ ਦੀ ਇੰਸ਼ੋਰੈਂਸ ਨਾ ਹੋਣ ਕਰਕੇ $600 ਦੀ ਟਿਕਟ ਜਾਰੀ ਕੀਤੀ ਗਈ ਹੈ। ਵਿਅਕਤੀ ਜਿਸ ਦਾ ਨਾਮ ਸਵੀਨੋ ਦੱਸਿਆ ਜਾ ਰਿਹਾ ਹੈ ਨੇ ਕਿਹਾ ਕਿ ਉਸ ਕੋਲ ਪਹਿਲਾਂ ਦੋ ਈ-ਸਕੇਟਬੋਰਡ ਸਨ ਅਤੇ ਬਾਅਦ ਵਿੱਚ ਉਸ ਨੇ ਇੱਕ ਹੋਰ ਖਰੀਦਿਆਂ ਕਿਉਂਕਿ ਉਸ ਨੂੰ ਇਨਾਂ ਨਾਲ ਸਫ਼ਰ ਕਰਨਾ ਅਤੇ ਇਨ੍ਹਾਂ ਨੂੰ ਸੰਭਾਲਣਾ ਬਹੁਤ ਆਸਾਨ ਲੱਗਦਾ ਹੈ। ਇਸ ਨਾਲ ਸਫ਼ਰ ਕਰਨ 'ਤੇ ਉਸ ਨੂੰ ਟ੍ਰੈਫਿਕ ਵਰਗੀਆਂ ਸਮੱਸਿਆਵਾਂ 'ਚ ਵੀ ਸਮਾਂ ਬਰਬਾਦ ਕਰਨ ਤੋਂ ਨਜ਼ਾਤ ਮਿਲੀ। ਸਵੀਨੋ ਨੇ ਦੱਸਿਆ ਕਿ ਪਿਛਲੇ ਹਫ਼ਤੇ ਉਹ ਵੈਨਕੂਵਰ ਵਿੱਚ ਸੀ ਜਦੋਂ ਪੁਲਿਸ ਅਫ਼ਸਰ ਨੇ ਉਸ ਨੂੰ ਰੋਕ ਲਿਆ। ਅਫਸਰ ਨੇ ਕਿਹਾ, "'ਲਾਇਸੰਸ ਅਤੇ ਇਨਸ਼ੁਰੈਂਸ ਦਿਖਾਓ,'" ਸਵੀਨੋ ਨੂੰ ਲਗਾ ਕਿ ਇਹ ਮਜ਼ਾਕ ਸੀ। ਹਾਲਾਂਕਿ, ਸਵੀਨੋ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਡਾਕਟਰ ਨੇ ਇਹ ਦੱਸਣ ਵਾਲੀ ਇੱਕ ਚਿੱਠੀ ਲਿਖੀ ਸੀ ਕਿ ਇਹ ਸਕੇਟਬੋਰਡ ਉਨ੍ਹਾਂ ਲਈ ਮੋਬਿਲਟੀ ਅਤੇ ਸਹਾਇਤਾ ਯੰਤਰ ਹੈ, ਫਿਰ ਵੀ ਪੁਲਿਸ ਨੇ ਉਨ੍ਹਾਂ ਨੂੰ ਮੋਟਰ ਵਹੀਕਲ ਐਕਟ ਦੇ ਸੈਕਸ਼ਨ 24 (3) (ਬ) ਦੇ ਉਲੰਘਣਾ ਲਈ ਟਿਕਟ ਜਾਰੀ ਕੀਤੀ। ਸਵੀਨੋ ਨੇ ਦੱਸਿਆ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਮੋਟਰਾਈਜ਼ਡ ਸਕੇਟਬੋਰਡਾਂ ਲਈ ਫਿਲਹਾਲ ਕੋਈ ਇਨਸ਼ੁਰੈਂਸ ਉਪਲਬਧ ਹੀ ਨਹੀਂ ਹੈ, ਉਸ ਨੇ ਕਿਹਾ ਜੇ ਇਨਸ਼ੁਰੈਂਸ ਦੀ ਸਹੂਲਤ ਉਪਲਬਧ ਹੁੰਦੀ ਤਾਂ ਉਹ ਇਸਦਾ ਭੁਗਤਾਨ ਕਰਦਾ, ਪਰ ਹੁਣ ਇਸ ਦਾ ਕੋਈ ਸਿਸਟਮ ਨਹੀਂ ਹੈ। ਅਜਿਹੇ 'ਚ ਉਸ ਨੂੰ ਟਿਕਟ ਕਿਵੇਂ ਜਾਰੀ ਕੀਤੀ ਗਈ। ICBC ਦੇ ਮੁਤਾਬਕ, ਮੋਟਰ ਵਹੀਕਲ ਐਕਟ ਵਿੱਚ ਮੋਟਰਾਈਜ਼ਡ ਸਕੇਟਬੋਰਡਾਂ ਨੂੰ ਮੋਟਰ ਵਹੀਕਲ ਮੰਨਿਆ ਜਾਂਦਾ ਹੈ ਪਰ ਇਹ ਸੜਕ 'ਤੇ ਵਰਤੋਂ ਲਈ ਸੁਰੱਖਿਆ ਮਿਆਰੀਆਂ ਨੂੰ ਪੂਰਾ ਨਹੀਂ ਕਰਦੇ।

Bradley Spence, eevee's ਦੇ ਕੋ-ਫਾਉਂਡਰ ਅਤੇ ਸੀਈਓ, ਕਹਿੰਦੇ ਹਨ ਕਿ "ਤਕਨੀਕ ਕਾਨੂੰਨ ਨਾਲੋਂ ਤੇਜ਼ੀ ਨਾਲ ਵੱਧ ਰਹੀ ਹੈ। ਸਰਕਾਰ ਬਹੁਤ ਹੌਲੀ ਹੈ। ਉਹ ਅਸਾਨੀ ਨਾਲ ਇਲੈਕਟ੍ਰਿਕ ਸਕੂਟਰ ਪਾਇਲਟ ਪ੍ਰੋਗਰਾਮ ਵਿੱਚ ਇਲੈਕਟ੍ਰਿਕ ਯੂਨੀਸਾਈਕਲ ਅਤੇ ਸਕੇਟਬੋਰਡ ਸ਼ਾਮਲ ਕਰ ਸਕਦੇ ਹਨ, ਪਰ ਉਨ੍ਹਾਂ ਨੇ ਐਸਾ ਨਹੀਂ ਕੀਤਾ।" ਇਸ ਸਮੇਂ, ਮੋਟਰਾਈਜ਼ਡ ਸਕੇਟਬੋਰਡਾਂ ਦੀ ਵਰਤੋਂ ਸਿਰਫ਼ ਨਿੱਜੀ ਸੰਪਤੀ ਅਤੇ ਕੁਝ ਰਾਹਾਂ ਤੇ ਮੁਮਕਿਨ ਹੈ। ਸਵੀਨੋ ਕਹਿੰਦੇ ਹਨ, "ਇੱਕ ਪਾਸੇ ਸਰਕਾਰਾਂ ਟਰਾਂਸਪੋਰਟੇਸ਼ਨ ਨੂੰ ਸਸਤਾ ਅਤੇ ਸਹੂਲਤਮੰਦ ਬਣਾਉਣਾ ਲਈ ਲੋਕਾਂ ਨੂੰ ਇਲੈਕਟ੍ਰੀਕ ਵਹੀਕਲਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰ ਰਹੀਆਂ ਹਨ ਅਤੇ ਦੂਜੇ ਪਾਸੇ ਅਜਿਹੀਆਂ ਘਟਨਾਵਾਂ ਸਾਨੂੰ ਪ੍ਰੇਸ਼ਾਨ ਕਰਦੀਆਂ ਹਨ, ਸਰਕਾਰ ਨੂੰ ਇਸ ਮਾਮਲੇ ਦਾ ਦੁਬਾਰਾ ਸਮੀਖਿਆ ਕਰਨ ਦੀ ਲੋੜ ਹੈ।"

JOB AND FAIR
owned by L.S Fair Enterprise

We Provide a reliable and Flexible Workforce,
Ready to meet your labor needs anywhere, Ensuring efficient and timely support across various Locations.

» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning

JASVINDER SINGH
CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

# ਬ੍ਰਿਟਿਸ਼ ਕੋਲੰਬੀਆ ਚੋਣਾਂ ਵਿਚ ਸਿਹਤ ਸੇਵਾਵਾਂ ਬਣੀਆਂ ਮੁੱਖ ਮੁੱਦਾ

ਸਰੀ, (ਪਰਮਜੀਤ ਸਿੰਘ) ਬ੍ਰਿਟਿਸ਼ ਕੋਲੰਬੀਆ ਜਿੱਥੇ ਕੈਨੇਡਾ ਦੀਆਂ ਮੈਡੀਕਲ ਸੇਵਾਵਾਂ ਵਿੱਚ ਵਧ ਰਹੀ ਮੰਗ ਦੇ ਵਿਚਕਾਰ ਸਿਹਤ ਸੰਬੰਧੀ ਵਡੀਆਂ ਚੁਣੌਤੀਆਂ ਹਨ ਉਥੇ ਸਿਰਫ਼ ਇੱਕ ਮੈਡੀਕਲ ਸਕੂਲ ਹੈ। ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਸੂਬੇ ਦਾ ਇਕੱਲਾ ਮੈਡੀਕਲ ਸਕੂਲ ਹੈ, ਜਿਸ ਦੀਆਂ ਬੀ.ਸੀ. ਦੇ ਵੱਖ ਵੱਖ ਸ਼ਹਿਰਾਂ (ਵੈਨਕੂਵਰ , ਵਿਕਟੋਰੀਆ, ਕਿਲੋਨਾ ) ਵਿੱਚ ਸ਼ਖਾਵਾਂ ਹਨ। ਜਿਨ੍ਹਾਂ ਵਿੱਚ ਡਾਕਟਰੀ ਲਈ ਸਿਰਫ਼ 288 ਸੀਟਾਂ ਹੀ ਹਨ।

ਜਦਕਿ ਬੀ.ਸੀ. ਨਾਲੋਂ ਬਹੁਤ ਘੱਟ ਅਬਾਦੀ ਵਾਲੇ ਗੁਆਂਢੀ ਸੂਬੇ ਅਲਬਰਟਾ ਵਿੱਚ ਵੀ ਦੋ ਮੈਡੀਕਲ ਸਕੂਲ ਹਨ – ਯੂਨੀਵਰਸਿਟੀ ਆਫ਼ ਅਲਬਰਟਾ ਅਤੇ ਯੂਨੀਵਰਸਿਟੀ ਆਫ਼ ਕੈਲਗਰੀ ਜਿਥੇ ਹਰ ਸਾਲ ਡਾਕਟਰੀ ਲਈ 319 ਸੀਟਾਂ ਉਪਲੱਬਧ ਹਨ। ਇਹ ਅੰਤਰ ਕਈ ਵੱਡੇ ਸਵਾਲ ਖੜ੍ਹੇ ਕਰਦਾ ਹੈ ਕਿ ਬੀ.ਸੀ. ਆਪਣੀ ਤੇਜ਼ੀ ਨਾਲ ਵਧ ਰਹੀ ਅਬਾਦੀ ਅਤੇ ਸਿਹਤ ਸੇਵਾਵਾਂ ਦੀਆਂ ਲੋੜਾਂ ਨੂੰ ਪੂਰਾ ਆਖਰਕਰ ਕਰੇਗਾ ਕਿਵੇਂ ? ਬ੍ਰਿਟਿਸ਼ ਕੋਲੰਬੀਆ ਵਿੱਚ ਸਿਹਤ ਸੇਵਾਵਾਂ ਵਿੱਚ ਡਾਕਟਰਾਂ ਦੀ ਘਾਟ ਤੇਜ਼ੀ ਪਿਛਲੇ ਕਈ ਸਾਲਾਂ ਤੋਂ ਵੱਡਾ ਮੁੱਦਾ ਬਣ ਗਈ ਹੈ ਅਤੇ ਇਸ ਦੇ ਹਲ ਕਈ ਕਈ ਯੋਜਨਾਵਾਂ ਉਲੀਕੀਆਂ ਵੀ ਜਾਂਦੀਆਂ ਹਨ ਪਰ ਉਹ ਸਿਰਫ਼ ਕਾਗਜ਼ਾਂ ਤੱਕ ਹੀ ਸੀਮਤ ਹੋ ਕਿ ਰਹਿ ਜਾਂਦੀਆਂ ਹਨ। ਇਸ ਵੇਲੇ ਐਮਰਜੈਂਸੀ ਵਿਭਾਗ ਮਰੀਜ਼ਾਂ ਨੂੰ ਔਸਤਨ 7 ਘੰਟੇ ਉਡੀਕ ਕਰਨੀ ਪੈਂਦੀ ਹੈ ਅਤੇ ਕਈ ਵਾਰ ਤਾਂ ਮਰੀਜ਼ਾਂ ਨੂੰ 10 ਘੰਟੇ ਤੋਂ ਵੱਧ ਉਡੀਕ ਕਰਨੀ ਪੈਂਦੀ ਹੈ ਜਿਸ ਕਾਰਨ ਐਮਰਜੈਂਸੀ ਵਿਭਾਗ ‘ਚ ਮਰੀਜ਼ ਦਰਦ ਨਾਲ ਕੁਰਲਾਉਂਦੇ ਰਹਿੰਦੇ ਹਨ।

ਸੂਬੇ ਵਿੱਚ ਪਿਛਲੇ 20 ਸਾਲਾਂ ਤੋਂ ਸਰਕਾਰਾਂ ਬਾਦਲੀਆਂ ਪਰ ਪ੍ਰਾਇਮਰੀ ਸਿਹਤ ਸੇਵਾਵਾਂ ਬਹੁਤਾ ਸੁਧਾਰ ਨਹੀਂ ਹੋਇਆ। ਪਿਛਲੀ ਲਿਬਰਲ ਸਰਕਾਰ ਨੇ 2007 ਵਿੱਚ ਹਸਪਤਾਲ ਲਈ ਜ਼ਮੀਨ ਖਰੀਦੀ ਸੀ ਪਰ ਬਾਅਦ ਵਿੱਚ ਉਸ ਨੂੰ ਬਿਲਡਰਾਂ ਨੂੰ ਵੇਚ ਦਿੱਤਾ ਗਿਆ ਅਤੇ ਉਥੇ ਹਸਪਤਾਲ ਦੀ ਥਾਂ ਟਾਊਨ ਹਾਊਸ ਬਣਾ ਦਿੱਤੇ ਗਏ ਜਿਸ ਕਾਰਨ ਸਰੀ ‘ਚ ਸਿਹਤ ਸੇਵਾਵਾਂ ਦਾ ਹੋਰ ਜ਼ਿਆਦਾ ਬੁਰਾ ਹਾਲ ਹੋ ਗਿਆ ਹੈ। ਹੁਣ ਪਿਛਲੇ 7 ਸਾਲ ਤੋਂ ਰਾਜ ਕਰ ਰਹੀ




ਐਨ.ਡੀ.ਪੀ. ਸਰਕਾਰ ਨੇ ਸਰੀ ਕਰੋਵਡੇਲ ‘ਚ ਹਸਪਤਾਲ ਲਈ ਜ਼ਮੀਨ ਲਈ ਹੈ ਅਤੇ 2027 ਤੱਕ ਹਸਪਤਾਲ ਸ਼ੁਰੂ ਹੋਣ ਦੀ ਉਮੀਦ ਜਤਾਈ ਹੈ ਪਰ ਉਹ ਵੀ ਤੇਜ਼ੀ ਨਾਲ ਵੱਧ ਰਹੀ ਅਬਾਦੀ ਨਾਲ ਮੇਲ ਨਹੀਂ ਖਾਂਦਾ ਲੱਗ ਰਿਹਾ।

ਸੂਬੇ ਵਿੱਚ ਅਜੇ ਵੀ ਡਾਕਟਰਾਂ ਦੀ ਭਾਰੀ ਘਾਟ ਹੈ। ਬਹੁਤ ਸਾਰੇ ਲੋਕਾਂ ਨੂੰ ਆਪਣਾ ਪਰਿਵਾਰਕ ਡਾਕਟਰ ਨਹੀਂ ਮਿਲ ਰਿਹਾ, ਜਿਸ ਕਰਕੇ ਸਿਹਤ ਸੇਵਾਵਾਂ ਦੇ ਸਿਸਟਮ 'ਤੇ ਬੋਝ ਵਧ ਰਿਹਾ ਹੈ। ਇੱਕ ਅੰਦਾਜ਼ੇ ਮੁਤਾਬਕ, ਬੀ.ਸੀ. ਵਿੱਚ 1 ਲੱਖ ਤੋਂ ਵੱਧ ਲੋਕਾਂ ਕੋਲ ਪਰਿਵਾਰਕ ਡਾਕਟਰ ਨਹੀਂ ਹੈ। ਇਸ ਗੱਲ ਤੋਂ ਸੂਬੇ ਦੀ ਸਿਹਤ ਵਿਵਸਥਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਬ੍ਰਿਟਿਸ਼ ਕੋਲੰਬੀਆ ਵਰਗੇ ਵੱਡੇ ਸੂਬੇ ਲਈ ਸਿਰਫ ਇੱਕ ਮੈਡੀਕਲ ਸਕੂਲ (ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ) ਦਾ ਹੋਣਾ ਸਿਹਤ ਸੰਕਟ ਨੂੰ ਹੱਲ ਕਰਨ ਲਈ ਕਾਫੀ ਨਹੀਂ ਹੈ। ਹੋਰ ਸੂਬਿਆਂ, ਜਿਵੇਂ ਕਿ ਅਲਬਰਟਾ ਅਤੇ ਓਨਟਾਰਿਓ ਦੇ ਮੁਕਾਬਲੇ ਬੀ.ਸੀ. ਵਿੱਚ ਮੈਡੀਕਲ ਵਿਦਿਆਰਥੀਆਂ ਲਈ ਪੜ੍ਹਾਈ ਦੇ ਮੌਕੇ ਘੱਟ ਹਨ ਜਿਸ ਕਾਰਨ ਬਹੁਤੇ ਮੈਡੀਕਲ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀ ਹੋਰਨਾਂ ਸੂਬਿਆਂ ‘ਚ ਚਲੇ ਜਾਂਦੇ ਹਨ ਅਤੇ ਉਥੇ ਹੀ ਆਪਣੀਆਂ ਸੇਵਾਵਾਂ ਦੇਣ ਲੱਗਦੇ ਹਨ।

ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਵਿਦੇਸ਼ਾਂ ਤੋਂ ਆਏ ਡਾਕਟਰਾਂ ਦੀ ਪ੍ਰਕਿਰਿਆ ਨੂੰ ਆਸਾਨ ਬਣਾਉਣ ਦੇ ਉਪਰ ਵੀ ਧਿਆਨ ਦੇਣ ‘ਚ ਵੀ ਹੋਰਨਾਂ ਸੂਬਿਆਂ ਨਾਲੋਂ ਕਾਫੀ ਪਿੱਛੇ ਹੈ। ਕਈ ਵਿਦੇਸ਼ੀ ਡਾਕਟਰ ਸਹੂਲਤਾਂ ਦੇ ਮਿਆਰੀਕਰਨ ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਵਿੱਚ ਦਹਾਕੇ ਲੰਘਾ ਦਿੰਦੇ ਹਨ, ਜਿਸਨਾਲ ਸਿਹਤ ਸੰਬੰਧੀ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਦੇਰੀ ਹੁੰਦੀ ਹੈ।

ਸਿਹਤ ਸੰਕਟ ਨੂੰ ਹੱਲ ਕਰਨ ਲਈ ਸਿਰਫ ਡਾਕਟਰ ਹੀ ਨਹੀਂ, ਸਗੋਂ ਹੋਰ ਸਿਹਤ ਸਟਾਫ, ਜਿਵੇਂ ਕਿ ਨਰਸਾਂ ਅਤੇ ਸਪੇਸ਼ਲਿਸਟਾਂ ਦੀ ਬੀ.ਸੀ. ਸੂਬੇ ਵਿੱਚ ਵੱਡੀ ਘਾਟ ਹੈ। ਸਰਕਾਰ ਨੂੰ ਇਸ ਨੂੰ ਹੱਲ ਕਰਨ ਲਈ ਸਿਹਤ ਸਟਾਫ ਦੀਆਂ ਭਰਤੀਆਂ ਵਿੱਚ ਤੇਜ਼ੀ ਲਾਉਣੀ ਪਵੇਗੀ।

ਇਸ ਮੁੱਦੇ ਤੇ ਸਿਆਸੀ ਪੱਧਰ 'ਤੇ ਵੀ ਵਿਆਪਕ ਚਰਚਾ ਹੈ। ਸਰਕਾਰਾਂ ਨੇ ਹਾਲ ਹੀ ਵਿੱਚ ਮੈਡੀਕਲ ਸੇਵਾਵਾਂ ਨੂੰ ਸੁਧਾਰਨ ਲਈ ਵਾਅਦੇ ਕੀਤੇ ਹਨ, ਪਰ ਇਨ੍ਹਾਂ ਪ੍ਰੋਜੈਕਟਾਂ ਅਤੇ ਯੋਜਨਾਵਾਂ ਨੂੰ ਲਾਗੂ ਕਰਨ ਦੀ ਗੱਲ ਕਰੀਏ ਤਾਂ ਇਸ ਦਾ ਉਹੀ ਹਾਲ ਹੈ ਜੋ ਪਿਛਲੇ ਕਈ ਸਾਲਾਂ ਤੋਂ ਬੀ.ਸੀ. ‘ਚ ਰਹਿ ਰਹੇ ਲੋਕ ਦੇਖ ਰਹੇ ਹਨ।

ਸਿਹਤ ਵਿਭਾਗ 'ਚ ਚੁਣੌਤੀਆਂ ਨੂੰ ਹੱਲ ਕਰਨ ਲਈ ਬ੍ਰਿਟਿਸ਼ ਕੋਲੰਬੀਆ ਨੂੰ ਹੋਰ ਮੈਡੀਕਲ ਇੰਸਟੀਚਿਊਟ ਅਤੇ ਵਿਦੇਸ਼ੀ ਡਾਕਟਰਾਂ ਦੀ ਮਾਨਤਾ ਦੇ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਲੋੜ ਹੈ, ਤਾਂ ਜੋ ਸੂਬੇ ਦੀ ਸਿਹਤ ਸੇਵਾ ਵਿਭਾਗ ਨੂੰ ਮਜਬੂਤ ਕੀਤਾ ਜਾ ਸਕੇ।

# ਬੀ.ਸੀ. ਐਨ.ਡੀ.ਪੀ. ਵਲੋਂ ਸਾਇਮਨ ਫਰੇਜ਼ਰ ਯੂਨੀਵਰਸਿਟੀ ਵਿੱਚ ਪੰਜਾਬੀ ਵਿਭਾਗ ਸਥਾਪਤ ਕਰਨ ਦਾ ਵਾਅਦਾ

ਸਰੀ, (ਸਿਮਰਨਜੀਤ ਸਿੰਘ): ਬੀ.ਸੀ. ਐਨ.ਡੀ.ਪੀ. ਨੇ ਸਾਇਮਨ ਫਰੇਜ਼ਰ ਯੂਨੀਵਰਸਿਟੀ ਵਿੱਚ ਪੰਜਾਬੀ ਭਾਸ਼ਾ ਅਤੇ ਪੇਡਾਗੌਜੀ ਪ੍ਰੋਫੈਸਰ ਲਈ ਅਹੁਦਾ ਬਣਾਉਣ ਦਾ ਵਾਅਦਾ ਕੀਤਾ ਹੈ। ਇੰਡੋ-ਕੈਨੇਡੀਅਨ ਬਿਜ਼ਨਸ ਐਸੋਸੀਏਸ਼ਨ ਆਫ ਬੀ.ਸੀ. ਦੇ ਸਥਾਪਕ ਮੈਂਬਰ ਅਤੇ ਐਸ.ਐਫ.ਯੂ. ਦੇ ਪੰਜਾਬੀ ਭਾਸ਼ਾ ਪ੍ਰੋਗਰਾਮ ਦੇ ਕੋਆਰਡੀਨੇਟਰ, ਕਾਨ ਸੰਧੂ ਨੇ ਕਿਹਾ ਕਿ ਉਹ ਇਸ ਵਾਅਦੇ ਨਾਲ ਬਹੁਤ ਖ਼ੁਸ਼ ਹਨ। ਸੰਧੂ ਨੇ ਕਿਹਾ, "ਐਸ.ਐਫ.ਯੂ. ਦਾ ਪਾਠਕ੍ਰਮ ਕਾਫ਼ੀ ਵਿਭਿੰਨ ਹੈ, ਅਤੇ ਇਸ ਵਿੱਚ ਸੁਧਾਰ ਕਰਨ ਨਾਲ ਸਾਰੇ ਵਿਦਿਆਰਥੀਆਂ ਲਈ ਅਨੁਭਵ ਬਿਹਤਰ ਹੋਵੇਗਾ। ਇਹ ਫ਼ੈਸਲਾ ਵਿਦਿਆਰਥੀਆਂ ਅਤੇ ਇੰਡੋ-ਕੈਨੇਡੀਅਨ ਭਾਈਚਾਰਿਆਂ ਲਈ ਬਹੁਤ ਲੰਬੇ ਸਮੇਂ ਲਈ ਸਕਾਰਾਤਮਕ ਪ੍ਰਭਾਵ ਪਾਵੇਗਾ। ਕਾਨ ਸੰਧੂ ਨੇ ਕੁਝ ਮਹੀਨੇ ਪਹਿਲਾਂ ਬੀ.ਸੀ. ਐਨ.ਡੀ.ਪੀ. ਦੇ ਆਗੂ ਡੇਵਿਡ ਈਬੀ ਨਾਲ ਮੀਟਿੰਗ ਕੀਤੀ ਸੀ ਜਿਸ ਵਿੱਚ ਇਸ ਵਿਚਾਰ ਤੇ ਗੱਲਬਾਤ ਕੀਤੀ ਗਈ ਸੀ। ਸੰਧੂ ਨੇ ਦੱਸਿਆ ਕਿ ਐਸ.ਐਫ.ਯੂ. ਨੇ ਇੱਕ ਮਤਾ ਤਿਆਰ ਕੀਤਾ ਅਤੇ ਇਸ ਨੂੰ ਮਨਜ਼ੂਰੀ ਮਿਲ ਗਈ ਹੈ। ਉਨ੍ਹਾਂ ਕਿਹਾ, "ਮੈਂ ਬਹੁਤ ਖ਼ੁਸ਼ ਹਾਂ ਕਿ ਐਨ.ਡੀ.ਪੀ. ਨੇ ਇਸ ਨੂੰ ਆਪਣੇ ਪਲੇਟਫਾਰਮ ਦਾ ਹਿੱਸਾ ਬਣਾਇਆ ਹੈ, ਪਰ ਇਹ ਯਕੀਨੀ ਬਣਾਉਣਾ ਅਜੇ ਬਾਕੀ ਹੈ ਕਿ ਜੇ ਉਹ ਸਰਕਾਰ ਬਣਾਉਣ ਵਿੱਚ ਕਾਮਯਾਬ ਹੁੰਦੇ ਹਨ, ਤਾਂ ਇਸ ਨੂੰ ਪਹਿਲ ਦੇ ਅਧਾਰ ‘ਤੇ ਲਾਗੂ ਵੀ ਕਰਨਗੇ।" ਸੰਧੂ ਨੇ ਇਹ ਵੀ ਕਿਹਾ ਕਿ ਉਹ ਚਾਹੁੰਦੇ ਸਨ ਕਿ ਐਸ.ਐਫ.ਯੂ. ਵੱਲੋਂ ਇਹ ਮਤਾ ਥੋੜ੍ਹਾ ਪਹਿਲਾਂ ਆਇਆ ਹੁੰਦਾ ਤਾਂ ਹੋਰ ਵੀ ਚੰਗਾ ਹੋਣਾ ਸੀ। ਐਨ.ਡੀ.ਪੀ. ਨੇ ਆਪਣੇ ਬਿਆਨ ਵਿੱਚ ਕਿਹਾ ਕਿ ਪੰਜਾਬੀ ਭਾਸ਼ਾ ਅਤੇ ਪੇਡਾਗੌਜੀ ਵਿੱਚ ਪ੍ਰੋਫੈਸਰਸ਼ਿਪ ਦੀ ਸਥਾਪਨਾ ਯੂਨੀਵਰਸਿਟੀ ਦੇ ਪਾਠਕ੍ਰਮ ਵਿੱਚ ਪੰਜਾਬੀ ਭਾਸ਼ਾ ਸਿਖਲਾਈ ਨੂੰ ਮੁਖ ਭਾਗ ਬਣਾਉਣ ਵਿਚ ਯੋਗਦਾਨ ਪਾਏਗੀ ਅਤੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਵਿੱਚ ਮਦਦ ਕਰੇਗੀ। This report was written by Simranjit Singh as part of the Local Journalism Initiative.

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।



BHUPINDER OBEROI
ਸਾਡਾ ਐਡਰੈੱਸ ਨੋਟ ਕਰੋ
Abbotsford #103-2955 Gladwin Rd.
604-864-8803
Surrey (Kwantlen Square)
Unit # 105, 12568-72 Ave, Surrey
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
FREE SIGHT TEST

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
MONEY BACK LIFE INSURANCE



- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.


ਡੇਵਿਡ ਈਬੀ ਅਤੇ ਬੀਸੀ ਐਨਡੀਪੀ ਟੀਮ, ਤੁਹਾਡੇ ਨਾਲ ਤੁਹਾਡੇ ਲਈ!
• $1,000 ਦੀ ਰਾਹਤ ਘਰੇਲੂ ਖਰਚੇ ਵਿਚ ਮਦਦ ਕਰਨ ਲਈ ਤੁਹਾਨੂੰ ਹੁਣ ਦਿੱਤੀ ਜਾਵੇਗੀ, ਨਾਲ ਹੀ $1000 ਦੀ ਸਾਲਾਨਾ ਟੈਕਸ ਕਟੌਤੀ - ਜੋ ਪਰਿਵਾਰਾਂ ਲਈ ਹਜ਼ਾਰਾਂ ਹੀ ਡਾਲਰ ਦੀ ਮਦਦ ਕਰੇਗੀ।
• ਬਜ਼ੁਰਗਾਂ ਲਈ ਮੁਫਤ ਬੱਸ ਪਾਸ, ਨਾਲ ਹੀ ਸਕਾਈਟ੍ਰੇਨ, ਬੱਸ ਰੈਪਿਡ ਟ੍ਰਾਂਜ਼ਿਟ ਨੂੰ ਐਕਸਪੈਂਡ ਕਰ ਰਹੇ ਹਨ।
• ਨਵਾਂ ਐਸ ਐਫ ਯੂ (SFU) ਸਰੀ ਮੈਡੀਕਲ ਸਕੂਲ, ਅਤੇ ਬਿਹਤਰ ਹੈਲਥ ਕੇਅਰ ਲਈ ਹੋਰ ਲੋਕਲ ਡਾਕਟਰਾਂ ਨੂੰ ਟ੍ਰੇਨਿੰਗ ਦੇ ਰਹੇ ਹਨ, ਤਾਂ ਜੋ ਸਾਡੇ ਬੱਚੇ ਸਾਡੇ ਲਾਗੇ ਪੱੜ ਸਕਣ।।
• ਆਈਸੀਬੀਸੀ (ICBC) ਦੇ ਰੇਟਾਂ ਵਿਚ $500 ਦੀ ਬਚਤ--- ਰਸਟੈਡ ਦਾ ਮਹਿੰਗਾ ਅਲਬਰਟਾ - ਸਟਾਈਲ ਪਲੈਨ ਤੁਹਾਡੀ ਇੰਸ਼ੋਰਨਸ ਦੁਗਣੀ ਕਰ ਸਕਦਾ ਹੈ।
• ਨਵੇਂ ਹਸਪਤਾਲ ਅਤੇ ਕੈਂਸਰ ਸੈਂਟਰ, ਸਾਰਿਆਂ ਲਈ ਬਿਹਤਰ ਹੈਲਥ ਕੇਅਰ ਨੂੰ ਯਕੀਨੀ ਬਣਾ ਰਹੇ ਹਨ।
• ਅਸੀ ਹਜ਼ਾਰਾਂ ਹੋਰ ਡਾਕਟਰਾਂ, ਨਰਸਾਂ ਅਤੇ ਦੇਖਭਾਲ ਕਰਨ ਵਾਲੇ ਵਰਕਰਾਂ ਨੂੰ ਭਰਤੀ ਕਰ ਰਹੇ ਹਨ, ਅਤੇ ਰਸਟੈਡ ਦੇ ਹੈਲਥ ਕੇਅਰ ਵਿਚੋਂ ਖਤਰਨਾਕ $4 ਬਿਲੀਅਨ ਦੀਆਂ ਕਟੌਤੀਆਂ ਦਾ ਵਿਰੋਧ ਕਰਨਾI
• ਵਧੇਰੀ ਮਿਡਲ ਕਲਾਸ ਹਾਊਸਿੰਗ ਅਤੇ ਖਾਲੀ ਪਏ ਮਕਾਨਾਂ ਨੂੰ ਘਰਾਂ ਵਿਚ ਤਬਦੀਲ ਕਰਨ ਲਈ ਠੋਸ ਕਦਮ ਚੁੱਕ ਰਹੇ ਹਨ।
David Eby
BC NDP
ਰੀਆ ਅਰੋੜਾ
REAH ARORA
BURNABY EAST
ਰਾਜ ਚੌਂਹਾਨ
RAJ CHOUHAN
BURNABY-NEW WESTMINSTER
BC NDP
ਜੈਨੇਟ ਰਾਊਟਲੈਜ
JANET ROUTLEDGE
BURNABY NORTH
ਪੌਲ ਚੋਏ
PAUL CHOI
BURNABY SOUTH-METROTOWN
ਰਵੀ ਕਾਹਲੋਂ
RAVI KAHLON
DELTA NORTH
ਜੌਨ ਔਲਡੈਗ
JOHN ALDAG
LANGLEY-ABBOTSFORD
ਲਿੰਡਾ ਲੀ
LINDA LI
RICHMOND-BRIDGEPORT
ਅਮਨ ਸਿੰਘ
AMAN SINGH
RICHMOND-QUEENSBOROUGH
ਆਮਨਾ ਸ਼ਾਹ
AMNA SHAH
SURREY CITY CENTRE
ਮਾਇਕ ਸਤਾਰਚੱਕ
MIKE STARCHUK
SURREY-CLOVERDALE
ਜਗਰੂਪ ਬਰਾੜ
JAGRUP BRAR
SURREY-FLEETWOOD
ਗੈਰੀ ਬੈੱਗ
GARRY BEGG
SURREY-GUILDFORD
ਜੈਸੀ ਸੁੰਨੜ
JESSIE SUNNER
SURREY-NEWTON
ਰਚਨਾ ਸਿੰਘ
RACHNA SINGH
SURREY NORTH
ਜਿੰਨੀ ਸਿਮਸ
JINNY SIMS
SURREY-PANORAMA
ਬਲਤੇਜ ਸਿੰਘ ਢਿੱਲੋਂ
BALTEJ SINGH DHILLON
SURREY-SERPENTINE RIVER
ਹਰੂਨ ਗ਼ਫ਼ਾਰ
HAROON GHAFFAR
SURREY SOUTH
ਜੋਰਜ ਚਾਓ
GEORGE CHOW
VANCOUVER-FRASERVIEW
ਸੁਨੀਤਾ ਧੀਰ
SUNITA DHIR
VANCOUVER-LANGARA
AUTHORIZED BY KAREN COOLING, FINANCIAL AGENT, 604-430-8600

# ਐਨ.ਡੀ.ਪੀ., ਫੈਡਰਲ ਹੈਂਡ-ਗਨ ਅਤੇ ਸੈਮੀ-ਆਟੋਮੈਟਿਕ ਹਥਿਆਰਾਂ ਦੀ ਜ਼ਬਤੀ ਕਾਨੂੰਨ ਦਾ ਸਮਰਥਨ ਕਰੇਗੀ : ਡੇਵਿਡ ਈਬੀ



ਸਰੀ, (ਸਿਮਰਨਜੀਤ ਸਿੰਘ): ਐਨ.ਡੀ.ਪੀ. ਦੇ ਆਗੂ ਡੇਵਿਡ ਈਬੀ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਗੈਰਕਾਨੂੰਨੀ ਬੰਦੂਕਾਂ ਨੂੰ ਸੜਕਾਂ ਤੋਂ ਦੂਰ ਰੱਖਣ ਅਤੇ ਕਮੇਟੀਆਂ ਦੀ ਸੁਰੱਖਿਆ ਲਈ ਪੁਲਿਸ ਦੀ ਮਦਦ ਕਰਨ ਦਾ ਵਾਅਦਾ ਕੀਤਾ ਹੈ। ਸਰੀ ਵਿੱਚ ਇੱਕ ਕਾਨਫਰੰਸ ਦੌਰਾਨ, ਜਿੱਥੇ ਡੇਵਿਡ ਈਬੀ ਚਾਰ ਨਿਊ ਡੈਮੋਕ੍ਰੈਟ ਪਾਰਟੀ ਦੇ ਉਮੀਦਵਾਰਾਂ ਦੇ ਨਾਲ ਲੋਕਾਂ ਦੇ ਸਵਾਲਾਂ ਦੇ ਜਵਾਬ ਦੇਣ ਲਈ ਆਏ ਸਨ। ਨੇ ਕਿਹਾ ਕਿ ਉਹ ਯਕੀਨੀ ਬਣਾਉਣਗੇ ਕਿ ਪੁਲਿਸ ਕੋਲ ਉਹ ਸਾਰੇ ਸਾਧਨ ਹੋਣ ਜੋ ਕਿ ਗੈਰਕਾਨੂੰਨੀ ਬੰਦੂਕਾਂ ਨੂੰ ਅਪਰਾਧਿਕ ਸੰਗਠਨਾਂ ਤੋਂ ਦੂਰ ਰੱਖਣ ਅਤੇ ਘਰਲੂ ਹਿੰਸਾ ਤੋਂ ਪਰਿਵਾਰਾਂ ਦੀ ਸੁਰੱਖਿਆ ਕਰਨ ਲਈ ਲੋੜੀਂਦੇ ਹਨ।

ਉਨ੍ਹਾਂ ਕਿਹਾ ਕਿ ਐਨ.ਡੀ.ਪੀ., ਫੈਡਰਲ ਹੈਂਡ-ਗਨ ਅਤੇ ਸੈਮੀ-ਆਟੋਮੈਟਿਕ ਹਥਿਆਰਾਂ ਦੀ ਜ਼ਬਤੀ ਕਾਨੂੰਨ ਦਾ ਸਮਰਥਨ ਕਰੇਗੀ ਅਤੇ ਬੀ.ਸੀ. ਪੁਲਿਸ ਦੇ ਐਂਟੀ-ਗੈਂਗ ਪ੍ਰੋਗਰਾਮਾਂ ਦਾ ਸਹਿਯੋਗ ਜਾਰੀ ਰੱਖੇਗੀ, ਜਿਸ ਵਿੱਚ ਇੰਟੀਗ੍ਰੇਟਿਡ ਗੈਂਗ ਹੋਮਿਸਾਈਡ ਟੀਮ ਸ਼ਾਮਿਲ ਹੈ, ਜੋ ਗੈਂਗ ਨਾਲ ਸਬੰਧਤ ਕਤਲਾਂ 'ਤੇ ਧਿਆਨ ਕੇਂਦਰਿਤ ਕਰਦੀ ਹੈ ਅਤੇ ਗੈਂਗ ਸਰਗਰਮੀਆਂ 'ਤੇ ਪੁਲਿਸ ਦੀ ਨਿਗਰਾਨੀ ਵਿੱਚ ਸੁਧਾਰ ਲਿਆਉਂਦੀ ਹੈ। ਈਬੀ ਨੇ ਕਿਹਾ ਕਿ ਬੀ.ਸੀ. ਕੰਜ਼ਰਵੇਟਿਵ ਆਗੂ ਜੌਨ ਰਸਟੈਡ ਨੇ ਬਾਰ-ਬਾਰ ਕਿਹਾ ਹੈ ਕਿ ਜੇ ਉਹ ਸਰਕਾਰ ਬਣਾਉਣ ਲਈ ਚੁਣੇ ਗਏ, ਤਾਂ ਉਹ ਪੁਲਿਸ ਨੂੰ ਫੈਡਰਲ ਬੰਦੂਕ ਕਾਨੂੰਨਾਂ ਨੂੰ ਲਾਗੂ ਨਾ ਕਰਨ ਦੇ ਆਦੇਸ਼ ਦੇਣਗੇ।

ਉਨ੍ਹਾਂ ਨੇ ਕਿਹਾ ਕਿ ਰਸਟੈਡ ਦੀ ਨੀਤੀ, ਜੇ ਲਾਗੂ ਕੀਤੀ ਗਈ, ਤਾਂ ਬੀ.ਸੀ. ਨੂੰ "ਘੱਟ ਸੁਰੱਖਿਅਤ" ਹਾਲਾਤਾਂ ਵੱਲ ਲੈ ਜਾਣਗੇ, ਜਿਸ ਦੇ ਨਤੀਜੇ ਬਹੁਤ ਭਿਆਨਕ ਹੋਣਗੇ। ਐਨ.ਡੀ.ਪੀ. ਦਾ ਕਹਿਣਾ ਹੈ ਕਿ ਇਸ ਸਮੇਂ ਬੀ.ਸੀ. ਵਿੱਚ ਸਾਰੇ ਕਤਲਾਂ ਵਿੱਚੋਂ 15 ਫੀਸਦ ਘਰਲੂ ਕਤਲ ਹਨ। This report was written by Simranjit Singh as part of the Local Journalism Initiative.

# 2022 ਤੋਂ ਬਾਅਦ ਵਧੀ ਮਹਿੰਗਾਈ ਅਤੇ ਵਿਆਜ਼ ਦਰਾਂ ਨੇ ਕੈਨੇਡਾ ਦੇ ਘੱਟ ਆਮਦਨ ਵਾਲੇ ਕੈਨੇਡੀਅਨ ਪਰਿਵਾਰਾਂ ਦੀ ਖਰੀਦਦਾਰੀ ਕਰਨ ਦੀ ਤਾਕਤ ਹੋਈ ਬੇਹਦ ਕਮਜ਼ੋਰ




ਔਟਵਾ, (ਸਿਮਰਨਜੀਤ ਸਿੰਘ): ਪਾਰਲੀਮੈਂਟਰੀ ਬਜਟ ਅਫ਼ਸਰ ਦੀ ਤਾਜ਼ਾ ਰਿਪੋਰਟ ਮੁਤਾਬਕ, 2022 ਤੋਂ ਬਾਅਦ ਮਹਿੰਗਾਈ ਅਤੇ ਉੱਚ ਵਿਆਜ਼ ਦਰਾਂ ਨੇ ਕੈਨੇਡਾ ਦੇ ਘੱਟ ਆਮਦਨ ਵਾਲੇ ਪਰਿਵਾਰਾਂ ਦੀ ਖਰੀਦਣ ਦੀ ਤਾਕਤ ਨੂੰ ਨੁਕਸਾਨ ਪਹੁੰਚਾਇਆ ਹੈ। ਰਿਪੋਰਟ ਵਿੱਚ ਦੱਸਿਆ ਗਿਆ ਕਿ ਉੱਚ ਆਮਦਨ ਵਾਲੇ ਪਰਿਵਾਰਾਂ ਨੇ ਆਪਣੀ ਖਰੀਦਣ ਦੀ ਤਾਕਤ ਵਿੱਚ ਵਾਧਾ ਕੀਤਾ ਹੈ, ਖਾਸ ਤੌਰ 'ਤੇ ਆਪਣੇ ਨਿਵੇਸ਼ ਆਮਦਨ ਦੇ ਕਾਰਨ।

ਰਿਪੋਰਟ ਮੁਤਾਬਕ, 2019 ਦੇ ਅਖੀਰਲੀ ਤਿਮਾਹੀ ਤੋਂ 2024 ਦੀ ਪਹਿਲੀ ਤਿਮਾਹੀ ਤੱਕ, ਕੈਨੇਡੀਅਨ ਘਰਾਂ ਦੀ ਖਰੀਦਣ ਦੀ ਔਸਤ ਤਾਕਤ 21 ਪ੍ਰਤੀਸ਼ਤ ਵਧੀ ਹੈ। ਇਸ ਵਾਧੇ ਵਿੱਚ ਸਰਕਾਰੀ ਫੰਡਾਂ, ਤਨਖਾਹਾਂ 'ਚ ਵਾਧਾ, ਅਤੇ ਨਿਵੇਸ਼ ਆਮਦਨ ਮੁੱਖ ਕਾਰਨ ਸਨ।

ਰਿਪੋਰਟ ਵਿੱਚ ਇਹ ਵੀ ਦਰਸਾਇਆ ਗਿਆ ਕਿ ਮਹਿੰਗਾਈ ਅਤੇ ਵਿਆਜ ਦਰਾਂ ਦੇ ਵਾਧੇ ਨੇ ਘਰਾਂ ਦੀ ਖਰੀਦਣ ਦੀ ਤਾਕਤ ਨੂੰ ਪ੍ਰਭਾਵਿਤ ਕੀਤਾ ਹੈ, ਅਤੇ ਘੱਟ ਆਮਦਨ ਵਾਲੇ ਪਰਿਵਾਰਾਂ 'ਤੇ ਇਸ ਦਾ ਜ਼ਿਆਦਾ ਅਸਰ ਪਿਆ। ਘੱਟ ਆਮਦਨ ਵਾਲੇ ਪਰਿਵਾਰਾਂ ਲਈ ਆਮਦਨ 'ਚ ਛੋਟੇ ਵਾਧੇ ਮਹਿੰਗਾਈ ਦੇ ਅਸਰ ਨੂੰ ਘਟਾਉਣ ਲਈ ਕਾਫ਼ੀ ਨਹੀਂ ਸਨ।

2019 ਤੋਂ 2024 ਤੱਕ, ਔਸਤ ਤੌਰ 'ਤੇ ਕੈਨੇਡੀਅਨਜ਼ 15 ਪ੍ਰਤੀਸ਼ਤ ਕੀਮਤਾਂ ਦੇ ਵਾਧੇ ਦਾ ਸਾਹਮਣਾ ਕੀਤਾ, ਜਿਸ ਵਿੱਚ ਖਾਣਾ-ਪੀਣਾ, ਰਹਿਣ ਦੀ ਥਾਂ ਅਤੇ ਆਵਾਜਾਈ ਮੁੱਖ ਸੂਤਰ ਰਹੇ। ਮਹਿੰਗਾਈ ਵੱਧ ਕੇ 2022 ਵਿੱਚ ਆਪਣੀ ਚੋਟੀ ਤੇ ਪਹੁੰਚ ਗਈ, ਜਿਸ ਨਾਲ ਆਮ ਲੋਕਾਂ ਲਈ ਖਰੀਦਣ ਦੀ ਤਾਕਤ ਘਟ ਗਈ।

ਹਾਲਾਂਕਿ, ਉੱਚ ਵਿਆਜ ਦਰਾਂ ਨੇ ਕਈਆਂ ਦੇ ਨਿਵੇਸ਼ ਆਮਦਨ ਨੂੰ ਵਧਾਇਆ, ਖਾਸ ਤੌਰ 'ਤੇ ਸਭ ਤੋਂ ਉੱਚ ਆਮਦਨ ਵਾਲੇ 20 ਪ੍ਰਤੀਸ਼ਤ ਪਰਿਵਾਰਾਂ ਲਈ। ਇਸ ਨੇ 2023 ਵਿੱਚ ਉਨ੍ਹਾਂ ਦੀ ਖਰੀਦਣ ਦੀ ਤਾਕਤ ਕਾਫੀ ਵਧੀ, ਜਦਕਿ ਬਾਕੀ ਘਰਾਂ ਨੇ ਵੱਧ ਵਿਆਜ ਭੁਗਤਾਨਾਂ ਦਾ ਸਾਹਮਣਾ ਕੀਤਾ ਜਿਸ ਕਾਰਨ ਆਮ ਲੋਕਾਂ ਦੇ ਘਰੇਲੂ ਬਜਟ ਬੁਰੀ ਤਰ੍ਹਾਂ ਆਰਥਿਕ ਬੋਝ ਹੇਠ ਆ ਗਏ। This report was written by Simranjit Singh as part of the Local Journalism Initiative.

A TO Z DRIVING SCHOOL
SO EASY



ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ
AIR BRAKE CLASS
ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ
ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ
ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।
ਵਾਜਬ ਰੇਟ ਅਤੇ ਵਧੀਆ ਸਰਵਿਸ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ
ਲੱਕੀ ਸੇਖੋਂ 604 614 5365

Keep Smiling Denture Clinic
Complete Denture · Implant Denture · Partial Denture
Care Home Mobile Service
ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।



ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 13117-67A Ave, Surrey, BC
778-600-0810 | 2644 Cyril St Abbotsford BC

# ਭਾਬੀ ਦੇ ਕਤਲ ਦੇ ਦੋਸ਼ 'ਚ ਸਰੀ ਦੇ ਹਰਪ੍ਰੀਤ ਸਿੰਘ ਨੂੰ 10 ਸਾਲ ਦੀ ਕੈਦ



ਸਰੀ, (ਸਿਮਰਨਜੀਤ ਸਿੰਘ): ਸਰੀ ਦੇ ਰਹਿਣ ਵਾਲੇ 39 ਸਾਲਾ ਹਰਪ੍ਰੀਤ ਸਿੰਘ ਨੂੰ ਆਪਣੀ ਭਾਬੀ ਬਲਜੀਤ ਕੌਰ ਦਾ ਕਤਲ ਕਰਨ ਅਤੇ ਉਸ ਦੀ 2 ਸਾਲ ਦੀ ਬੇਟੀ ਅਤੇ 72 ਸਾਲ ਦੇ ਸਹੁਰੇ ਨੂੰ ਛੁਰੀਆਂ ਨਾਲ ਜ਼ਖ਼ਮੀ ਕਰਨ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਹਰਪ੍ਰੀਤ ਸਿੰਘ ਨੇ ਅਪਰਾਧ ਦੀ ਪੂਰੀ ਜ਼ਿੰਮੇਵਾਰੀ ਕਬੂਲ ਕੀਤੀ ਹੈ ਜਿਸ ਦੇ ਦੋਸ਼ ਵਿੱਚ ਉਸਨੂੰ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਹਰਪ੍ਰੀਤ ਸਿੰਘ ਨੂੰ ਇਸ ਮਾਮਲੇ ਵਿੱਚ ਸਾਲ 2020 ਵਿੱਚ ਗ੍ਰਿਫਤਾਰੀ ਤੋਂ ਬਾਅਦ ਤੋਂ ਹੀ ਹਿਰਾਸਤ ਵਿੱਚ ਰੱਖਿਆ ਗਿਆ ਸੀ। ਸਜ਼ਾ ਵਿੱਚ ਸਮੇਂ ਦੀ ਕ੍ਰੈਡਿਟ ਦੇਣ ਤੋਂ ਬਾਅਦ, ਉਸਦੀ ਬਾਕੀ ਰਹਿ ਜਾਣ ਵਾਲੀ ਕੈਦ ਦਾ ਸਮਾਂ 4 ਸਾਲ ਅਤੇ 15 ਦਿਨ ਉਹ ਜੇਲ੍ਹ 'ਚ ਗੁਜ਼ਾਰੇਗਾ। ਜਾਣਕਾਰੀ ਅਨੁਸਾਰ ਇਹ ਘਟਨਾ 20 ਅਕਤੂਬਰ, 2020 ਨੂੰ ਸਰੀ ਦੇ ਨਿਊਟਨ ਇਲਾਕੇ ਦੇ 12700-ਬਲਾਕ 66 ਐਵੇਨਿਊ 'ਚ ਇਕ ਟਾਊਨਹਾਊਸ ਵਿੱਚ ਵਾਪਰੀ । ਹਰਪ੍ਰੀਤ ਸਿੰਘ ਨੇ ਬਲਜੀਤ ਕੌਰ 'ਤੇ ਕਈ ਵਾਰ ਛੁਰੀ ਨਾਲ ਹਮਲਾ ਕੀਤਾ ਇਸ ਸਮੇਂ ਬਲਜਤਿ ਕੌਰ ਦੀ 2 ਸਾਲ ਦੀ ਬੇਟੀ ਵੀ ਉਸ ਦੀ ਗੋਦ ਵਿੱਚ ਹੀ ਸੀ । ਹਮਲੇ ਤੋਂ ਬਾਅਦ ਗੰਭੀਰ ਰੂਪ ਨਾਲ ਜ਼ਖਮੀ ਹੋਈ ਬਲਜੀਤ ਕੌਰ ਨੂੰ ਜਦੋਂ ਹਸਪਤਾਲ ਲਿਜਾਇਆ ਗਿਆ ਤਾਂ ਉਥੇ ਉਸ ਦੀ ਮੌਤ ਹੋ ਗਈ।

ਅਦਾਲਤੀ ਕਾਰਵਾਈ ਦੌਰਾਨ ਹਰਪ੍ਰੀਤ ਸਿੰਘ 'ਤੇ ਬਲਜੀਤ ਕੌਰ ਦੇ ਕਤਲ ਲਈ ਦੂਜੇ ਦਰਜੇ ਦੇ ਕਤਲ ਦਾ ਦੋਸ਼ ਲਾਇਆ ਗਿਆ ਸੀ। ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਦੇ ਨਿਊ ਵੈਸਟਮਿੰਸਟਰ ਅਦਾਲਤ ਵਿੱਚ 9 ਅਕਤੂਬਰ ਨੂੰ ਹਰਪ੍ਰੀਤ ਸਿੰਘ ਨੂੰ ਸਜ਼ਾ ਸੁਣਾਈ ਗਈ। ਹਰਪ੍ਰੀਤ ਸਿੰਘ ਨੇ ਹਮਲੇ ਤੋਂ ਕਰੀਬ 4 ਸਾਲ ਬਾਅਦ ਦੋਸ਼ ਕਬੂਲੇ ਹਨ। ਅਦਾਲਤ ਨੂੰ ਦੱਸਿਆ ਗਿਆ ਕਿ ਹਰਪ੍ਰੀਤ ਸਿੰਘ 2018 ਵਿੱਚ ਆਪਣੇ ਵਿਆਹ ਦੇ ਟੁੱਟਣ ਤੋਂ ਬਾਅਦ ਅਕਸਰ ਗੁੱਸੇ ਵਿੱਚ ਆ ਜਾਂਦਾ ਸੀ ਅਤੇ ਉਸ ਨੂੰ ਕਈ ਵਾਰ ਬਲਜੀਤ ਕੌਰ ਨੂੰ ਮਾਰਨ ਦੀ ਧਮਕੀ ਦੇ ਚੁੱਕਾ ਸੀ। ਜ਼ਿਕਰਯੋਗ ਹੈ ਕਿ ਸਜ਼ਾ ਪੂਰੀ ਹੋਣ ਤੋਂ ਬਾਅਦ ਉਸ ਨੂੰ ਕੈਨੇਡਾ ਤੋਂ ਡਿਪੋਰਟ ਕੀਤਾ ਜਾ ਸਕਦਾ ਹੈ। ਜਾਣਕਾਰੀ ਅਨੁਸਾਰ ਉਸ ਨੂੰ ਭਾਰਤ ਜਾਂ ਅਸਟ੍ਰੇਲੀਆ ਭੇਜਣ ਦੀ ਸੰਭਾਵਨਾ ਹੈ ਕਿਉਂਕਿ ਉਸ ਕੋਲ ਇਨ੍ਹਾਂ ਦੋਵੇਂ ਦੇਸ਼ਾਂ ਦੀ ਨਗਾਰਿਕਤਾ ਹੈ। This report was written by Simranjit Singh as part of the Local Journalism Initiative.

# ਸਰੀ ਕੌਂਸਲ ਵਲੋਂ ਸਿਟੀ ਸੈਂਟਰ 'ਚ 5 ਰਿਹਾਇਸ਼ੀ ਟਾਵਰਾਂ ਦੀ ਉਸਾਰੀ ਨੂੰ ਮਨਜ਼ੂਰੀ



ਸਰੀ, (ਸਿਮਰਨਜੀਤ ਸਿੰਘ): ਸਰੀ ਸਿਟੀ ਕੌਂਸਲ ਨੇ ਬੀਤੇ ਦੀਂ ਸ਼ਹਿਰ ਦੇ ਸੈਂਟਰ ਵਿੱਚ ਪੰਜ ਰਿਹਾਇਸ਼ੀ ਟਾਵਰਾਂ ਦੀ ਉਸਾਰੀ ਦੇ ਹੱਕ ਵਿੱਚ ਵੋਟ ਪਾਈ, ਜੋ ਮੌਜੂਦਾ ਤਿੰਨ-ਮੰਜ਼ਿਲਾਂ ਵਾਲੀਆਂ ਕਿਰਾਏ ਦੇ ਅਪਾਰਟਮੈਂਟ ਦੀਆਂ ਇਮਾਰਤਾਂ ਦੀ ਥਾਂ 'ਤੇ ਬਣਾਏ ਜਾਣਗੇ। ਇਸ ਪ੍ਰਾਜੈਕਟ ਵਿੱਚ 2,686 ਅਪਾਰਟਮੈਂਟ ਯੂਨਿਟ ਸ਼ਾਮਲ ਹਨ, ਜਿਸ ਵਿੱਚ 491 ਕਿਰਾਏ ਵਾਲੀਆਂ ਯੂਨਿਟਾਂ, ਇੱਕ 431 ਵਰਗ ਮੀਟਰ ਦੀ ਬਾਲ ਦੇਖਭਾਲ ਕੇਂਦਰ, 1,440 ਵਰਗ ਮੀਟਰ ਦਾ ਵਪਾਰਕ ਖੇਤਰ, ਅਤੇ ਇੱਕ ਹੋਰ ਅਲੱਗ ਤੋਂ ਬਾਲ ਦੇਖਭਾਲ ਕੇਂਦਰ ਬਣਾਇਆ ਜਾਣਾ ਹੈ। ਇਸਦਾ ਵਿਕਾਸ ਪੰਜ ਪੜਾਵਾਂ ਵਿੱਚ ਕੀਤਾ ਜਾਵੇਗਾ।

ਕੌਂਸਲ ਨੇ ਸਾਰਵਜਨਿਕ ਸੁਣਵਾਈ ਤੋਂ ਬਾਅਦ ਤੀਜੀ ਰੀਡਿੰਗ ਦੌਰਾਨ ਇਸ ਨੂੰ ਮਨਜ਼ੂਰੀ ਦਿੱਤੀ।

ਪਰ ਦੂਜੇ ਪਾਸੇ ਜੋ ਲੋਕ ਇਸ ਸਮੇਂ ਕਿਰਾਏ ਦੇ ਉਨ੍ਹਾਂ ਅਪਾਰਟਮੈਂਟਾਂ 'ਚ ਰਹਿ ਰਹੇ ਹਨ ਜਿਨ੍ਹਾਂ ਨੂੰ ਢਾਹ ਕੇ ਇਨਾਂ ਟਾਵਰਾਂ ਦੀ ਉਸਾਰੀ ਕੀਤੀ ਜਾਣੀ ਹੈ, ਉਨ੍ਹਾਂ ਲੋਕਾਂ ਵਲੋਂ ਕੌਂਸਲ ਦੇ ਇਸ ਫੈਸਲੇ 'ਤੇ ਰੋਸ ਜਤਾਇਆ ਜਾ ਰਿਹਾ ਹੈ ਅਤੇ ਇਸ 'ਤੇ ਮੁੜ ਵਿਚਾਰ ਕਰਨ ਬਾਰੇ ਮੰਗ ਕੀਤੀ ਗਈ ਹੈ। ਲੋਕਾਂ ਨੇ ਕਿਹਾ ਕਿ ਕੌਂਸਲ ਵਲੋਂ ਇਹ ਫੈਸਲਾ ਉਨ੍ਹਾਂ ਨੂੰ ਬੇਘਰ ਕਰਨ ਲਈ ਕੀਤਾ ਗਿਆ ਹੈ।

ਉਥੇ ਰਹਿ ਰਹੀ ਇੱਕ ਔਰਤ ਨੇ ਕਿਹਾ ਕਿ 32 ਸਾਲਾਂ ਤੋਂ ਇਸ ਖੇਤਰ ਵਿੱਚ ਰਹਿ ਰਹੀ ਹੈ। "ਮੈਂ ਕਿੱਥੇ ਜਾਣਾ ਹੈ? ਕੌਂਸਲ ਮੈਨੂੰ ਪੰਜ ਸਾਲ ਬਾਅਦ ਘਰ ਦੇ ਰਹੀ ਹੈ, ਜਦੋਂ ਇਹ ਟਾਵਰ ਤਿਆਰ ਹੋ ਜਾਣਗੇ, ਪਰ ਮੈਂ ਦੁਬਾਰਾ ਮੂਵ ਨਹੀਂ ਹੋ ਸਕਦੀ, ਮੇਰਾ ਗੁਆਂਢੀ ਇਸੇ ਡਰੋਂ ਮਰ ਗਿਆ ਸੀ, ਇਹ ਬਹੁਤ ਵੱਡੀ ਗਲਤ ਕੀਤੀ ਜਾ ਰਹੀ ਹੈ, ਕੋਈ ਅਫੋਰਡੇਬਲ ਘਰ ਨਹੀਂ। ਉਹ ਜੋ ਕਰ ਰਹੇ ਹਨ, ਗਲਤ ਹੈ।"

ਵੋਟ ਤੋਂ ਪਹਿਲਾਂ, ਮੇਅਰ ਬ੍ਰੈਂਡਾ ਲੌਕ ਨੇ ਸਰੀ ਦੇ ਪਲੈਨਿੰਗ ਅਤੇ ਡਿਵੈਲਪਮੈਂਟ ਦੇ ਕਾਰਜਕਾਰੀ ਮੈਨੇਜਰ ਰੌਨ ਗਿੱਲ ਤੋਂ ਮੌਜੂਦਾ ਕਿਰਾਏਦਾਰਾਂ ਨੂੰ ਮੁੜ ਵਸਾਉਣ ਦੀ ਯੋਜਨਾ ਬਾਰੇ ਪੁੱਛਿਆ। ਗਿੱਲ ਨੇ ਕਿਹਾ ਕਿ 156 ਮੌਜੂਦਾ ਯੂਨਿਟਾਂ ਦੀ ਬਦਲੀ ਲਈ ਘੱਟੋ-ਘੱਟ 200 ਨਵੀਆਂ ਕਿਰਾਇਆ ਵਾਲੀਆਂ ਯੂਨਿਟਾਂ ਦੀ ਪੇਸ਼ਕਸ਼ ਕੀਤੀ ਹੈ।

"ਇਹ ਨਵੀਆਂ ਯੂਨਿਟਾਂ ਬੋਸਾ ਦੇ ਪਾਰਕਵੇ ਸਾਈਟ 'ਤੇ ਹੋਣਗੀਆਂ ਜੋ ਸਿਟੀ ਹਾਲ ਦੇ ਸਿੱਧੇ ਅੱਗੇ 104 ਐਵਨਿਊ 'ਤੇ ਸਥਿਤ ਹੈ," ਗਿੱਲ ਨੇ ਕੌਂਸਲ ਨੂੰ ਦੱਸਿਆ। "ਉਹ ਕਿਰਾਏਦਾਰਾਂ ਨੂੰ ਨਵੇਂ ਰਿਹਾਇਸ਼ੀ ਯੂਨਿਟਾਂ ਵਿੱਚ ਪਹਿਲਾਂ ਮੌਕਾ ਦੇ ਰਹੇ ਹਨ, ਜੋ CMHC ਦਰਾਂ ਤੋਂ 10% ਘੱਟ ਹੈ।" This report was written by Simranjit Singh as part of the Local Journalism Initiative.


Guru Nanak's Free Kitchen

LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170


# 1000 ਤੋਂ ਵੱਧ ਕੈਨੇਡੀਅਨ ਨੂੰ ਲਿਬਨਾਨ ਵਿਚੋਂ ਕੱਢਿਆ : ਮੇਲਾਨੀ ਜੌਲੀ



ਸਰੀ, (ਸਿਮਰਨਜੀਤ ਸਿੰਘ): ਗਲੋਬਲ ਅਫੇਅਰਜ਼ ਕੈਨੇਡਾ ਨੇ ਕਿਹਾ ਹੈ ਕਿ ਇਸ ਨੇ ਹੁਣ ਤੱਕ ਲਿਬਨਾਨ ਤੋਂ 1,000 ਤੋਂ ਵੱਧ ਯਾਤਰੀਆਂ ਦੀ ਮਦਦ ਕੀਤੀ ਹੈ, ਜਦੋਂ ਕਿ ਇਜ਼ਰਾਈਲ ਅਤੇ ਲਿਬਨਾਨ ਆਧਾਰਿਤ ਉਗਰਵਾਦੀ ਗਰੁੱਪ ਹਿਜ਼ਬੁੱਲਾ ਦਰਮਿਆਨ ਜੰਗ ਲਗਾਤਾਰ ਜਾਰੀ ਹੈ।

ਇਸ ਵਿਭਾਗ ਨੇ ਦੱਸਿਆ ਕਿ ਬੀਤੇ ਦਿਨੀਂ ਲਿਬਨਾਨ ਵਿੱਚ ਮੌਜੂਦ ਕੈਨੇਡੀਆਂ ਲਈ ਇੱਕ ਫਲਾਈਟ 126 ਯਾਤਰੀਆਂ ਨੂੰ ਲੈ ਕੇ ਚਲੀ, ਅਤੇ ਅਗਲੀ ਫਲਾਈਟ ਐਤਵਾਰ ਨੂੰ 139 ਲੋਕਾਂ ਨੂੰ ਦੇਸ਼ ਤੋਂ ਵਾਪਸ ਲੈ ਕੇ ਆਈ। ਵਿਭਾਗ ਵਲੋਂ ਲਗਾਤਾਰ ਕੈਨੇਡੀਆਂ ਨੂੰ ਲਿਬਨਾਨ ਛੱਡਣ ਲਈ ਕਿਹਾ ਗਿਆ ਹੈ ਅਤੇ ਇਹ ਵੀ ਦੱਸਿਆ ਕਿ ਪਿਛਲੇ ਹਫਤੇ ਵਿੱਚ 5,000 ਤੋਂ ਵੱਧ ਕੈਨੇਡੀਅਨ, ਸਥਾਈ ਵਸਨੀਕ ਅਤੇ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਸਹਾਇਤਾ ਪ੍ਰਦਾਨ ਕੀਤੀ ਹੈ, ਜਿਨ੍ਹਾਂ ਨੇ ਦੇਸ਼ ਤੋਂ ਬਾਹਰ ਜਾਣ ਦੀ ਇਛਾ ਜ਼ਾਹਿਰ ਕੀਤੀ ਸੀ। ਸਹਾਇਤਾ ਪ੍ਰਾਪਤ ਕਰਨ ਵਾਲਿਆਂ ਵਿੱਚ ਕੈਨੇਡੀਆ, ਸਥਾਈ ਨਿਵਾਸੀ, ਪਰਿਵਾਰਕ ਮੈਂਬਰਾਂ ਦੇ ਨਾਲ ਕਈ ਹੋਰ ਦੇਸ਼ਾਂ ਦੇ ਲੋਕ ਵੀ ਸ਼ਾਮਲ ਹਨ, ਜਿਵੇਂ ਕਿ ਅਮਰੀਕਾ, ਅਰਜਨਟੀਨਾ, ਅਤੇ ਆਸਟਰੇਲੀਆ।

ਇਸ ਵਿਭਾਗ ਨੇ ਦੱਸਿਆ ਕਿ ਐਤਵਾਰ ਤੱਕ ਲਿਬਨਾਨ ਵਿੱਚ ਮੌਜੂਦ 25,000 ਤੋਂ ਵੱਧ ਕੈਨੇਡੀਅਨ ਰਜਿਸਟਰਡ ਸਨ, ਪਰ ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਕਿਹਾ ਕਿ ਲਗਭਗ 45,000 ਕੈਨੇਡੀਅਨ ਇਸ ਵੇਲੇ ਲਿਬਨਾਨ ਵਿੱਚ ਹੋ ਸਕਦੇ ਹਨ।

ਕਮਰਸ਼ੀਅਲ ਫਲਾਈਟਾਂ ਹਾਲੇ ਵੀ ਉਪਲਬਧ ਹਨ, ਜਿਨ੍ਹਾਂ ਵਿੱਚੋਂ ਕਈ ਅਗਲੇ ਦਿਨਾਂ ਵਿੱਚ ਯਾਤਰੀਆਂ ਨੂੰ ਲੈ ਕੇ ਆਉਣਗੀਆਂ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕੈਨੇਡਾ ਸਰਕਾਰ ਲਿਬਨਾਨ 'ਚ ਰਹਿ ਰਹੇ ਆਪਣੇ ਨਾਗਰਿਕਾਂ ਨੂੰ ਚਿਤਾਵਨੀ ਵੀ ਦਿੱਤੀ ਸੀ ਕਿ ਉਹ ਜਿੰਨਾ ਜਲਦੀ ਹੋ ਸਕੇ ਲਿਬਨਾਨ ਅਤੇ ਗਾਜ਼ਾ ਪੱਟੀ ਛੱਡ ਕੇ ਆਪਣੇ ਦੇਸ਼ ਵਾਪਸ ਪਰਤ ਆਉਣ ਅਤੇ ਕੈਨੇਡਾ ਸਰਕਾਰ 'ਤੇ ਇਹ ਭਰੋਸਾ ਨਾ ਰੱਖਣ ਕਿ ਉਹ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਉਥੋਂ ਕੱਢਣ ਲਿਆ ਫਲਾਈਟਸ ਚਲਾਉਣਗੇ। This report was written by Simranjit Singh as part of the Local Journalism Initiative.

# ਸਰੀ ਸਿਟੀ ਕੌਂਸਲ ’ਚ ਗੂੰਜਿਆ ਸ਼ਹਿਰ ਵਿੱਚ ਸਕੂਲਾਂ ਦੀ ਘਾਟ ਦਾ ਮੁੱਦਾ

## ਸਕੂਲਾਂ ’ਚ ਵਧੀ ਅਬਾਦੀ ਕਾਰਨ ਪੋਰਟੇਬਲ ਕਲਾਸਰੂਮਾਂ ‘ਚ ਪੜ੍ਹਨ ਲਈ ਮਜ਼ਬੂਰ ਹੋ ਰਹੇ ਵਿਦਿਆਰਥੀ

ਸਰੀ, (ਸਿਮਰਨਜੀਤ ਸਿੰਘ): ਸਰੀ ਸਿਟੀ ਕੌਂਸਲ ਨੇ ਹਾਲ ਹੀ ਵਿੱਚ ਆਪਣੇ ਇੱਕ ਏਜੰਡੇ ਵਿਚ ਸਰੀ ਵਿੱਚ ਨਵੇਂ ਸਕੂਲਾਂ ਦੀ ਘਾਟ 'ਤੇ ਚਿੰਤਾ ਜ਼ਾਹਰ ਕਰਦੇ ਹੋਏ ਇੱਕ ਮਤਾ ਪਾਸ ਕੀਤਾ ਹੈ। ਕੌਂਸਲ ਦੇ ਮਤੇ ਅਨੁਸਾਰ, ਸਿਟੀ ਦੀ ਵੱਧ ਰਹੀ ਆਬਾਦੀ ਦੇ ਕਾਰਨ ਨਵੇਂ ਸਕੂਲ ਬਣਾਉਣ ਦੀ ਲੋੜ ਹੁਣ ਬਹੁਤ ਜ਼ਰੂਰੀ ਹੋ ਗਈ ਹੈ ਪਰ, ਇਸਦੇ ਬਾਵਜੂਦ ਸੂਬੇ ਦੀਆਂ ਸਰਕਾਰਾਂ ਵੱਲੋਂ ਸਕੂਲ ਬਣਾਉਣ ਦੇ ਪ੍ਰੋਜੈਕਟਾਂ ਨੂੰ ਉਚਿਤ ਤਰਜੀਹ ਨਹੀਂ ਦਿੱਤੀ ਜਾ ਰਹੀ।

ਜ਼ਿਕਰਯੋਗ ਹੈ ਕਿ ਸਰੀ ਬ੍ਰਿਟਿਸ਼ ਕੋਲੰਬੀਆ ਦਾ ਸਭ ਤੋਂ ਤੇਜ਼ੀ ਨਾਲ ਵਧਦਾ ਸ਼ਹਿਰ ਹੈ, ਅਤੇ ਇਹ ਆਬਾਦੀ ਵਿੱਚ ਹੋ ਰਹੇ ਵਾਧੇ ਨਾਲ ਸਾਰੇ ਵਿਭਾਗਾਂ ਤੇ ਦਬਾਅ ਪੈ ਰਿਹਾ ਹੈ। ਸਰੀ ਵਿੱਚ ਸਿੱਖਿਆ ਪ੍ਰਣਾਲੀ ਸਭ ਤੋਂ ਵੱਧ ਬੋਝ ਨਾਲ ਜੂਝ ਰਹੀ ਹੈ। ਕੌਂਸਲ ਦੇ ਮੈਂਬਰਾਂ ਨੇ ਇਹ ਮੰਨਿਆ ਹੈ ਕਿ ਸਰੀ ਦੇ ਬਹੁਤ ਸਾਰੇ ਸਕੂਲ ਲੋੜ ਤੋਂ ਵੱਧ ਵਿਦਿਆਰਥੀਆਂ ਨਾਲ ਖਚਾ-ਖਚ ਬਰੇ ਪਏ ਹਨ ਜਿਸ ਕਾਰਨ ਕਈ ਥਾਵਾਂ ਤੇ ਬੱਚਿਆਂ ਨੂੰ ਹੋਰ ਕਮਰਿਆਂ ਜਾਂ ਪੋਰਟੇਬਲ ਕਲਾਸਰੂਮਾਂ ਵਿੱਚ ਪੜ੍ਹਾਇਆ ਜਾ ਰਿਹਾ ਹੈ। ਕੌਂਸਲ ਦੇ ਇਕ ਮੈਂਬਰ ਨੇ ਕਿਹਾ, "ਸਰੀ ਵਿੱਚ ਵੱਧ ਰਹੀ ਆਬਾਦੀ ਨੂੰ ਦੇਖਦਿਆਂ, ਸਾਡੇ ਕੋਲ ਹਰ ਬੱਚੇ ਨੂੰ ਇੱਕ ਸੁਰੱਖਿਅਤ ਅਤੇ ਅਧੁਨਿਕ ਸਕੂਲ ਵਿੱਚ ਪੜ੍ਹਨ ਦਾ ਮੌਕਾ ਹੋਣਾ ਚਾਹੀਦਾ ਹੈ। ਪਰ, ਸਾਨੂੰ ਅਜੇ ਵੀ ਨਵੇਂ ਸਕੂਲਾਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।"


ਸਰੀ ਵਿੱਚ ਉਸਾਰੇ ਜਾ ਰਹੇ ਇੱਕ ਨਵੇਂ ਸਾਊਥ ਨਿਊਟਨ-ਆਰ ਸਕੂਲ ਦੀ ਨਿਰਮਾਣ ਅਧੀਨ ਇਮਾਰਤ ਦਾ ਦ੍ਰਿਸ਼।

ਸਰੀ ਕੌਂਸਲ ਦੇ ਮੈਂਬਰਾਂ ਨੇ ਬ੍ਰਿਟਿਸ਼ ਕੋਲੰਬੀਆ ਦੀ ਸੂਬੇ ਦੀਆਂ ਸਰਕਾਰਾਂ ਨੂੰ ਨਵੇਂ ਸਕੂਲ ਪ੍ਰੋਜੈਕਟਾਂ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਿਹਾ ਹੈ ਕਿ ਇਹ ਮੁੱਦਾ ਬਹੁਤ ਹੀ ਪੁਰਾਣਾ ਹੈ, ਅਤੇ ਸਰਕਾਰ ਵੱਲੋਂ ਇਸਦਾ ਕੋਈ ਹੱਲ ਨਹੀਂ ਕੱਢਿਆ ਜਾ ਰਿਹਾ। ਸਰੀ ਵਿੱਚ ਹਰ ਸਾਲ ਸੈਂਕੜੇ ਬੱਚੇ ਨਵੇਂ ਸਕੂਲਾਂ ਵਿੱਚ ਦਾਖਿਲ ਹੋ ਰਹੇ ਹਨ, ਪਰ ਨਵੇਂ ਸਕੂਲਾਂ ਦੇ ਨਿਰਮਾਣ ਦੀ ਘਾਟ ਕਾਰਨ ਸਿੱਖਿਆ ਪ੍ਰਣਾਲੀ ਦੇ ਅਧਾਰਾਂ 'ਤੇ ਨੁਕਸਾਨ ਹੋ ਰਿਹਾ ਹੈ।

ਸਰੀ ਦੇ ਮੇਅਰ ਨੇ ਕਿਹਾ, "ਸਰੀ ਦੀਆਂ ਬੱਚਿਆਂ ਦਾ ਭਵਿੱਖ ਸਿੱਖਿਆ ਤੇ ਆਧਾਰਤ ਹੈ। ਸੂਬਾ ਸਰਕਾਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਰੀ ਵਿੱਚ ਨਵੇਂ ਸਕੂਲਾਂ ਦੀ ਲੋੜ ਹਾਲਾਤਾਂ ਨੂੰ ਕਾਬੂ 'ਚ ਰੱਖਣ ਲਈ ਬਹੁਤ ਜ਼ਰੂਰੀ ਹੈ।"

ਦੂਜੇ ਪਾਸੇ ਸਰੀ ਦੇ ਵਸਨੀਕ ਵੀ ਇਸ ਮੁੱਦੇ 'ਤੇ ਆਪਣੀ ਤਿੱਖੀ ਪ੍ਰਤੀਕਿਰਿਆ ਦੇ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਉਹ ਕੌਂਸਲ ਦੇ ਇਸ ਕਦਮ ਨੂੰ ਪੂਰਾ ਸਮਰਥਨ ਦੇ ਰਹੇ ਹਨ, ਅਤੇ ਉਹ ਆਸ ਕਰਦੇ ਹਨ ਕਿ ਸੂਬਾ ਸਰਕਾਰ ਇਸ ‘ਤੇ ਗੌਰ ਨਾਲ ਜ਼ਰੂਰ ਵਿਚਾਰ ਕਰੇਗੀ। ਇੱਕ ਸਥਾਨਕ ਵਾਸੀ ਨੇ ਕਿਹਾ, "ਮੇਰੇ ਦੋ ਬੱਚੇ ਪੋਰਟੇਬਲ ਕਲਾਸਰੂਮਾਂ ਵਿੱਚ ਪੜ੍ਹਦੇ ਹਨ। ਇਹ ਸਥਿਤੀ ਸਰੀ ਵਰਗੇ ਵੱਡੇ ਸ਼ਹਿਰ ਵਿੱਚ ਕਬੂਲਯੋਗ ਨਹੀਂ ਹੈ। ਸਾਨੂੰ ਬਿਹਤਰ ਸੰਸਾਧਨਾਂ ਅਤੇ ਨਵੇਂ ਸਕੂਲਾਂ ਦੀ ਜ਼ਰੂਰਤ ਹੈ।" ਸਰੀ ਸਿਟੀ ਕੌਂਸਲ ਨੇ ਆਪਣੇ ਪਾਸ ਕੀਤੇ ਮਤੇ ਰਾਹੀਂ ਬ੍ਰਿਟਿਸ਼ ਕੋਲੰਬੀਆ ਸਰਕਾਰ ਨੂੰ ਤੁਰੰਤ ਨਵੇਂ ਸਕੂਲਾਂ ਲਈ ਨਿਰਮਾਣ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦੀ ਮੰਗ ਕੀਤੀ ਹੈ। ਕੌਂਸਲ ਦੇ ਮੈਂਬਰਾਂ ਨੇ ਕਿਹਾ ਕਿ ਸੂਬੇ ਦੀਆਂ ਸਰਕਾਰਾਂ ਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ, ਅਤੇ ਸਰੀ ਦੇ ਵਸਨੀਕਾਂ ਦੀਆਂ ਜ਼ਰੂਰਤਾਂ ਨੂੰ ਸਮਝਣ ਲਈ ਤੁਰੰਤ ਕਾਰਵਾਈ ਕੀਤੀ ਜਾਏ। This report was written by Simranjit Singh as part of the Local Journalism Initiative.

# ਸਰੀ ਵਿੱਚ ਵਾਪਰੇ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ

ਸਰੀ, (ਸਿਮਰਨਜੀਤ ਸਿੰਘ): ਬੀਤੇ ਦਿਨੀਂ ਸਰੀ ਵਿੱਚ ਹੋਏ ਇੱਕ ਟਰੱਕ ਹਾਦਸੇ ਵਿਚ ਇੱਕ ਵਿਅਕਤੀ ਦੀ ਮੌਤ ਹੋ ਗਈ। ਸਰੀ ਆਰ.ਸੀ.ਐਮ.ਪੀ. ਅਨੁਸਾਰ ਇਹ ਹਾਦਸਾ 144 ਸਟਰੀਟ ਨੇੜੇ 67ਅ ਐਵੇਨਿਊ 'ਤੇ ਲਗਭਗ 4:30 ਵਜੇ ਵਾਪਰਿਆ। ਸਰੀ ਆਰ.ਸੀ.ਐਮ.ਪੀ. ਦੇ ਬਿਆਨ ਅਨੁਸਾਰ, ਇੱਕ ਫੋਰਡ ਐਫ਼ 350 ਟਰੱਕ ਬੇਕਾਬੂ ਹੋ ਕੇ ਦੂਜੇ ਸੜਕ ‘ਤੇ ਜਾ ਵੜਿਆਂ ਅਤੇ ਇੱਕ ਬੱਸ ਸਟਾਪ ਬੈਂਚ ਨਾਲ ਜਾ ਟਕਰਾਇਆ, ਇਸ ਹਾਦਸੇ ਵਿੱਚ ਦੋ ਲੋਕਾਂ ਨੂੰ ਗੰਭੀਰ ਚੋਟਾਂ ਆਈਆਂ ਅਤੇ ਬਸ ਸਟਾਪ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਇਸ ਹਾਦਸੇ ਦੌਰਾਨ ਇੱਕ 33 ਸਾਲਾ ਨੌਜਵਾਨ ਦੀ ਘਟਨਾ ਸਥਲ 'ਤੇ ਹੀ ਮੌਤ ਹੋ ਗਈ, ਜਦਕਿ ਦੂਜੇ ਵਿਅਕਤੀ ਨੂੰ ਗੰਭੀਰ




ਸੱਟਾਂ ਲੱਗੀਆਂ, ਜਿਸ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ। ਹਾਦਸੇ ਦੇ ਵਕਤ ਡਰਾਈਵਰ ਮੌਕੇ 'ਤੇ ਹੀ ਸੀ ਅਤੇ ਉਸਨੂੰ ਆਰ.ਸੀ.ਐਮ.ਪੀ. ਦੇ ਟ੍ਰੈਫਿਕ ਅਧਿਕਾਰੀਆਂ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ। ਡਰਾਇਵਰ ਨੇ ਕੋਈ ਨਸ਼ਾ ਕੀਤਾ ਸੀ ਜਾਂ ਨਹੀਂ ਇਸ ਬਾਰੇ ਫਿਲਹਾਲ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ। ਆਰ.ਸੀ.ਐਮ.ਪੀ. ਨੇ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਹੈ ਕਿ ਜੇ ਕਿਸੇ ਨੇ ਇਹ ਹਾਦਸਾ ਵੇਖਿਆ ਜਾਂ ਇਸ ਬਾਰੇ ਹੋਰ ਜਾਣਕਾਰੀ ਹੋਵੇ, ਤਾਂ ਉਹ ਸਰੀ ਆਰ.ਸੀ.ਐਮ.ਪੀ. ਨੂੰ 604-599-0502 'ਤੇ ਸੰਪਰਕ ਕਰ ਸਕਦੇ ਹਨ। This report was written by Simranjit Singh as part of the Local Journalism Initiative.


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
“Over 20 years experience as Denturist”
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)



Gaba Tire
All TIRES AVAILABLE (AS, AT & MT)
CAR DETAILING
Starting at
$100
Free Delivery in Surrey
» 185/65/15 All-season
» 195/65/15
» 205/55/16
» 205/60/16
» 235/45/18 4 Tire 499$ Free install + Tax
» 4 Tire 299$ Free install + Tax
» 33/15/20 4 Mud Tire 10 ply
» 35/12.50/20 4 Mud Tire 10 ply
» 999$ Free install+Tax
2 YEARS
50000 KM
WARRANTY
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
CHILLIWACK
45877-HOCKING AVE
604-316-3643
BACK SIDE OF CHILLIWACK TAXI :
ABBOTSFORD
31324 - 107
Peardonville Rd
604-897-3235
604-746-4222
www.gabaautodetailing.com



DHESI MEAT SHOP
SERVING THE COMMUNITY FOR OVER 16 YEARS.
FOR BEST & FRESH MEAT, VISIT US!
Tandoori Chicken, Lemon Chicken, Goat, Lamb & Pork Tandoori Fish, Shish-Kabab also Supply Fresh Cut Meat.
NOW SERVING IN 3 LOCATIONS
King George Blvd (Bear Creek) 106-13588-88 Avenue Surrey, BC V3W 3K8, 604-501-2277
Fleetwood Location : 104-15933 Fraser Hwy, Surrey, BC V4N 0Y3, 604-593-5222
Sullivan Heights : #102 - 14330 - 64 Ave Surrey, BC, 604-503-2880



SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES
Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

ਕੈਨੇਡੀਅਨ
ਪੰਜਾਬ ਟਾਈਮਜ਼
Canadian Punjab Times

- Brar Bhagta Bhai Ka
  Editor
  604-751-1113

Funded by the Government of Canada | Financé par le gouvernement du Canada | Canada

- Karamjit Singh Butter
  Journalist
- Simranjit Singh
  Journalist
- Dr. Puran Singh
  Writer
- Dr. Puran Singh
  Writer
- Gora Sandhu Khurd
  News Reporter (Punjab)
- Paramjit Singh
  Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਕੈਨੇਡਾ ਵਿਚ ਵਿਸ਼ੇਸ਼ ਅਹਿਮੀਅਤ ਰੱਖਦੇ ਹਨ ਪੰਜਾਬੀ

**ਲੇਖਕ : ਹਰਜਿੰਦਰ ਸਿੰਘ ਲਾਲ**
**ਫੋਨ: 92168-60000**

**ਸਾਰੀ ਦੁਨੀਆ 'ਚ ਇਨ੍ਹਾਂ ਦੇ ਬਸੇਰੇ,**
**ਪੰਜਾਬੀਆਂ ਦੀ ਸ਼ਾਨ ਵੱਖਰੀ।**
**ਲੋਕੀਂ ਦੁਨੀਆ 'ਚ ਵਸਦੇ ਬਥੇਰੇ,**
**ਪੰਜਾਬੀਆਂ ਦੀ ਸ਼ਾਨ ਵੱਖਰੀ।**

ਪਿਛਲੇ ਕਰੀਬ 2 ਹਫ਼ਤਿਆਂ ਤੋਂ ਕੈਨੇਡਾ ਦੇ 2 ਸੂਬਿਆਂ 'ਉਂਟਾਰੀਓ' ਤੇ 'ਅਲਬਰਟਾ' ਵਿਚ ਫਿਰਦਿਆਂ ਵੱਖ-ਵੱਖ ਪੰਜਾਬੀਆਂ ਬਾਰੇ ਜਾਣਦਿਆਂ ਮੈਨੂੰ 'ਦੇਬੀ ਮਖ਼ਸੂਸਪੁਰੀ' ਦਾ ਉਪਰੋਕਤ ਗੀਤ ਕਈ ਵਾਰ ਯਾਦ ਆਇਆ। ਹਾਲਾਂਕਿ ਵਸੋਂ ਪ੍ਰਤੀਸ਼ਤਤਾ ਦੇ ਹਿਸਾਬ ਨਾਲ ਪੰਜਾਬੀਆਂ ਦੀ ਸਭ ਤੋਂ ਵੱਧ ਵਸੋਂ ਕੈਨੇਡਾ ਦੇ ਸੂਬੇ 'ਬ੍ਰਿਟਿਸ਼ ਕੋਲੰਬੀਆ' ਵਿਚ ਹੈ, ਪਰ ਉਂਟਾਰੀਓ ਦੇ ਕਈ ਸ਼ਹਿਰਾਂ ਤੇ ਐਲਬਰਟਾ ਸੂਬੇ ਦੇ ਕੈਲਗਰੀ ਵਿਚ ਫਿਰਦਿਆਂ ਕੈਨੇਡੀਅਨ ਅੰਗਰੇਜ਼ ਘੱਟ ਤੇ ਪੰਜਾਬੀ ਜ਼ਿਆਦਾ ਨਜ਼ਰ ਆਉਂਦੇ ਹਨ।

ਹਾਲਾਂਕਿ ਕੈਨੇਡਾ ਦੀ 2021 ਦੀ ਮਰਦਮਸ਼ੁਮਾਰੀ ਮੁਤਾਬਿਕ ਕੈਨੇਡਾ ਵਿਚ 9 ਲੱਖ 42 ਹਜ਼ਾਰ 170 ਪੰਜਾਬੀ ਰਹਿੰਦੇ ਹਨ, ਜੋ ਕੈਨੇਡਾ ਦੀ ਕੁੱਲ ਵਸੋਂ ਦਾ ਸਿਰਫ਼ 2.6 ਫ਼ੀਸਦੀ ਹੀ ਬਣਦਾ ਹੈ। ਇਨ੍ਹਾਂ ਵਿਚ ਪਾਕਿਸਤਾਨੀ ਪੰਜਾਬੀ ਵੀ ਸ਼ਾਮਿਲ ਹਨ। ਗਿਣਤੀ ਦੇ ਲਿਹਾਜ਼ ਨਾਲ ਪੰਜਾਬੀਆਂ ਦੀ ਸਭ ਤੋਂ ਵੱਧ ਆਬਾਦੀ ਕੈਨੇਡਾ ਦੇ ਉਂਟਾਰੀਓ ਸੂਬੇ ਵਿਚ ਹੈ। ਇਥੇ 3 ਲੱਖ, 97 ਹਜ਼ਾਰ, 865 ਪੰਜਾਬੀ ਹਨ, ਜੋ ਕੁੱਲ ਵਸੋਂ ਦਾ 2.8 ਫ਼ੀਸਦੀ ਹੈ ਜਦੋਂ ਕਿ ਬ੍ਰਿਟਿਸ਼ ਕੋਲੰਬੀਆ ਵਿਚ ਪੰਜਾਬੀ ਵਸੋਂ ਤਾਂ 3 ਲੱਖ, 15 ਹਜ਼ਾਰ ਹੈ, ਪਰ ਇਹ ਸੂਬੇ ਦੀ ਕੁੱਲ ਵਸੋਂ ਦਾ 6.4 ਫ਼ੀਸਦੀ ਹਨ।

ਐਲਬਰਟਾ ਵਿਚ 1 ਲੱਖ 26 ਹਜ਼ਾਰ, 385 ਪੰਜਾਬੀ ਵਸਦੇ ਹਨ, ਜੋ ਸੂਬੇ ਵਿਚ 3 ਫ਼ੀਸਦੀ ਹਨ। 'ਮਨੀਟੋਬਾ' ਵਿਚ 42 ਹਜ਼ਾਰ 820 ਪੰਜਾਬੀ ਹਨ, ਜੋ ਇਥੋਂ ਦੀ ਕੁੱਲ ਵਸੋਂ ਦਾ 3.3 ਫ਼ੀਸਦੀ ਹਨ। 'ਕਿਊਬੈਕ' ਸੂਬੇ ਵਿਚ 34 ਹਜ਼ਾਰ 290 ਪੰਜਾਬੀ ਹਨ, ਜੋ ਅੱਧਾ ਫ਼ੀਸਦੀ ਤੋਂ ਵੀ ਘੱਟ ਹਨ। ਜਦੋਂ ਕਿ ਕੈਨੇਡਾ ਦੇ ਬਾਕੀ ਸਾਰੇ ਸੂਬਿਆਂ ਵਿਚ ਕੁੱਲ ਮਿਲਾ ਕੇ 25 ਹਜ਼ਾਰ ਤੋਂ ਵਧੇਰੇ ਪੰਜਾਬੀ ਰਹਿੰਦੇ ਹਨ।

ਪਹਿਲੀ ਵਾਰ ਪੰਜਾਬੀ ਕੈਨੇਡਾ ਵਿਚ ਬਰਤਾਨਵੀ ਫ਼ੌਜਾਂ ਨਾਲ 1897 ਵਿਚ 'ਬ੍ਰਿਟਿਸ਼ ਕੋਲੰਬੀਆ' ਪੁੱਜੇ ਸਨ। ਸੰਨ 1900 ਵਿਚ ਕੈਨੇਡਾ ਵਿਚ ਸਿਰਫ਼ 100 ਪੰਜਾਬੀ ਸਨ ਤੇ 1906 ਵਿਚ ਇਨ੍ਹਾਂ ਦੀ ਗਿਣਤੀ ਕੈਨੇਡਾ ਵਿਚ 1500 ਸੀ। ਸ਼ੁਰੂਆਤ ਵਿਚ ਪੰਜਾਬੀ ਸਿੱਖ ਹੀ ਇਥੇ ਪੁੱਜੇ ਸਨ। 1905 ਵਿਚ ਕੈਨੇਡਾ ਦੇ ਬੀ.ਸੀ. ਵਿਚ 'ਗੋਲਡਨ ਸਿਟੀ' ਵਿਚ ਪਹਿਲਾ ਗੁਰਦੁਆਰਾ ਉਸਾਰਿਆ ਗਿਆ ਸੀ। 1926 ਵਿਚ ਇਹ ਗੁਰਦੁਆਰਾ ਅੱਗ ਲੱਗਣ ਕਰਕੇ ਬਰਬਾਦ ਹੋ ਗਿਆ ਸੀ। ਕੈਨੇਡਾ ਵਿਚ ਦੁਬਾਰਾ ਗੁਰਦੁਆਰਾ 1908 ਵਿਚ ਵੈਨਕੂਵਰ ਦੇ 'ਕਿਟੀਸਿਲਾਕੋ' ਵਿਚ ਉਸਾਰਿਆ ਗਿਆ ਸੀ, ਪਰ 1970 ਵਿਚ ਇਸ ਦੀ ਥਾਂ 'ਰੋਸ ਸਟਰੀਟ' ਵਿਚ ਨਵਾਂ ਗੁਰਦੁਆਰਾ ਉਸਾਰਿਆ ਗਿਆ ਸੀ।

ਇਸ ਤਰ੍ਹਾਂ ਕੈਨੇਡਾ ਵਿਚ 1911 ਵਿਚ ਉਸਾਰਿਆ ਤੀਸਰਾ ਗੁਰਦੁਆਰਾ ਜੋ ਬੀ.ਸੀ. ਦੇ ਸ਼ਹਿਰ 'ਐਬਟਸਫੋਰਡ' ਵਿਚ ਹੈ, ਇਸ ਵੇਲੇ ਕੈਨੇਡਾ ਦਾ ਸਭ ਤੋਂ ਪੁਰਾਣਾ ਗੁਰਦੁਆਰਾ ਹੈ। 2002 ਵਿਚ ਇਸ ਨੂੰ ਕੈਨੇਡਾ ਦੀ ਕੌਮੀ ਥਾਂ (ਸਾਈਟ) ਵੀ ਐਲਾਨਿਆ ਗਿਆ ਸੀ। ਵਰਨਣਯੋਗ ਹੈ ਕਿ ਕੈਨੇਡਾ ਵਿਚ ਵਸਦੇ ਪੰਜਾਬੀਆਂ ਵਿਚ 86 ਫ਼ੀਸਦੀ ਸਿੱਖ ਹਨ ਬਾਕੀ ਸਾਰੇ ਧਰਮਾਂ ਜਿਨ੍ਹਾਂ ਵਿਚ ਬਹੁਤਾਤ ਹਿੰਦੂਆਂ, ਮੁਸਲਮਾਨਾਂ ਤੇ ਇਸਾਈਆਂ ਦੀ ਹੈ, ਦੀ ਗਿਣਤੀ 14 ਫ਼ੀਸਦੀ ਹੈ।

ਇਸ ਵੇਲੇ ਕੈਨੇਡਾ ਵਿਚ ਕਰੀਬ 106 ਗੁਰਦੁਆਰੇ ਅਤੇ ਕੁੱਲ 50 ਦੇ ਕਰੀਬ ਮੰਦਰ ਵੀ ਹਨ।

ਸ਼ੁਰੂਆਤ ਵਿਚ ਪੰਜਾਬੀਆਂ ਨੂੰ ਕੈਨੇਡਾ ਵਿਚ ਨਸਲਵਾਦ ਦਾ ਸਾਹਮਣਾ ਕਰਨਾ ਪਿਆ। ਵੱਖ-ਵੱਖ ਫਿਰਕਿਆਂ ਦੇ ਗੋਰੇ ਕੈਨੇਡੀਅਨਾਂ ਨੇ ਏਸ਼ਿਆਈ ਲੋਕਾਂ ਖਿਲਾਫ਼ ਜ਼ੋਰਦਾਰ ਨਸਲਵਾਦ ਵਿਖਾਇਆ ਜਿਸ ਕਰਕੇ 'ਐਂਟੀ ਏਸ਼ੀਅਨ' ਦੰਗੇ ਵੀ ਭੜਕੇ। ਨਤੀਜੇ ਵਜੋਂ 1907 ਵਿਚ ਕੈਨੇਡਾ ਵਿਚ ਪੰਜਾਬੀਆਂ ਦੀ ਜੋ ਗਿਣਤੀ 4700 ਦੇ ਕਰੀਬ ਸੀ, 1914 ਤੱਕ ਘਟ ਕੇ ਸਿਰਫ਼ 2000 ਹੀ ਰਹਿ ਗਈ। 1914 ਵਿਚ ਹੀ 'ਕਾਮਾਗਾਟਾਮਾਰੂ' ਨਾਂਅ ਦੀ ਘਟਨਾ ਵਾਪਰੀ, ਜਿਸ ਲਈ ਕੁਝ ਸਾਲ ਪਹਿਲਾਂ ਕੈਨੇਡਾ ਨੇ ਮੁਆਫ਼ੀ ਵੀ ਮੰਗੀ।

ਕੈਨੇਡੀਅਨ ਕਾਨੂੰਨਾਂ ਕਿ ਸਿਰਫ਼ ਸਿੱਧੇ ਕੈਨੇਡਾ ਪੁੱਜਣ ਵਾਲੇ ਮੁਸਾਫ਼ਰਾਂ ਨੂੰ ਹੀ ਕੈਨੇਡਾ ਵਿਚ ਉਤਰਨ ਅਤੇ ਰਹਿਣ ਦੀ ਇਜਾਜ਼ਤ ਦਿੱਤੀ ਜਾਵੇਗੀ, ਦੀ ਪਾਲਣਾ ਕਰਦਾ ਹੋਇਆ ਜਹਾਜ਼ ਐਸ. ਐਸ. ਕਾਮਾਗਾਟਾਮਾਰੂ




376 ਪੰਜਾਬੀਆਂ ਨੂੰ ਲੈ ਕੇ ਵੈਨਕੂਵਰ ਪੁੱਜਿਆ। ਜਿਨ੍ਹਾਂ ਵਿਚ 340 ਸਿੱਖ, 24 ਮੁਸਲਮਾਨ ਅਤੇ 12 ਹਿੰਦੂ ਸਨ। ਪਰ ਇਨ੍ਹਾਂ ਵਿਚੋਂ ਸਿਰਫ਼ 24 ਨੂੰ ਹੀ ਕੈਨੇਡਾ ਵਿਚ ਦਾਖ਼ਲੇ ਦੀ ਇਜਾਜ਼ਤ ਮਿਲੀ। ਜਦੋਂ ਕਿ 352 ਨੂੰ ਧੱਕੇ ਨਾਲ ਵਾਪਸ ਮੋੜ ਦਿੱਤਾ ਗਿਆ, ਜਿਨ੍ਹਾਂ 'ਤੇ ਕਲਕੱਤਾ ਵਿਚ ਅੰਗਰੇਜ਼ ਹਕੂਮਤ ਵਲੋਂ ਗੋਲੀ ਚਲਵਾਈ ਗਈ, ਜਿਸ ਨਾਲ 15 ਪੰਜਾਬੀ ਮਾਰੇ ਵੀ ਗਏ ਸਨ।

ਦੂਸਰੀ ਵਿਸ਼ਵ ਜੰਗ ਤੋਂ ਬਾਅਦ 1947 ਵਿਚ ਭਾਰਤੀ ਕੈਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਦੇ ਦਿੱਤਾ ਗਿਆ ਤੇ 1950 ਵਿਚ ਪਹਿਲੀ ਵਾਰ ਇਕ ਪੰਜਾਬੀ ਤੇ ਸਿੱਖ ਗਿਆਨੀ ਨਿਰੰਜਣ ਸਿੰਘ ਗਰੇਵਾਲ ਬੋਰਡ ਆਫ਼ ਕਮਿਸ਼ਨਰ ਦਾ ਮੈਂਬਰ ਚੁਣਿਆ ਗਿਆ। ਉਹ ਮਿਸ਼ਨ ਸਿਟੀ ਦਾ ਮੇਅਰ ਵੀ ਬਣਿਆ। ਪਰ ਬਾਅਦ ਵਿਚ ਉਸ ਦੀਆਂ ਕਈ ਮਿੱਲਾਂ ਸਾੜ ਦਿੱਤੀਆਂ ਗਈਆਂ ਅਤੇ ਉਸ ਦੀ ਮੌਤ ਵੀ ਬੜੇ ਭੇਦਭਰੇ ਹਾਲਾਤ ਵਿਚ ਹੋਈ। ਸ਼ੱਕ ਕੀਤਾ ਜਾਂਦਾ ਹੈ ਕਿ ਉਨ੍ਹਾਂ ਦਾ ਕਤਲ ਨਸਲਵਾਦ ਦੀ ਹੀ ਘਟਨਾ ਸੀ।

1967 ਵਿਚ ਕੈਨੇਡੀਅਨ ਇਮੀਗ੍ਰੇਸ਼ਨ ਵਿਚ ਜਾਤੀ ਸਮੂਹਾਂ ਦਾ ਕੋਟਾ ਖ਼ਤਮ ਹੋਣ 'ਤੇ ਪੰਜਾਬੀਆਂ ਨੂੰ ਕੈਨੇਡਾ ਵਿਚ ਤੇਜ਼ੀ ਨਾਲ ਵਸਣ ਦੇ ਮੌਕੇ ਮਿਲੇ। 1986 'ਚ ਮੋਅ ਸਹੋਤਾ ਪਹਿਲੇ ਪੰਜਾਬੀ ਸੂਬਾਈ ਪਾਰਲੀਮੈਂਟ ਦੇ ਮੈਂਬਰ ਬਣੇ। ਪਰ ਹੁਣ ਤਾਂ ਪੰਜਾਬੀਆਂ ਦੀ ਕੈਨੇਡਾ ਦੀ ਕੌਮੀ ਪਾਰਲੀਮੈਂਟ ਵਿਚ ਵੱਖਰੀ ਸ਼ਾਨ ਹੈ। 2019 ਦੀਆਂ ਕੈਨੇਡੀਅਨ ਫੈਡਰਲ ਚੋਣਾਂ ਵਿਚ ਤਾਂ ਕਰੀਬ 19 ਪੰਜਾਬੀ ਜੇਤੂ ਰਹੇ ਸਨ। 2021 ਦੀਆਂ ਚੋਣਾਂ ਵਿਚ ਵੀ 17 ਭਾਰਤੀ ਮੂਲ ਦੇ ਲੋਕ ਚੁਣੇ ਗਏ ਸਨ, ਜਿਨ੍ਹਾਂ ਵਿਚੋਂ 16 ਪੰਜਾਬੀ ਹਨ।

ਹਾਲਾਂਕਿ ਭਾਰਤ ਵਿਚੋਂ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿਚ ਭਾਰਤੀ ਕਾਨੂੰਨੀ ਤੇ ਗ਼ੈਰ ਕਾਨੂੰਨੀ ਤਰੀਕਿਆਂ ਨਾਲ ਕੈਨੇਡਾ ਜਾਂਦੇ ਹਨ ਤੇ ਵੱਖ-ਵੱਖ ਤਰੀਕਿਆਂ ਨਾਲ ਪੱਕੇ ਵੀ ਹੁੰਦੇ ਰਹੇ ਹਨ ਪਰ 2021 ਦੇ ਅੰਕੜੇ ਹੈਰਾਨ ਕਰਨ ਵਾਲੇ ਹਨ।

2021 ਵਿਚ ਕੈਨੇਡਾ ਵਿਚ ਪੜ੍ਹਨ ਲਈ ਕਰੀਬ ਸਾਢੇ 8 ਲੱਖ ਵਿਦਿਆਰਥੀ ਪੁੱਜੇ, ਜਿਨ੍ਹਾਂ ਵਿਚੋਂ 4 ਲੱਖ 5 ਹਜ਼ਾਰ ਇਕੱਲੇ ਭਾਰਤੀ ਸਨ।

ਕੈਨੇਡਾ ਭਾਰਤ ਨਾਲੋਂ ਖੇਤਰਫਲ ਵਿਚ 3 ਗੁਣਾ ਤੋਂ ਜ਼ਿਆਦਾ ਵੱਡਾ ਹੈ। ਭਾਰਤ ਦਾ ਕੁੱਲ ਖੇਤਰਫਲ 32 ਲੱਖ 87 ਹਜ਼ਾਰ 263 ਵਰਗ ਕਿੱਲੋਮੀਟਰ ਹੈ, ਜਦੋਂ ਕਿ ਕੈਨੇਡਾ ਦਾ ਕੁੱਲ ਖੇਤਰਫਲ 99 ਲੱਖ 84 ਹਜ਼ਾਰ, 670 ਵਰਗ ਕਿੱਲੋਮੀਟਰ ਹੈ, ਪਰ ਇਸ ਦੇ ਉਲਟ ਆਬਾਦੀ ਦੇ ਲਿਹਾਜ਼ ਨਾਲ ਭਾਰਤ, ਕੈਨੇਡਾ ਨਾਲੋਂ 35 ਗੁਣਾ ਤੋਂ ਵੀ ਵਧੇਰੇ ਵੱਡਾ ਹੈ। ਭਾਰਤ ਦੀ ਆਬਾਦੀ ਇਸ ਵੇਲੇ 141 ਕਰੋੜ, 61 ਲੱਖ ਤੋਂ ਵੱਧ ਹੈ ਜਦੋਂ ਕਿ ਕੈਨੇਡਾ ਦੀ ਆਬਾਦੀ ਸਿਰਫ਼ 3 ਕਰੋੜ, 86 ਲੱਖ ਦੇ ਕਰੀਬ ਹੈ। ਹਾਂ ਕੈਨੇਡਾ ਵੀ ਭਾਰਤ ਵਾਂਗ ਬਹੁ-ਧਰਮੀ ਵਸੋਂ ਵਾਲਾ ਦੇਸ਼ ਹੈ।

ਭਾਰਤ ਵਿਚ 79.8 ਫ਼ੀਸਦੀ ਹਿੰਦੂ, 14.2 ਫ਼ੀਸਦੀ ਮੁਸਲਮਾਨ, 2.3 ਫ਼ੀਸਦੀ ਈਸਾਈ, 1.7 ਫ਼ੀਸਦੀ ਸਿੱਖ ਤੇ 2 ਫ਼ੀਸਦੀ ਹੋਰ ਧਰਮਾਂ ਦੇ ਲੋਕ ਰਹਿੰਦੇ ਹਨ। ਜਦੋਂ ਕਿ ਕੈਨੇਡਾ ਵਿਚ 39 ਫ਼ੀਸਦੀ ਕੈਥੋਲਿਕ, 20.3 ਫ਼ੀਸਦੀ ਪ੍ਰੋਟੈਸਟੈਂਟ ਅਤੇ 1.6 ਫ਼ੀਸਦੀ ਓਰਥੋਡੋਕਸ ਈਸਾਈ ਵਸਦੇ ਹਨ। ਮੁਸਲਿਮ 3.2 ਫ਼ੀਸਦੀ, ਹਿੰਦੂ 1.5 ਫ਼ੀਸਦੀ ਸਿੱਖ 1.5 ਫ਼ੀਸਦੀ ਅਤੇ ਬਾਕੀ ਧਰਮਾਂ ਅਤੇ ਧਰਮਾਂ ਨੂੰ ਨਾ ਮੰਨਣ ਵਾਲੇ ਕਰੀਬ 23 ਫ਼ੀਸਦੀ ਲੋਕ ਵਸਦੇ ਹਨ।

ਆਰਥਿਕ ਖੇਤਰ ਵਿਚ ਭਾਰਤ ਇਸ ਵੇਲੇ ਵਿਸ਼ਵ ਦੀ 5ਵੇਂ ਨੰਬਰ ਦੀ ਆਰਥਿਕਤਾ ਬਣ ਚੁੱਕਾ ਹੈ ਜਦੋਂ ਕਿ ਕੈਨੇਡਾ ਵਿਸ਼ਵ ਵਿਚ 8ਵੇਂ ਨੰਬਰ 'ਤੇ ਹੈ। ਭਾਰਤ ਦੀ ਕੁੱਲ ਜੀ.ਡੀ.ਪੀ. 3.535 ਟ੍ਰਿਲੀਅਨ ਅਮਰੀਕੀ ਡਾਲਰ ਹੈ ਤੇ ਕੈਨੇਡਾ ਦੀ ਕੁੱਲ ਜੀ.ਡੀ.ਪੀ. 2.237 ਟ੍ਰਿਲੀਅਨ ਅਮਰੀਕੀ ਡਾਲਰ ਦੀ ਹੈ। ਪਰ ਭਾਰਤ ਲਈ ਇਹ ਉਸ ਵੇਲੇ ਏਨੇ ਮਾਣ ਦੀ ਗੱਲ ਨਹੀਂ ਰਹਿੰਦੀ ਜਦੋਂ ਇਸ ਨੂੰ ਪ੍ਰਤੀ ਜੀਅ ਜੀ.ਡੀ.ਪੀ. ਦੇ ਹਿਸਾਬ ਨਾਲ ਦੇਖਿਆ ਜਾਵੇ। ਭਾਰਤ ਵਿਚ ਪ੍ਰਤੀ ਜੀਅ ਜੀ.ਡੀ.ਪੀ. ਸਿਰਫ਼ 2543 ਅਮਰੀਕੀ ਡਾਲਰ ਹੈ ਜਦੋਂ ਕਿ ਕੈਨੇਡਾ ਵਿਚ ਪ੍ਰਤੀ ਜੀਅ ਜੀ.ਡੀ.ਪੀ. 57406 ਅਮਰੀਕੀ ਡਾਲਰ ਹੈ ਜੋ ਭਾਰਤ ਨਾਲੋਂ 22.5 ਗੁਣਾ ਵਧ ਹੈ। ਇਸ ਮਾਮਲੇ ਵਿਚ ਕੈਨੇਡਾ ਦਾ ਵਿਸ਼ਵ ਵਿਚ 14ਵਾਂ ਸਥਾਨ ਹੈ ਤੇ ਭਾਰਤ ਦਾ 142ਵਾਂ।

2021 ਵਿਚ ਕੈਨੇਡਾ ਦੀ ਪ੍ਰਤੀ ਜੀਅ ਜੀ.ਡੀ.ਪੀ. 52051 ਅਮਰੀਕੀ ਡਾਲਰ ਸੀ ਅਤੇ ਭਾਰਤ ਦੀ 2277.4 ਅਮਰੀਕੀ ਡਾਲਰ ਸੀ। ਇਹ ਨੋਟ ਕਰਨ ਵਾਲੀ ਗੱਲ ਹੈ ਕਿ ਭਾਰਤ ਵਿਚ ਮਹਿੰਗਾਈ ਦਰ 7 ਫ਼ੀਸਦੀ ਦੇ ਕਰੀਬ ਹੈ ਤੇ ਕੈਨੇਡਾ ਵਿਚ ਇਹ ਦਰ 5.1 ਫ਼ੀਸਦੀ ਹੈ, ਜਿਸ ਨਾਲ ਸੰਬੰਧਿਤ ਦੇਸ਼ ਦੇ ਵਾਸੀਆਂ ਦੀ ਖ਼ਰੀਦ ਸ਼ਕਤੀ ਘੱਟ ਹੁੰਦੀ ਹੈ ਭਾਵ ਮਹਿੰਗਾਈ ਵਧਦੀ ਹੈ।

ਭਾਰਤ ਆਬਾਦੀ ਦੇ ਲਿਹਾਜ਼ ਨਾਲ ਕੈਨੇਡਾ ਤੋਂ ਬਹੁਤ ਵੱਡਾ ਦੇਸ਼ ਹੋਣ ਦੇ ਬਾਵਜੂਦ ਬਰਾਮਦ-ਦਰਾਮਦ ਦੇ ਮਾਮਲੇ ਵਿਚ ਕੈਨੇਡਾ ਦੇ ਨੇੜੇ-ਤੇੜੇ ਹੀ ਹੈ। 2020 ਵਿਚ ਭਾਰਤ ਨੇ 484.95 ਬਿਲੀਅਨ ਅਮਰੀਕੀ ਡਾਲਰ ਦੀ ਬਰਾਮਦ ਕੀਤੀ ਸੀ ਅਤੇ ਕੁੱਲ 493.18 ਬਿਲੀਅਨ ਅਮਰੀਕੀ ਡਾਲਰ ਦੀ ਦਰਾਮਦ ਕੀਤੀ ਸੀ ਜਦੋਂ ਕਿ ਕੈਨੇਡਾ ਦੇ 2020 ਦੇ ਅੰਕੜਿਆਂ ਅਨੁਸਾਰ ਕੈਨੇਡਾ ਨੇ ਇਸੇ ਸਮੇਂ ਦੌਰਾਨ 477.31 ਬਿਲੀਅਨ ਡਾਲਰ ਦੀ ਬਰਾਮਦ ਕੀਤੀ ਸੀ ਅਤੇ 510.29 ਬਿਲੀਅਨ ਅਮਰੀਕੀ ਡਾਲਰ ਦੀ ਦਰਾਮਦ ਕੀਤੀ ਸੀ।

ਭਾਰਤ ਵਿਚ ਇੰਟਰਨੈੱਟ ਤੇ ਫੋਨ ਦੀਆਂ ਦਰਾਂ ਕੈਨੇਡਾ ਤੋਂ ਬਹੁਤ ਸਸਤੀਆਂ ਹਨ।

ਇਕ ਹੈਰਾਨੀਜਨਕ ਤੱਥ ਇਹ ਹੈ ਕਿ ਭਾਰਤ ਦੁਨੀਆ ਭਰ ਵਿਚ ਦਵਾਈਆਂ ਦਾ ਵੱਡਾ ਬਰਾਮਦਕਾਰ ਦੇਸ਼ ਹੋਣ ਦੇ ਬਾਵਜੂਦ ਨਾਗਰਿਕਾਂ ਦੀ ਉਮਰ ਦੇ ਮਾਮਲੇ ਵਿਚ ਬਹੁਤ ਪਿੱਛੇ ਹੈ। ਉਥੇ ਕੈਨੇਡਾ ਵਾਸੀਆਂ ਦੀ ਔਸਤ ਉਮਰ 83 ਸਾਲ ਹੈ ਜੋ ਪੁਰਸ਼ਾਂ ਦੀ 81 ਸਾਲ ਤੇ ਔਰਤਾਂ ਦੀ 86 ਸਾਲ ਹੈ। ਜਦੋਂ ਕਿ ਭਾਰਤੀਆਂ ਦੀ ਔਸਤ ਉਮਰ 70 ਕੁ ਸਾਲ ਹੈ, ਜੋ ਪੁਰਸ਼ਾਂ ਲਈ 68 ਅਤੇ ਔਰਤਾਂ ਲਈ 71 ਸਾਲ ਹੀ ਹੈ। ਭਾਰਤ ਵਿਚ 2017 ਦੇ ਅੰਕੜਿਆਂ ਅਨੁਸਾਰ 1 ਲੱਖ ਗਰਭਵਤੀ ਔਰਤਾਂ ਵਿਚੋਂ ਜਣੇਪੇ ਵੇਲੇ 145 ਔਰਤਾਂ ਦੀ ਮੌਤ ਹੋ ਜਾਂਦੀ ਹੈ। ਜਦੋਂ ਕਿ ਕੈਨੇਡਾ ਵਿਚ 1 ਲੱਖ ਪਿੱਛੇ ਸਿਰਫ਼ 10 ਗਰਭਵਤੀ ਔਰਤਾਂ ਹੀ ਜਣੇਪੇ ਦੌਰਾਨ ਮੌਤ ਦੇ ਮੂੰਹ ਵਿਚ ਜਾਂਦੀਆਂ ਹਨ।

# ਅਮਰੀਕਾ 'ਚ ਸਦੀ ਦਾ ਸਭ ਤੋਂ ਖਤਰਨਾਕ ਤੂਫਾਨ 'ਮਿਲਟਨ', 3 ਘੰਟਿਆਂ 'ਚ 3 ਮਹੀਨਿਆਂ ਦੀ ਵਰਖਾ



ਬੀਤੇ ਕੱਲ੍ਹ ਅਮਰੀਕੀ ਸੂਬੇ ਫ਼ਲੋਰਿਡਾ ਦੇ ਸਮੁੰਦਰੀ ਤਟ ਨਾਲ ਸਦੀ ਦਾ ਸਭ ਤੋਂ ਖਤਰਨਾਕ ਤੂਫਾਨ 'ਮਿਲਟਨ' ਟਕਰਾਇਆ। ਇਸ ਨੇ ਫ਼ਲੋਰਿਡਾ ਦੇ ਸੈਂਟ ਪੀਟਰਸਬਰਗ ਵਿੱਚ ਪਿਛਲੇ ਕਈ ਸਾਲਾਂ ਦਾ ਸਭ ਤੋਂ ਵੱਧ ਮੀਂਹ ਪੈਣ ਦਾ ਰਿਕਾਰਡ ਤੋੜ ਦਿੱਤਾ ਹੈ। ਸਿਰਫ਼ 3 ਘੰਟਿਆਂ ਵਿੱਚ ਇੱਥੇ 16 ਇੰਚ ਮੀਂਹ ਪਿਆ ਜਿਹੜਾ ਕਿ ਆਮ ਤੌਰ 'ਤੇ 3 ਮਹੀਨਿਆਂ ਵਿੱਚ ਪੈਂਦਾ ਹੈ।

ਮਿਲਟਨ, ਜੋ ਕਿ ਇਸ ਸਾਲ ਦਾ ਤੀਜਾ ਹਰੀਕੇਨ ਹੈ ਫ਼ਲੋਰਿਡਾ ਨਾਲ ਟਕਰਾਇਆ, ਸ਼ੁਰੂ ਵਿੱਚ ਕੈਟੇਗਰੀ 5 ਦਾ ਤੂਫ਼ਾਨ ਸੀ, ਪਰ ਸੀਆਸਟਾ ਸ਼ਹਿਰ ਨਾਲ ਟਕਰਾਉਂਦੇ ਸਮੇਂ ਇਹ ਕੈਟੇਗਰੀ 3 ਦਾ ਹੋ ਗਿਆ ਅਤੇ ਹੁਣ ਇਸ ਨੂੰ ਕੈਟੇਗਰੀ 2 ਦਾ ਤੂਫਾਨ ਐਲਾਨਿਆ ਗਿਆ ਹੈ। ਇਸਦੇ ਬਾਵਜੂਦ ਇਹ ਤੂਫ਼ਾਨ ਅਸਲ ਵਿੱਚ ਬਹੁਤ ਖਤਰਨਾਕ ਹੈ।

ਹਰੀਕੇਨ ਦੀ ਵਜ੍ਹਾ ਨਾਲ ਫਲੋਰਿਡਾ ਦੇ ਕਈ ਸ਼ਹਿਰਾਂ ਵਿੱਚ 193 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੂਫ਼ਾਨੀ ਹਵਾਵਾਂ ਚਲ ਰਹੀਆਂ ਹਨ। ਸੀ.ਐਨ.ਐਨ. ਦੀ ਰਿਪੋਰਟ ਮੁਤਾਬਕ, ਲਗਭਗ 10 ਲੱਖ ਲੋਕਾਂ ਦੇ ਘਰਾਂ ਦੀ ਬਿਜਲੀ ਚੱਲੀ ਗਈ ਹੈ, ਜਿਸ ਕਾਰਨ ਲੋਕ ਬਿਜਲੀ ਦੇ ਬਗੈਰ ਰਹਿਣ 'ਤੇ ਮਜਬੂਰ ਹਨ।

20 ਲੱਖ ਲੋਕਾਂ ਉੱਤੇ ਹੜ੍ਹ ਦਾ ਸਿੱਧਾ ਖਤਰਾ ਮੰਡਰਾ ਰਿਹਾ ਹੈ। ਹਾਲਾਤ ਇੰਨੇ ਵਿਗੜ ਚੁੱਕੇ ਹਨ ਕਿ ਕਈ ਇਲਾਕਿਆਂ ਵਿੱਚ ਲੋਕਾਂ ਦੀ ਸੁਰੱਖਿਆ ਲਈ ਤੈਨਾਤ ਪੁਲਿਸ ਅਧਿਕਾਰੀਆਂ ਨੂੰ ਵੀ ਮਹਿਫ਼ੂਜ਼ ਥਾਵਾਂ 'ਤੇ ਵਾਪਸ ਆਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਹਰੀਕੇਨ ਦੇ ਨਾਲ ਆਏ ਦਰਜਨਾਂ ਟੋਰਨੇਡੋ ਨੇ ਸਥਿਤੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਇਸ ਸਬੰਧ ਵਿੱਚ ਕਈ ਸ਼ਹਿਰਾਂ ਵਿੱਚ ਐਮਰਜੰਸੀ ਦਾ ਐਲਾਨ ਕੀਤਾ ਗਿਆ ਹੈ। ਰਾਇਟਰਜ਼ ਦੀ ਰਿਪੋਰਟ ਦੇ ਅਨੁਸਾਰ, ਹਰੀਕੇਨ 'ਮਿਲਟਨ' ਨਾਲ ਅਮਰੀਕਾ ਨੂੰ 8 ਲੱਖ ਕਰੋੜ ਦਾ ਨੁਕਸਾਨ ਹੋ ਸਕਦਾ ਹੈ। ਟੌਰਨੇਡੋ ਦੀ ਵਰਤੀ ਹੋਈ ਤਾਕਤ ਅਤੇ ਬਿਜਲੀ ਦੀ ਸਪਲਾਈ ਬੰਦ ਹੋਣ ਕਾਰਨ ਕਈ ਉਦਯੋਗ ਅਤੇ ਕਾਰੋਬਾਰ ਪ੍ਰਭਾਵਿਤ ਹੋਏ ਹਨ।

ਫ਼ਲੋਰਿਡਾ ਦੇ ਕਈ ਹਿੱਸਿਆਂ ਵਿੱਚ ਮੀਂਹ ਕਾਰਨ ਪਾਣੀ ਵੜ ਗਿਆ ਹੈ। ਨਿਊਯਾਰਕ ਟਾਈਮਜ਼ ਦੇ ਮੁਤਾਬਕ, 'ਮਿਲਟਨ' ਦੇ ਨਾਲ ਨਾਲ, ਇੱਕ ਹੋਰ ਤੂਫਾਨ 'ਲੇਸਲੀ' ਵੀ ਅਟਲਾਂਟਿਕ ਮਹਾਂਸਾਗਰ ਵਿੱਚ ਬਣ ਰਿਹਾ ਹੈ। ਹਾਲਾਂਕਿ ਇਸ ਤੂਫ਼ਾਨ ਦੇ ਅਮਰੀਕਾ ਤੱਕ ਪਹੁੰਚਣ ਦੀ ਸੰਭਾਵਨਾ ਬਹੁਤ ਘੱਟ ਹੈ। ਪਰ, ਇਹ ਖਤਰਾ ਬਾਕੀ ਸਮੁੰਦਰੀ ਟਕਰਾਅ ਲਈ ਚਿੰਤਾ ਦਾ ਕਾਰਨ ਬਣਿਆ ਹੋਇਆ ਹੈ। ਸਿਏਸਟਾ ਕੀ ਦੇ ਤੱਟ ਨਾਲ ਟਕਰਾਉਣ ਤੋਂ ਪਹਿਲਾਂ ਮਿਲਟਨ ਸ਼੍ਰੇਣੀ 5 ਦਾ ਤੂਫਾਨ ਸੀ। ਪ੍ਰਭਾਵ ਦੇ ਸਮੇਂ, ਇਹ ਸ਼੍ਰੇਣੀ 3 ਬਣ ਗਿਆ ਅਤੇ ਹੁਣ ਇਸ ਨੂੰ ਸ਼੍ਰੇਣੀ 2 ਦਾ ਤੂਫਾਨ ਘੋਸ਼ਿਤ ਕੀਤਾ ਗਿਆ ਹੈ। ਇਸ ਦੇ ਬਾਵਜੂਦ ਇਹ ਬਹੁਤ ਖਤਰਨਾਕ ਹੈ।

ਤੂਫਾਨ ਕਾਰਨ ਫਲੋਰੀਡਾ ਦੇ ਕਈ ਸ਼ਹਿਰਾਂ 'ਚ 193 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲ ਰਹੀਆਂ ਹਨ। ਅਮਰੀਕੀ ਮੀਡੀਆ ਹਾਊਸ ਮੁਤਾਬਕ ਫਲੋਰੀਡਾ ਵਿੱਚ ਕਰੀਬ 10 ਲੱਖ ਲੋਕਾਂ ਦੇ ਘਰਾਂ ਵਿੱਚ ਬਿਜਲੀ ਨਹੀਂ ਹੈ। 20 ਲੱਖ ਲੋਕਾਂ ਨੂੰ ਹੜ੍ਹ ਦਾ ਖ਼ਤਰਾ ਹੈ। ਹਾਲਾਤ ਇੰਨੇ ਖ਼ਰਾਬ ਹਨ ਕਿ ਕੁਝ ਇਲਾਕਿਆਂ 'ਚ ਲੋਕਾਂ ਦੀ ਸੁਰੱਖਿਆ ਲਈ ਤਾਇਨਾਤ ਪੁਲਿਸ ਮੁਲਾਜ਼ਮਾਂ ਨੂੰ ਵੀ ਸੁਰੱਖਿਅਤ ਥਾਵਾਂ 'ਤੇ ਪਰਤਣ ਦੇ ਹੁਕਮ ਦਿੱਤੇ ਗਏ ਹਨ। ਹੈਲੇਨ ਤੂਫ਼ਾਨ ਕਾਰਨ ਫਲੋਰੀਡਾ, ਜਾਰਜੀਆ, ਦੱਖਣੀ ਕੈਰੋਲੀਨਾ, ਟੈਨੇਸੀ, ਵਰਜੀਨੀਆ ਅਤੇ ਉੱਤਰੀ ਕੈਰੋਲੀਨਾ ਵਿੱਚ ਘੱਟੋ-ਘੱਟ 225 ਮੌਤਾਂ ਹੋਈਆਂ ਹਨ।

ਇਸ ਬਾਰੇ ਨੈਸ਼ਨਲ ਓਸ਼ੀਅਨਿਕ ਐਂਡ ਐਟਮੌਸਫੇਰਿਕ ਐਡਮਨਿਸਟ੍ਰੇਸ਼ਨ (ਐੱਨਓਏਏ) ਨੇ ਅਗਸਤ ਵਿੱਚ ਆਪਣੇ ਸਭ ਤੋਂ ਤਾਜ਼ਾ ਅਪਡੇਟ ਵਿੱਚ ਚੇਤਾਵਨੀ ਦਿੱਤੀ ਸੀ।

ਉਸ ਵਿੱਚ ਕਿਹਾ ਗਿਆ ਸੀ, "ਵਾਯੂਮੰਡਲ ਅਤੇ ਸਮੁੰਦਰੀ ਸਥਿਤੀਆਂ ਨੇ ਇੱਕ ਬੇਹੱਦ ਸਰਗਰਮ ਤੂਫ਼ਾਨੀ ਮੌਸਮ ਲਈ ਮਾਹੌਲ ਤਿਆਰ ਕੀਤਾ ਹੈ, ਜੋ ਹੁਣ ਤੱਕ ਦੇ ਸਭ ਤੋਂ ਮਸਰੂਫ਼ ਮੌਸਮਾਂ ਵਿੱਚ ਸ਼ਾਮਲ ਹੋ ਸਕਦਾ ਹੈ।"

# ਇਜ਼ਰਾਈਲ ਵੱਲੋਂ ਦੱਖਣੀ ਲਿਬਨਾਨ 'ਚ ਜ਼ਮੀਨੀ ਹਮਲੇ ਜਾਰੀ

ਯੇਰੂਸ਼ਲਮ: ਇਜ਼ਰਾਇਲੀ ਫੌਜ ਨੇ ਦੱਖਣੀ ਲਿਬਨਾਨ ਵਿਚ ਹਿਜ਼ਬੁੱਲ੍ਹਾ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਿਆਂ ਆਪਣੀ ਸਰਹੱਦ ਨਾਲ ਲੱਗਦੇ ਪਿੰਡਾਂ ਵਿਚ 'ਜ਼ਮੀਨੀ ਹਮਲੇ' ਸ਼ੁਰੂ ਕਰ ਦਿੱਤੇ ਹਨ। ਇਜ਼ਰਾਈਲ ਨੇ ਇਸ ਨੂੰ 'ਸੀਮਤ ਤੇ ਸਥਾਨਕ' ਅਪਰੇਸ਼ਨ ਕਰਾਰ ਦਿੱਤਾ ਹੈ। ਇਜ਼ਰਾਇਲੀ ਫੌਜ ਨੇ ਦੋ ਦਰਜਨ ਲਿਬਨਾਨੀ ਭਾਈਚਾਰਿਆਂ ਨੂੰ ਅਵਾਲੀ ਨਦੀ ਦਾ ਉੱਤਰੀ ਇਲਾਕਾ ਖਾਲੀ ਕਰਨ ਲਈ ਆਖ ਦਿੱਤਾ ਹੈ। ਇਜ਼ਰਾਈਲ ਨੇ ਕਿਹਾ ਕਿ ਜਿਨ੍ਹਾਂ ਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ, ਉਹ ਉੱਤਰੀ ਇਜ਼ਰਾਈਲ ਵਿਚ ਇਜ਼ਰਾਇਲੀ ਭਾਈਚਾਰਿਆਂ ਲਈ ਫੌਰੀ ਵੱਡਾ ਖ਼ਤਰਾ ਸਨ। ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਹਿਜ਼ਬੁੱਲ੍ਹਾ ਤੇ ਹਮਾਸ ਦੀ ਹਮਾਇਤ ਕਰਨ ਵਾਲੇ ਇਰਾਨ ਨੂੰ ਲੰਘੇ ਦਿਨੀਂ ਚਿਤਾਵਨੀ ਦਿੱਤੀ ਸੀ ਕਿ 'ਮੱਧ ਪੂਰਬ ਵਿਚ ਕੋਈ ਵੀ ਥਾਂ ਇਜ਼ਰਾਈਲ ਦੀ ਪਹੁੰਚ ਤੋਂ ਬਾਹਰ ਨਹੀਂ ਹੈ।'' ਨੇਤਨਯਾਹੂ ਨੇ ਇਹ ਦਾਅਵਾ ਅਜਿਹੇ ਮੌਕੇ ਕੀਤਾ ਸੀ ਜਦੋਂ ਪਿਛਲੇ ਦਿਨੀਂ ਦੱਖਣੀ ਬੈਰੂਤ 'ਤੇ ਕੀਤੇ ਹਵਾਈ ਹਮਲੇ ਵਿਚ ਹਿਜ਼ਬੁੱਲ੍ਹਾ ਮੁਖੀ ਹਸਨ ਨਸਰੱਲ੍ਹਾ ਮਾਰਿਆ ਗਿਆ ਸੀ। ਹਿਜ਼ਬੁੱਲ੍ਹਾ ਦੇ ਕਾਰਜਕਾਰੀ



ਆਗੂ ਨਈਮ ਕਾਸਿਮ ਨੇ ਹਾਲਾਂਕਿ ਲੜਾਈ ਜਾਰੀ ਰੱਖਣ ਦਾ ਵਾਅਦਾ ਕੀਤਾ ਸੀ। ਇਜ਼ਰਾਇਲੀ ਫੌਜ ਨੇ ਕਿਹਾ ਕਿ ਉਸ ਦੇ ਸੁਰੱਖਿਆ ਬਲਾਂ ਨੇ ਅੱਧੀ ਰਾਤ ਨੂੰ ਸਰਹੱਦ ਪਾਰ ਕਰਕੇ ਹਿਜ਼ਬੁੱਲ੍ਹਾ ਦੇ ਟਿਕਾਣਿਆਂ 'ਤੇ ਧਾਵਾ ਬੋਲਿਆ। ਰੀਅਰ ਐਡਮਿਰਲ ਡੈਨੀਅਲ ਹਗਾਰੀ ਨੇ ਜਾਰੀ ਵੀਡੀਓ ਬਿਆਨ ਵਿਚ ਕਿਹਾ ਕਿ ਸਲਾਮਤੀ ਦਸਤੇ ਹਿਜ਼ਬੁੱਲ੍ਹਾ ਖਿਲਾਫ਼ ਕਾਰਵਾਈ ਕਰ ਰਹੇ ਹਨ ਤਾਂ ਕਿ ਉੱਤਰ ਵਿਚ ਇਜ਼ਰਾਇਲੀ ਨਾਗਰਿਕ ਆਪਣੇ ਘਰਾਂ 'ਚ ਸੁਰੱਖਿਅਤ ਵਾਪਸੀ ਕਰ ਸਕਣ। ਹਗਾਰੀ ਨੇ ਕਿਹਾ ਕਿ ਯੂਐੱਨ ਸੁਰੱਖਿਆ ਕੌਂਸਲ ਦੇ ਜਿਸ ਮਤੇ ਨਾਲ 2006 ਵਿਚ ਪਿਛਲੀ ਇਜ਼ਰਾਈਲਹਿਜ਼ਬੁੱਲ੍ਹਾ ਜੰਗ ਰੁਕੀ ਸੀ, ਉਹ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ

## ਕੈਨੇਡੀਅਨ ਨਾਗਰਿਕਾਂ ਨੂੰ ਲਿਬਨਾਨ ਛੱਡਣ ਦੀ ਅਪੀਲ



ਔਟਵਾ : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡੀਅਨ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਤੁਰਤ ਲਿਬਨਾਨ ਛੱਡ ਦੇਣ। ਲਿਬਨਾਨ 'ਚ ਜੰਗ ਦੇ ਹਾਲਾਤ ਬਣਨ ਮਗਰੋਂ ਹੁਣ ਤੱਕ ਇਕ ਹਜ਼ਾਰ ਤੋਂ ਵੱਧ ਕੈਨੇਡੀਅਨਾਂ ਨੂੰ ਵਿਸ਼ੇਸ਼ ਉਡਾਣਾਂ ਰਾਹੀਂ ਵਤਨ ਲਿਆਂਦਾ ਜਾ ਚੁੱਕਿਆ ਹੈ। ਟਰੂਡੋ ਨੇ ਕਿਹਾ ਕਿ ਹਿਜ਼ਬੁੱਲਾ ਅਤੇ ਇਜ਼ਰਾਈਲ ਨੂੰ ਤੁਰਤ ਗੋਲੀਬੰਦੀ ਕਰਨੀ ਚਾਹੀਦੀ ਹੈ ਤਾਂ ਜੋ ਹਾਲਾਤ ਨੂੰ ਸਥਿਰ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਦੇ ਮਤਿਆਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ।

## ਹਿਜ਼ਬੁੱਲਾ ਦੇ 200 ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦਾ ਦਾਅਵਾ

ਬੇਰੂਤ: ਇਜ਼ਰਾਈਲ ਨੇ ਮੱਧ ਬੇਰੂਤ ਦੀ ਇਮਾਰਤ ਨੂੰ ਨਿਸ਼ਾਨਾ ਬਣਾ ਕੇ ਹਵਾਈ ਹਮਲਾ ਕੀਤਾ, ਜਿਸ ਨਾਲ ਨੌਂ ਵਿਅਕਤੀਆਂ ਦੀ ਮੌਤ ਹੋ ਗਈ। ਇਨ੍ਹਾਂ ਵਿਅਕਤੀਆਂ ਨੂੰ ਹਿਜ਼ਬੁੱਲਾ ਦਾ ਮੈਂਬਰ ਦੱਸਿਆ ਗਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਇਜ਼ਰਾਈਲ ਨੇ ਰਾਜਧਾਨੀ ਬੇਰੂਤ ਦੇ ਇਸ ਇਲਾਕੇ ਨੂੰ ਨਿਸ਼ਾਨਾ ਬਣਾਇਆ ਹੈ। ਇਜ਼ਰਾਇਲੀ ਫ਼ੌਜ ਨੇ ਕਿਹਾ ਕਿ ਉਨ੍ਹਾਂ ਲਿਬਨਾਨ 'ਚ ਹਿਜ਼ਬੁੱਲਾ ਦੇ 200 ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਅਤੇ ਹਮਲਿਆਂ 'ਚ 15 ਹਿਜ਼ਬੁੱਲਾ ਲੜਾਕੇ ਮਾਰੇ ਗਏ ਹਨ।






# ਵਿਸ਼ਵ ਮਾਨਸਿਕ ਸਿਹਤ ਦਿਵਸ

## 10 ਅਕਤੂਬਰ




ਸਫ਼ਾ 1 ਦਾ ਬਾਕੀ

ਜੋ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਮਾਨਸਿਕ ਰੋਗ ਕਿਸੇ ਵੀ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਮਾਨਸਿਕ ਸਿਹਤ ਸਾਡੀ ਜ਼ਿੰਦਗੀ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰ ਸਕਦੀ ਹੈ, ਅਸੀਂ ਕਿਵੇਂ ਸੋਚਦੇ ਹਾਂ, ਕਿਵੇਂ ਮਹਿਸੂਸ ਕਰਦੇ ਹਾਂ, ਜੀਵਨ ਕਿਵੇਂ ਜਿਉਣਾ ਹੈ ਅਤੇ ਜੀਵਨ ਦੀਆਂ ਸਮੱਸਿਆਵਾਂ ਨੂੰ ਕਿਵੇਂ ਹੱਲ ਕਰਨਾ ਹੈ। ਇਹ ਸਭ ਸਾਡੀ ਮਾਨਸਿਕ ਸਿਹਤ ਦੇ ਪੱਧਰ ਨੂੰ ਨਿਰਧਾਰਤ ਕਰਦੀਆਂ ਹਨ।

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਮਾਨਸਿਕ ਤੰਦਰੁਸਤੀ ਦੀ ਪਰਿਭਾਸ਼ਾ "ਇਕ ਤੰਦਰੁਸਤੀ ਦੀ ਸਥਿਤੀ ਵਜੋਂ ਕੀਤੀ ਜਾਂਦੀ ਹੈ ਜਿਸ ਵਿੱਚ ਵਿਅਕਤੀ ਆਪਣੀ ਕਾਬਲੀਅਤ ਦਾ ਅਹਿਸਾਸ ਕਰਦਾ ਹੈ, ਜੀਵਨ ਦੇ ਸਧਾਰਣ ਤਣਾਅ ਦਾ ਸਾਮ੍ਹਣਾ ਕਰ ਸਕਦਾ ਹੈ, ਲਾਭਕਾਰੀ ਅਤੇ ਫਲਦਾਇਕ ਕੰਮ ਕਰ ਸਕਦਾ ਹੈ, ਅਤੇ ਯੋਗ ਬਣਾਉਣ ਦੇ ਯੋਗ ਹੁੰਦਾ ਹੈ. ਉਸ ਦੇ ਭਾਈਚਾਰੇ ਲਈ ਯੋਗਦਾਨ. "

ਮਾਨਸਿਕ ਸਿਹਤ ਕਿਸੇ ਦੀ ਭਾਵਨਾਤਮਕ, ਮਨੋਵਿਗਿਆਨਕ ਅਤੇ ਸਮਾਜਕ ਤੰਦਰੁਸਤੀ ਬਾਰੇ ਦੱਸਦੀ ਹੈ. ਸਾਡੀ ਮਾਨਸਿਕ ਸਿਹਤ ਸਾਡੀ ਖਾਣ ਪੀਣ ਦੀਆਂ ਆਦਤਾਂ, ਸਰੀਰਕ ਗਤੀਵਿਧੀ ਦੇ ਪੱਧਰ, ਪਦਾਰਥਾਂ ਦੇ ਇਸਤੇਮਾਲ ਦੇ ਵਤੀਰੇ, ਅਤੇ ਅਸੀਂ ਕਿਵੇਂ ਸੋਚਦੇ ਹਾਂ, ਮਹਿਸੂਸ ਕਰਦੇ ਹਾਂ ਅਤੇ ਮੁਸ਼ਕਲ ਸਥਿਤੀਆਂ ਦਾ ਸਾਹਮਣਾ ਕਰਦੇ ਹਾਂ, ਨੂੰ ਪ੍ਰਭਾਵਤ ਕਰਦੀ ਹੈ. ਅਸੀਂ ਹਰ ਦਿਨ ਮਾਨਸਿਕ ਸਿਹਤ ਦਾ ਸਾਹਮਣਾ ਕਰਦੇ ਹਾਂ. ਕਿਸੇ ਵਿਅਕਤੀ ਦੀ ਮਾਨਸਿਕ ਸਿਹਤ ਉਨੀ ਹੀ ਮਹੱਤਵਪੂਰਨ ਹੁੰਦੀ ਹੈ ਜਿੰਨੀ ਉਨ੍ਹਾਂ ਦੀ ਸਰੀਰਕ ਸਿਹਤ, ਅਤੇ ਮਾਨਸਿਕ ਸਿਹਤ ਦੀਆਂ ਸਥਿਤੀਆਂ ਸਰੀਰਕ ਬਿਮਾਰੀਆਂ ਜਿੰਨੀਆਂ ਅਸਲ ਹਨ. ਦੂਸਰਿਆਂ ਨਾਲ ਗੱਲਬਾਤ ਅਤੇ ਗੱਲਬਾਤ ਦੌਰਾਨ ਇਸ ਨੂੰ ਧਿਆਨ ਵਿੱਚ ਰੱਖਣਾ ਮਹੱਤਵਪੂਰਨ ਹੈ.

### ਦਿਮਾਗੀ ਸਿਹਤ

ਮਾਨਸਿਕ ਸਿਹਤ ਭਾਵਨਾਤਮਕ, ਸਮਾਜਕ ਅਤੇ ਮਨੋਵਿਗਿਆਨਕ ਤੰਦਰੁਸਤੀ ਤੋਂ ਬਣੀ ਹੈ. ਸਕਾਰਾਤਮਕ ਮਾਨਸਿਕ ਸਿਹਤ ਰੱਖਣਾ ਮਹੱਤਵਪੂਰਣ ਹੈ ਅਤੇ ਬਹੁਤ ਸਾਰੇ ਤਰੀਕਿਆਂ ਨਾਲ ਮਦਦਗਾਰ ਹੈ:

ਤੁਹਾਡੀ ਸਰੀਰਕ ਸਿਹਤ ਵਿੱਚ ਸੁਧਾਰ

ਤਣਾਅ ਅਤੇ ਮੁਸ਼ਕਲ ਸਥਿਤੀਆਂ ਦਾ ਸਾਹਮਣਾ ਕਰਨਾ

ਚੰਗੇ ਸਮਾਜਿਕ ਸੰਬੰਧ ਹਨ

ਵਧੇਰੇ ਲਚਕੀਲਾ ਹੋਣਾ ਜਾਂ ਮੁਸ਼ਕਲ ਸਥਿਤੀਆਂ ਤੋਂ ਅਸਾਨੀ ਨਾਲ ਠੀਕ ਹੋ ਜਾਣਾ

ਖੁਸ਼ ਅਤੇ ਹੋਰ ਪੂਰਨ ਮਹਿਸੂਸ ਹੋ ਰਿਹਾ ਹੈ

ਸਰੀਰਕ ਸਿਹਤ ਦੀ ਤਰ੍ਹਾਂ, ਮਾਨਸਿਕ ਸਿਹਤ ਦੀ ਇਕ ਮਹਾਨ ਚੀਜ਼ ਇਹ ਹੈ ਕਿ ਕੁਝ ਕੰਮ ਨਾਲ, ਤੁਸੀਂ ਇਸ ਵਿਚ ਸੁਧਾਰ ਕਰ ਸਕਦੇ ਹੋ! ਵਧੇਰੇ ਸਕਾਰਾਤਮਕ ਮਾਨਸਿਕ ਸਿਹਤ ਦੇ ਵਿਕਾਸ ਲਈ ਕੰਮ ਕਰਨ ਲਈ ਤੁਸੀਂ ਬਹੁਤ ਸਾਰੀਆਂ ਚੀਜ਼ਾਂ ਕਰ ਸਕਦੇ ਹੋ. ਇਹ ਕੁਝ ਕਦਮ ਹਨ ਜੋ ਤੁਸੀਂ ਆਪਣੀ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਲਈ ਲੈ ਸਕਦੇ ਹੋ.

ਸਕਾਰਾਤਮਕ ਰਹੋ

ਸਰੀਰਕ ਤੌਰ ਤੇ ਕਿਰਿਆਸ਼ੀਲ ਰਹੋ

ਦੂਜਿਆਂ ਨਾਲ ਜੁੜੋ

ਫੈਸਲਾ ਕਰੋ ਕਿ ਤੁਹਾਨੂੰ ਕੀ ਮਕਸਦ ਮਿਲਦਾ ਹੈ ਅਤੇ ਇਸ ਦਾ ਪਿੱਛਾ ਕਰੋ

### ਚੰਗੀ ਨੀਂਦ ਲਓ

ਨਜਿੱਠਣ ਦੇ ਨਵੇਂ ਹੁਨਰਾਂ ਨੂੰ ਵੇਖੋ ਅਤੇ ਅਭਿਆਸ ਕਰੋ

ਮਨਨ ਕਰੋ ਜਾਂ ਮਾਨਸਿਕਤਾ ਦਾ ਅਭਿਆਸ ਕਰੋ

ਜਦੋਂ ਤੁਹਾਨੂੰ ਲੋੜ ਹੋਵੇ ਤਾਂ ਪੇਸ਼ੇਵਰ ਮਦਦ ਮੰਗਣ ਤੋਂ ਨਾ ਡਰੋ

ਮਾਨਸਿਕ ਤੌਰ ਤੇ ਸਿਹਤਮੰਦ ਰਹਿਣ ਦੀ ਕੋਸ਼ਿਸ਼ ਕਰਨੀ ਮੁਸ਼ਕਲ ਹੋ ਸਕਦੀ ਹੈ ਅਤੇ ਹਮੇਸ਼ਾਂ ਕੰਮ ਨਹੀਂ ਕਰਦੀ, ਖ਼ਾਸਕਰ ਉੱਚ ਤਣਾਅ ਜਾਂ ਸੋਗ ਦੇ ਸਮੇਂ. ਵਧੇਰੇ ਜਾਣਨ ਲਈ ਮਾਨਸਿਕ ਸਿਹਤ ਦੀਆਂ ਇਨ੍ਹਾਂ ਆਮ ਸਥਿਤੀਆਂ ਤੇ ਨਜ਼ਰ ਮਾਰੋ.

### ਆਤਮ ਹੱਤਿਆ ਦੀ ਕੋਸ਼ਿਸ਼

**ਜਦੋਂ ਵੀ ਕੋਈ ਵਿਅਕਤੀ ਨਿਰਾਸ਼ ਹੁੰਦਾ ਤਾਂ ਉਹ ਇਸ ਤਰ੍ਹਾਂ ਸੋਚਦਾ ਹੈ :**

ਮੈਂ ਆਪਣੇ ਆਪ ਨੂੰ ਮਾਰਨਾ ਚਾਹੁੰਦਾ ਹਾਂ"

"ਕਾਸ਼ ਮੈਂ ਮਰ ਜਾਂਦਾ"

"ਮੈਂ ਨਿਰਾਸ਼ ਮਹਿਸੂਸ ਕਰਦਾ ਹਾਂ"

"ਜੀਉਣ ਦਾ ਕੋਈ ਕਾਰਨ ਨਹੀਂ"

"ਮੈਂ ਚਾਹੁੰਦਾ ਹਾਂ ਕਿ ਦਰਦ ਖਤਮ ਹੋਵੇ"

"ਮੈਂ ਬਹੁਤ ਜ਼ਿਆਦਾ ਬੋਝ ਹਾਂ"

"ਮੈਂ ਫਸਿਆ ਮਹਿਸੂਸ ਕਰਦਾ ਹਾਂ"

ਆਤਮ ਹੱਤਿਆ ਦੀਆਂ ਕੋਸ਼ਿਸ਼ਾਂ ਹਰ ਇੱਕ ਲਈ ਇੱਕ ਪ੍ਰੇਰਣਾ ਦੁਆਰਾ ਨਹੀਂ ਹੁੰਦੀਆਂ। ਕੁਝ ਲੋਕਾਂ ਲਈ, ਆਤਮ ਹੱਤਿਆ ਨੂੰ ਗੰਭੀਰ ਭਾਵਨਾਤਮਕ ਜਾਂ ਸਰੀਰਕ ਦਰਦ ਦੇ ਇਕੋ ਇਕ ਹੱਲ ਵਜੋਂ ਵੇਖਿਆ ਜਾਂਦਾ ਹੈ। ਕਈ ਵਾਰ, ਇੱਕ ਵਿਅਕਤੀ ਆਪਣੇ ਆਪ ਨੂੰ ਬੇਚੈਨ ਮਹਿਸੂਸ ਕਰ ਸਕਦਾ ਹੈ ਅਤੇ ਜੀਵਨ ਦੀਆਂ ਨਕਾਰਾਤਮਕ ਘਟਨਾਵਾਂ ਨੂੰ ਸੁਲਝਾਉਣ ਵਿੱਚ ਅਸਮਰੱਥ ਹੋ ਸਕਦਾ ਹੈ। ਦੂਜਿਆਂ ਲਈ, ਆਤਮ ਹੱਤਿਆ ਦੀ ਕੋਸ਼ਿਸ਼ ਦੂਜਿਆਂ ਨੂੰ ਉਨ੍ਹਾਂ ਦੇ ਗੰਭੀਰ ਦੁੱਖਾਂ ਅਤੇ ਉਨ੍ਹਾਂ ਦੀ ਜ਼ਰੂਰਤ ਦੀ ਗੰਭੀਰਤਾ ਬਾਰੇ ਸੰਚਾਰ ਕਰਨ ਦਾ ਇੱਕ ਸਾਧਨ ਹੋ ਸਕਦੀ ਹੈ। ਕਈ ਵਾਰ, ਇੱਕ ਵਿਅਕਤੀ ਜੋ ਖੁਦਕੁਸ਼ੀ ਕਰਨ ਬਾਰੇ ਸੋਚ ਰਿਹਾ ਹੈ ਉਹ ਮਾਨਸਿਕ ਸਿਹਤ ਦੀ ਸਥਿਤੀ ਨਾਲ ਰਹਿ ਰਿਹਾ ਹੈ, ਜਿਵੇਂ ਕਿ ਉਦਾਸੀ ਜਾਂ ਧਰੁਵੀਂ ਵਿਗਾੜ . ਆਤਮ ਹੱਤਿਆ ਦੇ ਸਾਰੇ ਯਤਨਾਂ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ, ਅਤੇ ਵਿਅਕਤੀ ਲਈ ਉਚਿਤ ਸਹਾਇਤਾ ਦੀ ਮੰਗ ਕੀਤੀ ਜਾਣੀ ਚਾਹੀਦੀ ਹੈ।

ਵਿਹਾਰ ਸ਼ਾਮਲ ਹੋ ਸਕਦੇ ਹਨ, ਜਿਵੇਂ ਕਿ:

ਆਪਣੇ ਆਪ ਨੂੰ ਮਾਰਨ ਦੇ ਲਈ ਹਥਿਆਰਾਂ ਦੀ ਵਰਤੋਂ ਕਰਨਾ (ਗੋਲੀਆਂ, ਹਥਿਆਰ)

ਅਲਕੋਹਲ ਜਾਂ ਨਸ਼ੇ ਦੀ ਵਧ ਵਰਤੋਂ ਕਰਨਾ

ਦੂਜਿਆਂ ਨੂੰ ਅਲਵਿਦਾ ਕਹਿਣ ਲਈ ਗੱਲਾਂ ਕਰਨੀਆਂ

ਮੌਤ ਬਾਰੇ ਗੱਲ ਕਰਨਾ ਜਾਂ ਲਿਖਣਾ

ਦੂਜਿਆਂ ਤੋਂ ਅਲੱਗ ਰਹਿਣਾ

ਗਤੀਵਿਧੀਆਂ ਤੋਂ ਪਿੱਛੇ ਹਟਣਾ

ਖੁਦਕੁਸ਼ੀ ਦੁਆਰਾ ਮਰਨ ਦੇ ਤਰੀਕਿਆਂ ਦੀ ਖੋਜ

**ਜਦੋਂ ਵੀ ਕੋਈ ਅਜਿਹੀਆਂ ਗੱਲਾਂ ਕਰਦਾ ਹੈ ਤਾਂ ਉਸ ਨੂੰ ਕਦੇ ਵੀ ਅਣਦੇਖਿਆ ਨਹੀਂ ਕਰਨਾ ਚਾਹੀਦਾ**

ਜੇ ਤੁਸੀਂ ਵੇਖਦੇ ਹੋ ਕਿ ਕੋਈ ਤੁਹਾਡਾ ਰਿਸ਼ਤੇਦਾਰ, ਦੋਸਤ ਜਾਂ ਕੋਈ ਵੀ ਵਿਅਕਤੀ, ਇਸ ਤਰ੍ਹਾਂ ਦੀਆਂ ਗੱਲਾਂ ਕਰ ਰਿਹਾ ਹੈ ਤਾਂ ਸਮਝੋ ਉਸ ਦਾ ਜੀਵਨ ਕਿਸ ਤਰ੍ਹਾਂ ਚਲ ਰਿਹਾ ਹੈ। ਉਸ ਵਿਅਕਤੀ ਨੂੰ ਵੱਧ ਤੋਂ ਵੱਧ ਸੁਣੋ ਅਤੇ ਉਸ ਨੂੰ ਸਮਝ ਲਈ ਉਸ ਦੇ ਵਿਵਹਾਰਾਂ ਵਿਚ ਹੋਲੀ ਹੋਲੀ ਸ਼ਾਮਲ ਹੋਵੋ, ਤਾਂ ਉਨ੍ਹਾਂ ਨੂੰ ਇਹ ਪੁੱਛਣਾ ਮਹੱਤਵਪੂਰਣ ਹੈ ਕਿ ਉਹ ਕਿਵੇਂ ਕਰ ਰਿਹਾ ਹੈ ਅਤੇ ਹੋਲੀ ਹੋਲੀ ਉਸ ਨਾਲ ਖੁੱਲ੍ਹੀ ਗੱਲਬਾਤ ਕਰਨਾ ਸ਼ੁਰੂ ਕਰੋ ਇਸ ਤਰ੍ਹਾਂ ਕਰਨ ਨਾਲ ਇਸ ਗੱਲ ਦੀ ਸੰਭਾਵਨਾ ਜਾਂਦੀ ਹੈ ਕੋਈ ਖੁਦਕੁਸ਼ੀ ਕਰਨ ਵਾਲਾ ਵਿਅਕਤੀ ਆਪਣਾ ਮਨ ਬਦਲ ਲਵੇ ਅਤੇ ਇਸ ਨਾਲ ਉਨ੍ਹਾਂ ਦੀ ਜਾਨ ਬਚ ਸਕਦੀ ਹੈ।

ਆਤਮ ਹੱਤਿਆ ਕਰਨ ਵਾਲੇ ਵਿਚਾਰਾਂ ਜਾਂ ਭਾਵਨਾਵਾਂ ਵਾਲੇ ਕਿਸੇ ਵਿਅਕਤੀ ਦੀ ਮਦਦ ਕਿਵੇਂ ਕਰੀਏ ਇਸ ਬਾਰੇ ਮਹੱਤਵਪੂਰਣ ਜਾਣਕਾਰੀ ਹਮੇਸ਼ਾ ਸਿੱਖੋ।

ਇਸ ਤਰ੍ਹਾਂ ਤੁਸੀਂ ਕਿਸੇ ਹੋਰ ਦੀ ਮਦਦ ਕਰ ਸਕਦੇ ਹੋ, ਇਸ ਦੇ ਨਾਲ ਹੀ ਆਪਣੀ ਦੇਖਭਾਲ ਕਰਨਾ ਵੀ ਮਹੱਤਵਪੂਰਨ ਹੈ। ਕਿਸੇ ਹੋਰ ਦੀ ਮਦਦ ਕਰਦੇ ਹੋਏ ਆਪਣੀ ਸਿਹਤ ਦੇ ਸੰਬੰਧ ਵਿੱਚ, ਆਪਣੇ ਤਣਾਅ ਨੂੰ ਸੰਭਾਲਣ ਲਈ ਕੁਝ ਕਰਨ ਬਾਰੇ ਸੋਚੋ ਜਿਵੇਂ ਕਿ ਮਸਤੀ ਕਰਨਾ, ਸਿਹਤਮੰਦ ਖਾਣਾ, ਕਿਰਿਆਸ਼ੀਲ ਹੋਣਾ, ਜਾਂ ਕਿਸੇ ਹੋਰ ਨਾਲ ਗੱਲ ਕਰਨਾ. ਤੁਸੀਂ ਕਿਸੇ ਅਜਿਹੇ ਵਿਅਕਤੀ ਨਾਲ ਸੰਪਰਕ ਕਰ ਸਕਦੇ ਹੋ ਜਿਸਨੂੰ ਤੁਸੀਂ ਜਾਣਦੇ ਹੋ ਜਾਂ ਮਾਨਸਿਕ ਸਿਹਤ ਦੀਆਂ ਸਥਿਤੀਆਂ ਵਾਲੇ ਲੋਕਾਂ ਦੇ ਪਰਿਵਾਰਕ ਮੈਂਬਰਾਂ ਲਈ ਸਹਾਇਤਾ ਕਰ ਸਕਦੇ ਹੋ।

ਇਸਦਾ ਹੱਲ ਸਾਡੇ ਘਰ ਵਿਚ ਹੀ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਆਪਣਾ ਪੂਰਾ ਸਮਾਂ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਘਰ ਦੇ ਬਜ਼ੁਰਗਾਂ ਦੀ ਛਤਰ ਛਾਇਆ ਵਿਚ ਵਧਣ-ਫੁੱਲਣ ਦੇਣਾ ਚਾਹੀਦਾ ਹੈ। ਬੱਚਿਆ ਨੂੰ ਆਂਢ-ਗੁਆਂਢ ਤੇ ਰਿਸ਼ਤੇਦਾਰਾਂ ਦੇ ਬੱਚਿਆਂ ਨਾਲ ਸਮਾਂ ਗੁਜ਼ਾਰਨ ਦੇ ਮੌਕੇ ਦੇਣੇ ਚਾਹੀਦੇ ਹਨ। ਮਾਪਿਆਂ ਨੂੰ ਬੱਚਿਆਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ। ਵੈਸੇ ਤਾਂ ਮਾਪਿਆਂ ਨੂੰ ਅਜਿਹੇ ਹਾਲਾਤ ਘਰ ਵਿਚ ਬਣਾਉਣੇ ਚਾਹੀਦੇ ਹਨ ਕਿ ਉਹ ਰਾਤ ਦਾ ਖਾਣਾ ਇੱਕਠੇ ਬੈਠ ਕੇ ਖਾਣ ਤੇ ਪੂਰੇ ਦਿਨ ਦੀਆਂ ਸਾਰੀਆਂ ਗੱਲਾਂ ਇਕ ਦੂਜੇ ਨਾਲ ਸਾਂਝੀਆਂ ਕਰਨ ਤਾਂ ਬੱਚਿਆਂ ਵਿਚ ਵੀ ਆਉਣ ਵਾਲੇ ਸਮੇਂ ਲਈ ਇਹ ਆਦਤ ਬਣ ਜਾਂਦੀ ਹੈ। ਉਹ ਰਹਿ ਨਹੀਂ ਸਕੇਗਾ ਆਪਣੀ ਹਰ ਗੱਲ ਘਰ ਵਿਚ ਦੱਸਣ ਤੋਂ। ਗ਼ਲਤ ਕੰਮ ਲਈ ਬੱਚਿਆਂ ਨੂੰ ਤਾੜਨਾ ਵੀ ਚਾਹੀਦਾ ਹੈ। ਜੇ ਘਰ ਦੇ ਬਜ਼ੁਰਗ ਬੱਚਿਆਂ ਨੂੰ ਕਿਸੇ ਗੱਲ ਤੋਂ ਟੋਕਦੇ ਹਨ ਤਾਂ ਮਾਪਿਆਂ ਨੂੰ ਬੱਚਿਆਂ ਨੂੰ ਇਸ ਗੱਲ ਦਾ ਗੁੱਸਾ ਨਹੀਂ ਕਰਦੇ ਹੋਏ ਉਨ੍ਹਾਂ ਦੀ ਗੱਲ ਮੰਨ ਲੈਣ ਲਈ ਸਮਝਾਉਣਾ ਚਾਹੀਦਾ ਹੈ ਕਿ ਬਜ਼ੁਰਗ ਠੀਕ ਕਹਿ ਰਹੇ ਹਨ। ਇਸ ਤਰ੍ਹਾਂ ਉਹ ਬਜ਼ੁਰਗਾਂ ਦਾ ਸਤਿਕਾਰ ਕਰਨਾ ਸਿੱਖਣਗੇ।

ਮਾਪਿਆਂ ਨੂੰ ਬੱਚਿਆਂ ਤੇ ਹਮੇਸ਼ਾ ਸਿਖ਼ਰ 'ਤੇ ਰਹਿਣ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਇਸ ਨਾਲ ਜੇ ਕਦੇ ਬੱਚਾ ਇਹ ਪੁਜੀਸ਼ਨ ਨਹੀਂ ਲੈਂਦਾ ਤਾਂ ਉਸਦੇ ਦਿਮਾਗ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਇਹ ਮਾਨਸਿਕ ਤਣਾਅ ਦਾ ਬਹੁਤ ਵੱਡਾ ਕਾਰਨ ਬਣ ਸਕਦਾ ਹੈ। ਉਸਨੂੰ ਆਉਣ ਵਾਲੀ ਜ਼ਿੰਦਗੀ ਲਈ ਜੋ ਉਤਰਾਅ-ਚੜ੍ਹਾਅ ਆਉਂਦੇ ਹਨ ਉਨ੍ਹਾਂ ਦਾ ਸਾਹਮਣਾ ਕਰਨ ਦੇ ਕਾਬਲ ਬਣਾਉਣਾ ਚਾਹੀਦਾ ਹੈ। ਅੱਜਕੱਲ੍ਹ ਹਰ ਖੇਤਰ ਵਿਚ ਅਨੰਤ ਮੌਕੇ ਹਨ। ਉਹ ਕਿਸੇ ਵੀ ਹੋਰ ਖੇਤਰ ਵਿਚ ਕੋਸ਼ਿਸ਼ ਕਰ ਸਕਦਾ ਹੈ। ਸੋ ਹਾਰ ਜਿੱਤ ਜ਼ਿੰਦਗੀ ਵਿਚ ਉੱਪਰ ਚੜ੍ਹਨ ਲਈ ਪੌੜੀਆਂ ਹਨ ਜੋ ਪਾਰ ਕਰਕੇ ਹੀ ਅਸੀਂ ਆਪਣੀ ਜ਼ਿੰਦਗੀ ਵਿਚ ਅੱਗੇ ਵੱਧਦੇ ਹਾਂ। ਜਿੰਨਾ ਜ਼ਿਆਦਾ ਹਾਰ ਦਾ ਸਾਹਮਣਾ ਕਰਨ ਦੀ ਕਿਸੇ ਵਿਚ ਹਿੰਮਤ ਹੈ ਉਨ੍ਹਾਂ ਹੀ ਉਹ ਕਾਮਯਾਬ ਇਨਸਾਨ ਬਣ ਸਕਦਾ ਹੈ। ਸੋ ਆਉਣ ਵਾਲੇ ਭਵਿੱਖ ਨੂੰ ਜ਼ਿੰਮੇਵਾਰ ਕਾਬਲ ਇਨਸਾਨ ਬਣ ਕੇ ਹੀ ਇੱਕ ਤੰਦਰੁਸਤ ਸਮਾਜ ਸਿਰਜ ਸਕਦੇ ਹਾਂ। ਸ਼ਾਰਟਕੱਟ ਤਰੀਕੇ ਅਪਣਾ ਕੇ ਕੋਈ ਵੀ ਕਾਮਯਾਬ ਨਹੀਂ ਹੋ ਸਕਦਾ।

SINCE : 2007
ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ

ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ

It's Time To Grow Your Business
Advertise with us...

ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ

: canadianpunjabtimes@gmail.com
Contact : 604-338-7310

# ਮਾਨਸਿਕ ਸਿਹਤ ਸਬੰਧੀ ਸੁਚੇਤ ਹੋਣ ਦੀ ਲੋੜ




ਲੇਖਕ : ਡਾ. ਪ੍ਰਭਦੀਪ ਸਿੰਘ ਚਾਵਲਾ
ਸੰਪਰਕ: 98146-56257

ਮਾਨਸਿਕ ਸਿਹਤ 'ਚ ਵਿਗਾੜ ਤੇ ਡਿਪਰੈਸ਼ਨ ਕਾਰਨ ਕਈ ਲੋਕ ਖ਼ੁਦਕੁਸ਼ੀ ਦਾ ਰਸਤਾ ਚੁਣ ਰਹੇ ਹਨ। ਸਾਡੇ ਦੇਸ਼ ਵਿੱਚ ਮਨੋਰੋਗੀਆਂ ਦੀ ਗਿਣਤੀ ਦਿਨੋਂ-ਦਿਨ ਵਧਦੀ ਜਾ ਰਹੀ ਹੈ, ਜੋ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਮਾਨਸਿਕ ਰੋਗ ਕਿਸੇ ਵੀ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਮਾਨਸਿਕ ਸਿਹਤ ਸਾਡੀ ਜ਼ਿੰਦਗੀ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰ ਸਕਦੀ ਹੈ, ਅਸੀਂ ਕਿਵੇਂ ਸੋਚਦੇ ਹਾਂ, ਕਿਵੇਂ ਮਹਿਸੂਸ ਕਰਦੇ ਹਾਂ, ਜੀਵਨ ਕਿਵੇਂ ਜਿਉਣਾ ਹੈ ਅਤੇ ਜੀਵਨ ਦੀਆਂ ਸਮੱਸਿਆਵਾਂ ਨੂੰ ਕਿਵੇਂ ਹੱਲ ਕਰਨਾ ਹੈ। ਇਹ ਸਭ ਸਾਡੀ ਮਾਨਸਿਕ ਸਿਹਤ ਦੇ ਪੱਧਰ ਨੂੰ ਨਿਰਧਾਰਤ ਕਰਦੀਆਂ ਹਨ। ਸਾਡਾ ਭਾਵਨਾਤਮਕ ਸੰਤੁਲਨ, ਮਨੋਵਿਗਿਆਨਕ ਪੱਧਰ ਦੇ ਨਾਲ-ਨਾਲ ਸਮਾਜਿਕ ਤੰਦਰੁਸਤੀ ਵੀ ਸ਼ਾਮਲ ਹੁੰਦੀ ਹੈ, ਸਾਡੀ ਮਾਨਸਿਕ ਸਿਹਤ ਇਹ ਨਿਰਧਾਰਤ ਕਰਨ ਵਿੱਚ ਵੀ ਸਹਾਇਤਾ ਕਰਦੀ ਹੈ ਕਿ ਅਸੀਂ ਦਿਮਾਗੀ ਦਬਾਅ-ਤਣਾਅ ਨਾਲ ਕਿਵੇਂ ਨਜਿੱਠਦੇ ਹਾਂ ਅਤੇ ਜੀਵਨ ਵਿੱਚ ਸੰਤੁਲਨ ਕਿਵੇਂ ਬਣਾਈ ਰੱਖਦੇ ਹਾਂ। ਬਚਪਨ ਤੋਂ ਲੈ ਕੇ ਜਵਾਨੀ, ਜਵਾਨੀ ਤੋਂ ਬੁਢਾਪੇ ਤੱਕ ਜੀਵਨ ਦੇ ਹਰ ਪੜਾਅ ਵਿੱਚ ਮਾਨਸਿਕ ਸਿਹਤ ਮਹੱਤਵਪੂਰਨ ਹੈ।

## ਮਾਨਸਿਕ ਰੋਗ ਦੇ ਲੱਛਣ:-

* ਰੋਗੀ ਅਸਲੀਅਤ ਅਤੇ ਕਲਪਨਾ ਵਿੱਚ ਫਰਕ ਨਹੀਂ ਕਰ ਪਾਉਂਦਾ। ਉਸ ਦੇ ਵਿਵਹਾਰ 'ਚ ਬਦਲਾਅ ਜਿਵੇਂ ਇਕੱਲੇ ਗੱਲਾਂ ਕਰਨਾ, ਸ਼ੱਕ ਕਰਨਾ, ਆਪਣਾ ਖ਼ਿਆਲ ਨਾ ਰੱਖਣਾ ਆਦਿ।
* ਰੋਗੀ ਇੱਕ ਜਾਂ ਇੱਕ ਤੋਂ ਵੱਧ ਪ੍ਰਕਾਰ ਦੇ ਸ਼ੱਕ ਦੇ ਰੋਗ ਵਿੱਚ ਘਿਰ ਜਾਂਦਾ ਹੈ। ਇਸ ਦੌਰਾਨ ਉਹ ਕਈ ਵਾਰ ਲੋਕਾਂ ਤੋਂ ਡਰਦਾ ਹੈ ਅਤੇ ਕਦੇ ਆਪਣੇ ਆਪ ਨੂੰ ਬਹੁਤ ਵੱਡਾ ਸਮਝਦਾ ਹੈ।
* ਮਨ ਦੀ ਉਦਾਸੀ, ਇੱਛਾ ਦਾ ਘਟਣਾ, ਮਨੋਵਿਸ਼ਵਾਸ ਦਾ ਘਟਣਾ, ਜਲਦੀ ਥੱਕਣਾ ਅਤੇ ਭੁੱਖ ਵਿੱਚ ਬਦਲਾਵ, ਪਛਤਾਵੇ ਦੇ ਵਿਚਾਰ ਅਤੇ ਆਤਮ ਹੱਤਿਆ ਕਰਨ ਬਾਰੇ ਵਿਚਾਰ ਜਾਂ ਕੋਸ਼ਿਸ਼ ਕਰਨਾ ਆਦਿ।
* ਯਾਦਾਸ਼ਤ ਘਟਣਾ, ਸਰੀਰ ਦੇ ਕਿਸੇ ਅੰਗ ਦੇ ਸਹੀ ਤਰ੍ਹਾਂ ਕੰਮ ਨਾ ਕਰਨਾ ਅਤੇ ਘਬਰਾਹਟ ਤੋਂ ਉਤਪੰਨ ਦੌਰੇ ਆਦਿ ਸ਼ਾਮਿਲ ਹਨ।

ਉਪਰ ਦੱਸੇ ਅਜਿਹੇ ਲੱਛਣ ਦੋ ਹਫ਼ਤੇ ਤੋਂ ਰਹਿਣ ਤਾਂ ਉਸ ਨੂੰ ਉਦਾਸੀ ਦਾ ਵਿਕਾਰ ਕਿਹਾ ਜਾਂਦਾ ਹੈ। ਵਾਰ-ਵਾਰ ਦਿਲ ਦੀ ਧੜਕਣ ਵਧਣਾ, ਤ੍ਰੇਲੀਆਂ ਆਉਣਾ, ਸਾਹ ਘੁਟਣਾ, ਚੱਕਰ ਆਉਣੇ ਆਦਿ ਘਬਰਾਹਟ ਦੇ ਵਿਕਾਰ ਦੇ ਲੱਛਣ ਹਨ। ਠੀਕ ਹੋਣ ਦੇ ਬਾਵਜੂਦ ਰੋਗੀ ਵਾਰ-ਵਾਰ ਲੰਮੇ ਸਮੇਂ ਤੋਂ ਸਰੀਰ ਦੇ ਵੱਖਰੇ-ਵੱਖਰੇ ਹਿੱਸੇ ਵਿਚ ਦਰਦਾਂ ਦੀ ਸ਼ਿਕਾਇਤ ਕਰਦਾ ਹੈ। ਅਚਾਨਕ ਦਿਮਾਗ ਵਿੱਚ ਕੁੱਝ ਗੜਬੜ ਹੋਣ ਨਾਲ ਦੌਰੇ ਪੈਣੇ, ਜਿਸ ਦੌਰਾਨ ਮਰੀਜ਼ ਦਾ ਸੰਤੁਲਨ ਪੂਰੀ ਤਰ੍ਹਾਂ ਵਿਗੜ ਜਾਂਦਾ ਹੈ ਅਤੇ ਪੂਰਨ ਬੇਹੋਸ਼ੀ, ਅਚਾਨਕ ਡਿੱਗ ਜਾਣਾ ਅਤੇ ਝਟਕੇ ਲੱਗਣਾ ਆਦਿ ਮਾਨਸਿਕ ਰੋਗ ਦੇ ਮੁੱਖ ਲੱਛਣ ਹਨ।

## ਬੱਚਿਆਂ ਵਿੱਚ ਮਾਨਸਿਕ ਸਿਹਤ ਦੀਆਂ ਸਮੱਸਿਆਵਾਂ:-

* ਬੱਚਿਆਂ ਵਿੱਚ 18 ਸਾਲ ਤੋਂ ਪਹਿਲਾਂ ਤੱਕ ਬੁੱਧੀ ਦਾ ਵਿਕਾਸ ਆਮ ਬੱਚਿਆਂ ਨਾਲੋਂ ਘੱਟ ਹੁੰਦਾ ਹੈ ਪਰ ਇਸ ਨੂੰ ਮਾਨਸਿਕ ਵਿਕਾਰ ਨਹੀਂ ਕਿਹਾ ਜਾ ਸਕਦਾ। ਬੱਚੇ ਦੀ ਬੁੱਧੀ ਦਾ ਵਿਕਾਸ ਆਮ ਬੱਚੇ ਵਾਂਗ ਸਾਧਾਰਨ ਹੈ ਪਰ ਸਿਰਫ ਪੜ੍ਹਨ ਤੇ ਹਿਸਾਬ ਲਿਖਣ ਵਿੱਚ ਜੋ ਕਮਜ਼ੋਰ ਹੁੰਦੇ ਹਨ, ਮਾਨਸਿਕ ਵਿਕਾਰ ਵਿੱਚ ਆਉਂਦੇ ਹਨ।
* ਪੰਜ ਸਾਲ ਤੱਕ ਦੇ ਬੱਚੇ, ਜੋ ਇਕ ਥਾਂ ਟਿੱਕ ਕੇ ਨਾ ਬੈਠਣ, ਬਗੈਰ ਕਿਸੇ ਕਾਰਨ ਉਛਲਦੇ ਰਹਿਣ ਅਤੇ ਚੀਜ਼ਾਂ ਨਾਲ ਛੇੜਛਾੜ ਕਰਦੇ ਰਹਿਣ, ਇਸ ਵਿਕਾਰ ਵਿੱਚ ਆਉਂਦੇ ਹਨ।

## ਮਾਨਸਿਕ ਰੋਗ ਦੇ ਕਾਰਨ:

ਕਈ ਬੱਚੇ ਗਰਭ ਸਮੇਂ ਕਿਸੇ ਤਰ੍ਹਾਂ ਦੀ ਇਨਫੈਕਸ਼ਨ-ਅਪਰੇਸ਼ਨ ਵਿੱਚ ਮੁਸ਼ਕਿਲ ਆਦਿ ਕਾਰਨ ਇਸ ਰੋਗ ਦਾ ਸ਼ਿਕਾਰ ਹੋ ਜਾਂਦੇ ਹਨ। ਬੱਚੇ ਨੂੰ ਜ਼ਰੂਰਤ ਤੋਂ ਜ਼ਿਆਦਾ ਝਿੜਕਣਾ ਜਾਂ ਮਾਰਨ ਕੁੱਟਣ ਜਾਂ ਸਖ਼ਤ ਸਜ਼ਾ ਦੇਣ ਨਾਲ ਕਈ ਵਾਰ ਬੱਚਾ ਸਹਿਮ ਜਾਂਦਾ ਹੈ ਤੇ ਦਿਮਾਗੀ ਸੰਤੁਲਨ ਖੋਹ ਬੈਠਦਾ ਹੈ। ਦੂਜਿਆਂ ਸਾਹਮਣੇ ਕਿਸੇ ਵੱਲੋਂ ਬੱਚੇ ਨੂੰ ਨੀਵਾਂ ਦਿਖਾਉਣਾ, ਜਿਸ ਨਾਲ ਬੱਚਾ ਅੰਦਰੋਂ-ਅੰਦਰੀ ਮਾਨਸਿਕ ਚਿੰਤਾ ਦਾ ਸ਼ਿਕਾਰ ਹੋ ਜਾਂਦਾ ਹੈ। ਬੱਚੇ ਨੂੰ ਛੋਟੀ ਉਮਰ ਵਿੱਚ ਕਿਸੇ ਦੁਰਘਟਨਾ ਜਾਂ ਪਰਿਵਾਰਕ ਮੈਂਬਰ ਦੀ ਮੌਤ ਆਦਿ ਸਬੰਧੀ ਕੋਈ ਸਦਮਾ ਲੱਗਣ ਨਾਲ ਵੀ ਮਾਨਸਿਕ ਵਿਗਾੜ ਹੋ ਸਕਦਾ ਹੈ। ਅੱਜ-ਕੱਲ੍ਹ ਤਾਂ ਬੱਚੇ ਗਲਤ ਇਲੈਕਟ੍ਰਾਨਿਕ ਖੇਡਾਂ ਖੇਡਣ ਅਤੇ ਵੀਡੀਓ ਵੇਖਣ ਨਾਲ ਹੀ ਦਿਮਾਗੀ ਸੰਤੁਲਨ ਗਵਾ ਬੈਠਦੇ ਹਨ।

## ਮਾਨਸਿਕ ਰੋਗਾਂ ਦਾ ਇਲਾਜ:

ਇਲਾਜ ਮਰੀਜ਼ ਦੀ ਮਾਨਸਿਕ ਅਵਸਥਾ 'ਤੇ ਨਿਰਭਰ ਕਰਦਾ ਹੈ। ਇਸ ਵਿੱਚ ਦਵਾਈਆਂ ਰਾਹੀਂ ਜਾਂ ਸਲਾਹ ਮਸ਼ਵਰੇ ਤੇ ਵਿਸਥਾਰ ਵਿੱਚ ਗੱਲਬਾਤ ਕਰਨਾ ਵੀ ਸ਼ਾਮਲ ਹੈ। ਮਾਨਸਿਕ ਰੋਗਾਂ ਦੇ ਇਲਾਜ ਲਈ ਸਰਕਾਰੀ ਹਸਪਤਾਲਾਂ ਵਿੱਚ ਮਨੋਰੋਗ ਮਾਹਿਰ ਅਤੇ ਕੌਂਸਲਰ ਦੀ ਸੁਵਿਧਾ ਉਪਲੱਬਧ ਹੈ ਅਤੇ ਲੋੜ ਪੈਣ 'ਤੇ ਮਰੀਜ਼ਾਂ ਨੂੰ ਦਾਖਲ ਕਰਨ ਦਾ ਪ੍ਰਬੰਧ ਵੀ ਹੈ। ਮਰੀਜ਼ ਦੇ ਪਰਿਵਾਰਕ ਮੈਂਬਰਾਂ ਨੂੰ ਮਰੀਜ਼ ਦੀ ਸਹੀ ਸਥਿਤੀ ਦੱਸਦਿਆਂ ਉਸ ਦੀ ਮਾਨਸਿਕਤਾ ਨੂੰ ਸਮਝਣ ਤੇ ਉਸ ਅਨੁਸਾਰ ਸਹੀ ਵਿਵਹਾਰ ਕਰਨ ਦੇ ਤਰੀਕੇ ਵੀ ਸਿਖਾਏ ਜਾਂਦੇ ਹਨ।

ਬਹੁਤ ਸਾਰੇ ਨੁਕਤੇ ਹਨ, ਜੋ ਆਪਣੀ ਮਾਨਸਿਕ ਸਿਹਤ ਨੂੰ ਬਿਹਤਰ ਬਣਾ ਸਕਦੇ ਹਨ। ਸਾਕਾਰਾਤਮਕ ਰਵੱਈਆ ਅਪਣਾਉਣਾ ਮਹੱਤਵਪੂਰਨ ਹੈ। ਨਾਕਾਰਾਤਮਕ ਭਾਵਨਾਵਾਂ ਜਿਵੇਂ ਨਿਰਾਸ਼ਾ, ਬੇਇੱਜ਼ਤੀ ਜਾਂ ਗੁੱਸੇ ਨੂੰ ਮਹਿਸੂਸ ਕਰਨਾ ਵੀ ਜ਼ਰੂਰੀ ਹੈ ਤਾਂ ਜੋ ਸਥਿਤੀ ਮੁਤਾਬਕ ਮੁਸ਼ਕਲ ਦਾ ਹੱਲ ਵੀ ਕੀਤਾ ਜਾ ਸਕੇ। ਜ਼ਿੰਦਗੀ ਵਿੱਚ ਚੰਗੀਆਂ ਚੀਜ਼ਾਂ ਅਤੇ ਮਦਦਗਾਰਾਂ, ਸਹਿਯੋਗੀਆਂ ਲਈ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਇਸ ਨਾਲ ਚੰਗੇ ਵਿਚਾਰ ਅਤੇ ਦੂਸਰਿਆਂ ਨਾਲ ਰਿਸ਼ਤੇ ਮਜ਼ਬੂਤ ਬਣਦੇ ਹਨ। ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ ਅਤੇ ਦੂਜਿਆਂ ਨਾਲ ਤਾਲਮੇਲ, ਨਿਰਭਰਤਾ ਅਤੇ ਸਹਿਯੋਗ ਦੀ ਭਾਵਨਾ ਨਾਲ ਭਾਈਚਾਰਕ ਸਾਂਝ, ਦੋਸਤੀ ਅਤੇ ਚੰਗੇ ਸਬੰਧ ਬਣੇ ਰਹਿੰਦੇ ਹਨ, ਜਿਸ ਨਾਲ ਜ਼ਿੰਦਗੀ ਖ਼ੁਸ਼ਹਾਲ ਰਹਿੰਦੀ ਹੈ। ਮਨ ਵਿੱਚ ਗੁੱਸਾ-ਗਿਲਾ ਅਤੇ ਕਿਸੇ ਪ੍ਰਤੀ ਹੀਣ ਭਾਵਨਾ ਪੈਦਾ ਨਹੀਂ ਹੁੰਦੀ ਅਤੇ ਨਤੀਜੇ ਵਜੋਂ ਮਾਨਸਿਕ ਸਿਹਤ ਤੰਦਰੁਸਤ ਰਹਿੰਦੀ ਹੈ।

ਮਾਨਸਿਕ ਸਿਹਤ ਦਾ ਸਿੱਧਾ ਸਬੰਧ ਜੀਵਨ ਦੀ ਗੁਣਵੱਤਾ ਨਾਲ ਹੈ, ਇਸ ਲਈ ਮਾਨਸਿਕ ਸਿਹਤ ਵੱਲ ਧਿਆਨ ਦੇਣਾ ਸਮੇਂ ਦੀ ਲੋੜ ਹੈ। ਮਾਨਸਿਕ ਸਿਹਤ ਵੀ ਮਹਿਜ਼ ਸਰੀਰਕ ਸਿਹਤ ਦੀ ਤਰ੍ਹਾਂ ਹੀ ਹੁੰਦੀ ਹੈ, ਜਿਸ ਦਾ ਧਿਆਨ ਰੱਖਣਾ ਵੀ ਉਨਾ ਹੀ ਜ਼ਰੂਰੀ ਹੈ। ਸਰੀਰਕ ਅਤੇ ਮਾਨਸਿਕ ਸਿਹਤ ਆਪਸ ਵਿੱਚ ਜੁੜੀ ਹੋਈ ਹੈ ਅਤੇ ਦੋਵਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਸਰੀਰ ਦੀ ਕਸਰਤ ਕਰਨੀ ਮਾਨਸਿਕ ਪ੍ਰੇਸ਼ਾਨੀ, ਚਿੰਤਾ-ਤਣਾਅ ਅਤੇ ਉਦਾਸੀ ਦੀਆਂ ਭਾਵਨਾਵਾਂ ਨੂੰ ਕਾਫੀ ਹੱਦ ਤੱਕ ਘਟਾ ਸਕਦੀ ਹੈ ਅਤੇ ਤੁਹਾਡੇ ਸੁਭਾਅ 'ਚ ਸੁਧਾਰ ਹੋ ਸਕਦਾ ਹੈ। ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ, ਸਰੀਰ ਨੂੰ ਪਸੀਨਾ ਆਉਂਦਾ ਹੈ ਤੇ ਲਹੂ ਚੱਕਰ ਸਹੀ ਹੋ ਜਾਂਦਾ ਹੈ। ਵਾਧੂ ਕੈਲੋਰੀਆਂ ਸੜਦੀਆਂ ਹਨ, ਚਰਬੀ ਘਟਦੀ ਹੈ, ਜਿਸ ਨਾਲ ਕੋਲੈਸਟ੍ਰੋਲ ਦੀ ਕੋਈ ਸਮੱਸਿਆ ਨਹੀਂ ਹੁੰਦੀ, ਭਾਰ ਸੰਤੁਲਿਤ ਰਹਿੰਦਾ ਹੈ, ਸਰੀਰ ਅਤੇ ਦਿਮਾਗ ਨੂੰ ਤਰੋ-ਤਾਜ਼ਾ ਰੱਖਣ ਲਈ ਸਰੀਰਕ ਗਤੀਵਿਧੀਆਂ ਜ਼ਰੂਰੀ ਹਨ। ਦਿਲ ਅਤੇ ਦਿਮਾਗ ਤੰਦਰੁਸਤ ਰਹਿੰਦੇ ਹਨ, ਪਾਚਣ ਕਿਰਿਆ ਠੀਕ ਰਹਿੰਦੀ ਹੈ ਅਤੇ ਸਰੀਰਕ ਇਮਿਊਨਿਟੀ ਮਜ਼ਬੂਤ ਬਣੀ ਰਹਿੰਦੀ ਹੈ, ਸਰੀਰ ਅਰੋਗ ਰਹਿੰਦਾ ਹੈ।

ਨੀਂਦ ਤੁਹਾਡੇ ਸੁਭਾਅ ਨੂੰ ਪ੍ਰਭਾਵਿਤ ਕਰਦੀ ਹੈ, ਜੇ ਚੰਗੀ ਨੀਂਦ ਨਹੀਂ ਆਉਂਦੀ ਤਾਂ ਤੁਸੀਂ ਚਿੜਚਿੜੇ ਅਤੇ ਗੁੱਸੇ ਵਿੱਚ ਵਧੇਰੇ ਆਸਾਨੀ ਨਾਲ ਆ ਸਕਦੇ ਹੋ। ਜੇ ਕਾਫੀ ਲੰਮੇ ਸਮੇਂ ਤੱਕ ਅਨੀਂਦਰਾ ਰਹੇ ਤਾਂ ਮਾਨਸਿਕ ਸਿਹਤ ਖਰਾਬ ਹੋ ਸਕਦੀ ਹੈ। ਡਿਪਰੈਸ਼ਨ ਦਾ ਡਰ ਬਣ ਸਕਦਾ ਹੈ, ਇਸ ਲਈ ਇਹ ਕੋਸ਼ਿਸ਼ ਕਰੋ ਕਿ ਤੁਸੀਂ ਨਿਯਮਿਤ ਤੌਰ 'ਤੇ ਹਰ ਰੋਜ਼ ਰਾਤ ਨੂੰ 6 ਤੋਂ 8 ਘੰਟਿਆਂ ਦੀ ਨੀਂਦ ਲਓ।

ਤੁਹਾਨੂੰ ਸਰੀਰਕ ਤੌਰ 'ਤੇ ਤੰਦਰੁਸਤ ਰੱਖਣ ਤੋਂ ਇਲਾਵਾ, ਚੰਗਾ ਪੋਸ਼ਣ ਤੁਹਾਡੀ ਮਾਨਸਿਕ ਸਥਿਤੀ ਨੂੰ ਬਿਹਤਰ ਸਥਿਤੀ ਵਿੱਚ ਰੱਖਣ ਵਿੱਚ ਵੀ ਸਹਾਇਤਾ ਕਰਦਾ ਹੈ। ਇੱਕ ਸੰਤੁਲਿਤ ਖੁਰਾਕ ਚਿੰਤਾ ਅਤੇ ਤਣਾਅ ਨੂੰ ਘਟਾ ਸਕਦੀ ਹੈ, ਇਸ ਤੋਂ ਇਲਾਵਾ ਕੁਝ ਖਾਸ ਪੌਸ਼ਟਿਕ ਤੱਤਾਂ ਦਾ ਸੇਵਨ ਕਰਨ ਨਾਲ ਕੁਝ ਮਾਨਸਿਕ ਵਿਗਾੜ ਤੋਂ ਦੂਰੀ ਬਣਾਈ ਜਾ ਸਕਦੀ ਹੈ। ਦਿਮਾਗ ਅਤੇ ਸਰੀਰ ਨੂੰ ਬਿਹਤਰ ਰੱਖਣ ਵਿੱਚ ਵੱਖ-ਵੱਖ ਯੋਗ ਆਸਣ ਸਹਾਈ ਹਨ। ਮਾਨਸਿਕ ਮਾਹਿਰ ਅਤੇ ਮੈਡੀਕਲ ਵਿਗਿਆਨੀ ਵੀ ਇਨ੍ਹਾਂ ਪ੍ਰਕਿਰਿਆਵਾਂ ਨੂੰ ਅਮਲ 'ਚ ਲਿਆਉਣ ਲਈ ਲੋਕਾਂ ਨੂੰ ਸਲਾਹ ਦਿੰਦੇ ਹਨ। ਸੰਤੁਸ਼ਟ ਰਹੋ, ਖੁਸ਼ ਰਹੋ ਅਤੇ ਦੂਜਿਆਂ ਨੂੰ ਦੇਖ ਈਰਖਾ ਦੀ ਭਾਵਨਾ ਤੋਂ ਬਚੋ।

## ਆਖ਼ਰ ਕਿਉਂ ਹੁੰਦੇ ਹਾਂ ਤਣਾਅ ਦਾ ਸ਼ਿਕਾਰ

ਤਣਾਅ ਇੱਕ ਗੁੰਝਲਦਾਰ ਭਾਵਨਾ ਹੈ ਅਤੇ ਇਸ ਦੀਆਂ ਜੜ੍ਹਾਂ ਨੂੰ ਸਮਝਣਾ ਮੁਸ਼ਕਲ ਹੋ ਸਕਦਾ ਹੈ। ਕੁਝ ਲੋਕਾਂ ਨੂੰ ਸ਼ਾਇਦ ਇਹ ਵੀ ਪਤਾ ਨਾ ਹੋਵੇ ਕਿ ਇਹ ਤਣਾਅ ਹੈ ਜੋ ਉਹਨਾਂ ਦੀਆਂ ਸਾਰੀਆਂ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਦਾ ਕਾਰਨ ਬਣ ਰਿਹਾ ਹੈ। ਸਾਡਾ ਸਰੀਰ ਅਤੇ ਦਿਮਾਗ ਵੀ ਇਸ ਤਰੀਕੇ ਨਾਲ ਅਨੁਕੂਲ ਅਤੇ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੰਦਾ ਹੈ ਕਿ ਸਾਡੀ ਮਾਨਸਿਕਤਾ ਵੀ ਉਹਨਾਂ ਸੰਕੇਤਾਂ ਤੋਂ ਜਾਣੂ ਨਹੀਂ ਹੁੰਦੀ।

## ਲਗਾਤਾਰ ਫੋਨ ਦੀ ਵਰਤੋਂ

ਟੀਵੀ ਅਤੇ ਕੰਪਿਊਟਰਾਂ ਦੇ ਵਿਚਕਾਰ, ਸਾਡੇ ਵਿਚੋਂ ਬਹੁਤ ਸਾਰੇ ਲੋਕ ਹਰ ਦਿਨ ਬਹੁਤ ਸਮਾਂ ਸਮਾਰਟਫੋਨ ਦੀ ਵਰਤੋਂ ਕਰਨ ਵਿਚ ਬਿਤਾਉਂਦੇ ਹਨ। ਹਰ ਸਮੇਂ ਆਪਣੇ ਫ਼ੋਨ ਵੱਲ ਦੇਖਣਾ ਜਾਂ ਫ਼ੋਨ ਨੂੰ ਲਗਾਤਾਰ ਚੈੱਕ ਕਰਨਾ ਤਣਾਅ ਦਾ ਵੱਡਾ ਕਾਰਨ ਹੋ ਸਕਦਾ ਹੈ। ਇਨ੍ਹਾਂ ਇਲੈਕਟ੍ਰਾਨਿਕ ਸਕ੍ਰੀਨਾਂ ਨਾਲ ਜੁੜੇ ਹੋਣ ਕਾਰਣ ਸ਼ਾਇਦ ਅਸੀਂ ਇਨ੍ਹਾਂ ਤੋਂ ਹੋਣ ਵਾਲੇ ਜੋਖ਼ਮਾਂ ਨੂੰ ਨਜ਼ਰਅੰਦਾਜ਼ ਕਰ ਰਹੇ ਹਾਂ।

## ਜ਼ਿਆਦਾ ਸੋਚਣਾ

ਕਦੇ ਅਜਿਹਾ ਸਮਾਂ ਵੀ ਹੁੰਦਾ ਹੈ ਜਦੋਂ ਤੁਹਾਡਾ ਆਪਣੇ ਵਿਚਾਰਾਂ 'ਤੇ ਬਿਲਕੁਲ ਕਾਬੂ ਨਹੀਂ ਹੁੰਦਾ। ਤੁਸੀਂ ਕਿਸੇ ਸਧਾਰਨ ਵਿਸ਼ੇ 'ਤੇ ਸੋਚਣਾ ਸ਼ੁਰੂ ਕਰਦੇ ਹੋ ਅਤੇ ਫਿਰ ਇਸ ਵਿਚ ਇੰਨੇ ਗੁੰਮ ਹੋ ਜਾਂਦੇ ਹੋ ਕਿ ਹਨੇਰਾ ਦਿਖਣਾ ਸ਼ੁਰੂ ਹੋ ਜਾਂਦਾ ਹੈ। ਇਹ ਇੱਕ ਨਿਸ਼ਾਨੀ ਹੈ ਕਿ ਵਿਅਕਤੀ ਤਣਾਅ ਦਾ ਗੁਲਾਮ ਬਣਦਾ ਜਾਂਦਾ ਹੈ, ਕਦੇ ਕਦੇ ਇਸ ਨੂੰ ਕਾਬੂ ਕਰਨਾ ਵੀ ਔਖਾ ਹੋ ਜਾਂਦਾ ਹੈ।

## ਲਗਾਤਾਰ ਆਪਣੇ ਆਪ ਦੀ ਆਲੋਚਨਾ

ਇੱਕ ਵਿਅਕਤੀ ਜੋ ਤਣਾਅ ਵਿਚ ਹੈ, ਉਹ ਆਪਣੇ ਬਾਰੇ ਬਹੁਤ ਘੱਟ ਆਤਮਵਿਸ਼ਵਾਸ ਵਾਲਾ ਹੁੰਦਾ ਹੈ। ਤਣਾਅ ਤੋਂ ਬਚਣ ਲਈ ਜ਼ਰੂਰੀ ਹੈ ਕਿ ਆਪਣੇ ਆਪ ਨਾਲ ਪਿਆਰ ਕਰੋ ਅਤੇ ਖ਼ੁਦ 'ਤੇ ਵਿਸ਼ਵਾਸ ਰੱਖੋ। ਅਜਿਹਾ ਕਰਨ ਨਾਲ, ਜੋ ਵੀ ਕੰਮ ਤੁਸੀਂ ਕਰ ਰਹੇ ਹੋ ਉਸ ਵਿਚ ਦ੍ਰਿੜ ਸ਼ਕਤੀ ਨਾਲ ਆਪਣੀ ਸਮਰੱਥਾ ਲਗਾਓਗੇ ਅਤੇ ਇਸ ਵਿਚ ਮਿਲੀ ਸਫਲਤਾ ਤੁਹਾਡੀ ਖੁਸ਼ੀ ਦਾ ਸਬੱਬ ਬਣੇਗੀ। ਜਿਸ ਨਾਲ ਤਣਾਅ ਨੂੰ ਵੀ ਦੂਰ ਰੱਖ ਸਕੋਗੇ।

## ਦੂਜਿਆਂ ਨਾਲ ਆਪਣੇ ਆਪ ਦੀ ਤੁਲਨਾ ਕਰਨਾ

ਤਣਾਅ ਦੇ ਨਤੀਜੇ ਵਜੋਂ ਆਤਮ-ਵਿਸ਼ਵਾਸ ਵਿਚ ਕਮੀਂ ਦੀ ਇੱਕ ਹੋਰ ਨਿਸ਼ਾਨੀ ਦੂਜਿਆਂ ਨਾਲ ਆਪਣੀ ਤੁਲਨਾ ਕਰਨਾ ਹੈ। ਇਹ ਸਿਰਫ਼ ਤੁਹਾਡੇ ਤਣਾਅ ਦੇ ਪੱਧਰ ਨੂੰ ਵਧਾ ਸਕਦਾ ਹੈ। ਸਵਾਲ ਵਿਚ ਸ਼ਾਮਲ ਵਿਅਕਤੀ ਨੂੰ ਸ਼ਾਇਦ ਇਸ ਕਾਰਨ ਦਾ ਪਤਾ ਨਾ ਹੋਵੇ ਕਿ ਉਹ ਅਜਿਹਾ ਕਿਉਂ ਕਰਦਾ ਹੈ। ਇਸ ਤਰ੍ਹਾਂ ਡੂੰਘੀਆਂ ਜੜ੍ਹਾਂ ਵਾਲਾ ਤਣਾਅ ਹੋ ਸਕਦਾ ਹੈ।

## ਸਰੀਰਕ ਅਤੇ ਮਾਨਸਿਕ ਥਕਾਵਟ

ਗੰਭੀਰ ਤਣਾਅ ਸਰੀਰਕ ਥਕਾਵਟ ਦਾ ਕਾਰਨ ਬਣ ਸਕਦਾ ਹੈ। ਇਹ ਪਹਿਲਾਂ ਤੁਹਾਡੀ ਮਾਨਸਿਕ ਸਥਿਤੀ ਦੀ ਊਰਜਾ ਨੂੰ ਖਤਮ ਕਰਦਾ ਹੈ ਅਤੇ ਫਿਰ ਸਰੀਰਕ ਤੌਰ 'ਤੇ ਵੀ ਅਸਰ ਪਾਉਂਦਾ ਹੈ। ਉਨੀਂਦਰੇ ਦੀ ਸਥਿਤੀ ਵਿਚ ਤੁਸੀਂ ਤੁਸੀਂ ਲਗਾਤਾਰ ਥੱਕੇ ਹੋਏ ਮਹਿਸੂਸ ਕਰੋਗੇ ਜਿਸ ਨਾਲ ਕੰਮ ਕਰਨ ਦੀ ਸਮਰੱਥਾ ਵੀ ਘਟੇਗੀ, ਨਤੀਜਨ ਤਣਾਅ ਦਾ ਸ਼ਿਕਾਰ ਹੋ ਜਾਓਗੇ।

ਤਣਾਅ ਮਾਨਸਿਕ ਸਿਹਤ ਲਈ ਬਹੁਤ ਹਾਨੀਕਾਰਕ ਹੈ ਪਰ ਕੀ ਤੁਸੀਂ ਜਾਣਦੇ ਹੋ ਕਿ ਕੁਝ ਹਾਲਾਤਾਂ ਵਿੱਚ ਤਣਾਅ ਤੁਹਾਡੇ ਲਈ ਚੰਗਾ ਵੀ ਹੋ ਸਕਦਾ । ਤਣਾਅ, ਜਿਸ ਨੂੰ ਚੰਗੇ ਤਣਾਅ ਵਜੋਂ ਜਾਣਿਆ ਜਾਂਦਾ ਹੈ, ਕੋਈ ਵੀ ਚੰਗਾ ਕੰਮ ਕਰਨ ਤੋਂ ਪਹਿਲਾਂ ਅਤੇ ਕਿਸੇ ਚੀਜ਼ ਨੂੰ ਲੈ ਕੇ ਜ਼ਿਆਦਾ ਉਤਸ਼ਾਹਤ ਹੁੰਦਾ ਦੇਖਿਆ ਜਾਂਦਾ ਹੈ। ਚੰਗਾ ਤਣਾਅ ਤੁਹਾਡੀ ਮਾਨਸਿਕ, ਸਰੀਰਕ ਅਤੇ ਭਾਵਨਾਤਮਕ ਸਿਹਤ ਲਈ ਚੰਗਾ ਹੋ ਸਕਦਾ ਹੈ।

ਮਨੋਵਿਗਿਆਨੀਆਂ ਦੇ ਅਨੁਸਾਰ, ਚੰਗਾ ਤਣਾਅ, ਜਿਸ ਨੂੰ ਯੂਸਟਰਏਸਸ ਕਿਹਾ ਜਾਂਦਾ ਹੈ, ਇੱਕ ਕਿਸਮ ਦਾ ਤਣਾਅ ਹੈ, ਜੋ ਉਦੋਂ ਮਹਿਸੂਸ ਕੀਤਾ ਜਾਂਦਾ ਹੈ ਜਦੋਂ ਕੋਈ ਜ਼ਿਆਦਾ ਉਤਸ਼ਾਹਿਤ ਹੁੰਦਾ ਹੈ। ਇਸ ਸਮੇਂ ਦੌਰਾਨ ਸਾਡੀ ਨਬਜ਼ ਦੀ ਦਰ ਵਧ ਜਾਂਦੀ ਹੈ ਅਤੇ ਹਾਰਮੋਨਸ ਵਧ ਜਾਂਦੇ ਹਨ ਪਰ ਇਸ ਵਿੱਚ ਕੋਈ ਖ਼ਤਰਾ ਜਾਂ ਡਰ ਨਹੀਂ ਹੁੰਦਾ। ਉਦਾਹਰਣ ਵਜੋਂ, ਪਰਿਵਾਰ ਨਿਯੋਜਨ, ਕਿਸੇ ਨਵੇਂ ਵਿਅਕਤੀ ਨਾਲ ਡੇਟ 'ਤੇ ਜਾਣਾ ਜਾਂ ਕਿਸੇ ਦੀ ਜ਼ਿੰਦਗੀ ਦੀ ਸ਼ੁਰੂਆਤ, ਤਰੱਕੀ ਅਤੇ ਨਵੀਂ ਨੌਕਰੀ ਦੀ ਤਿਆਰੀ, ਇਹ ਸਭ ਕੁਝ ਕਰਦੇ ਸਮੇਂ ਅਸੀਂ ਜੋ ਤਣਾਅ ਮਹਿਸੂਸ ਕਰਦੇ ਹਾਂ, ਉਸ ਨੂੰ ਚੰਗਾ ਤਣਾਅ ਕਿਹਾ ਜਾਂਦਾ ਹੈ।

## ਚੰਗੇ ਤਣਾਅ ਦੇ ਲਾਭ

1. ਚੰਗੀ ਤਣਾਅ ਵਾਲੀ ਯਾਦਦਾਸ਼ਤ ਦਾ ਸਮਰਥਨ ਕਰਦਾ ਹੈ। ਉਦਾਹਰਨ ਲਈ, ਇਮਤਿਹਾਨਾਂ ਦੌਰਾਨ, ਜਦੋਂ ਅਸੀਂ ਤਣਾਅ ਵਿੱਚ ਹੁੰਦੇ ਹਾਂ, ਅਸੀਂ ਚੀਜ਼ਾਂ ਨੂੰ ਹੋਰ ਡੂੰਘਾਈ ਨਾਲ ਸਮਝਣ ਦੇ ਯੋਗ ਹੁੰਦੇ ਹਾਂ ਅਤੇ ਇਸ ਨਾਲ ਯਾਦਦਾਸ਼ਤ ਵਿੱਚ ਸੁਧਾਰ ਹੁੰਦਾ ਹੈ।
2. ਜਦੋਂ ਤੁਸੀਂ ਤਣਾਅਪੂਰਨ ਸਥਿਤੀ ਦਾ ਸਾਹਮਣਾ ਕਰਦੇ ਹੋ, ਤਾਂ ਇਹ ਤੁਹਾਨੂੰ ਆਪਣੇ ਬਾਰੇ, ਤੁਹਾਡੀਆਂ ਕਾਬਲੀਅਤਾਂ ਅਤੇ ਤੁਹਾਡੀਆਂ ਸੀਮਾਵਾਂ ਬਾਰੇ ਹੋਰ ਜਾਣਨ ਵਿੱਚ ਮਦਦ ਕਰਦਾ ਹੈ। ਇਸ ਨਾਲ ਵਿਅਕਤੀ ਵਿੱਚ ਲਚਕਤਾ ਵਧਦੀ ਹੈ ਅਤੇ ਉਹ ਬਾਅਦ ਵਿੱਚ ਆਪਣੇ ਜੀਵਨ ਵਿੱਚ ਚੁਣੌਤੀਆਂ ਦਾ ਦਲੇਰੀ ਨਾਲ ਸਾਹਮਣਾ ਕਰਦਾ ਹੈ।
3. ਚੰਗਾ ਤਣਾਅ ਊਰਜਾ ਦਾ ਪੱਧਰ ਵੀ ਵਧਾਉਂਦਾ ਹੈ। ਜਦੋਂ ਕੋਈ ਵਿਅਕਤੀ ਬਹੁਤ ਜ਼ਿਆਦਾ ਉਤਸ਼ਾਹ ਕਾਰਨ ਤਣਾਅ ਮਹਿਸੂਸ ਕਰਦਾ ਹੈ, ਤਾਂ ਉਹ ਵਧੇਰੇ ਊਰਜਾ ਨਾਲ ਕੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਰਨ ਦੇ ਯੋਗ ਹੁੰਦਾ ਹੈ। ਸਕਾਰਾਤਮਕ ਤਣਾਅ ਡੋਪਾਮਾਈਨ ਦੇ ਉਤਪਾਦਨ ਨੂੰ ਵਧਾਉਂਦਾ ਹੈ, ਜਿਸ ਨਾਲ ਵਿਅਕਤੀ ਖੁਸ਼ੀ ਮਹਿਸੂਸ ਕਰਦਾ ਹੈ।
4. ਚੰਗਾ ਤਣਾਅ ਜਾਂ ਥੋੜ੍ਹੇ ਸਮੇਂ ਲਈ ਤਣਾਅ ਦਿਮਾਗ ਵਿੱਚ ਨਿਊਰੋਟ੍ਰੋਫਿਨ ਰਸਾਇਣਾਂ ਦੇ ਉਤਪਾਦਨ ਨੂੰ ਵਧਾਉਂਦਾ ਹੈ ਅਤੇ ਦਿਮਾਗ ਵਿੱਚ ਨਿਊਰੋਨਸ ਦੇ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਦਾ ਹੈ। ਇਸ ਤਰ੍ਹਾਂ, ਇਹ ਦਿਮਾਗੀ ਸ਼ਕਤੀ ਨੂੰ ਵਧਾ ਕੇ ਮਾਨਸਿਕ ਸਿਹਤ ਸਥਿਤੀਆਂ ਲਈ ਸਕਾਰਾਤਮਕ ਸਾਬਤ ਹੋ ਸਕਦਾ ਹੈ।
5. ਚੰਗਾ ਤਣਾਅ ਮਨੁੱਖੀ ਉਤਪਾਦਕਤਾ ਨੂੰ ਵਧਾਉਂਦਾ ਹੈ। ਚੰਗਾ ਤਣਾਅ ਤੁਹਾਡੇ 'ਤੇ ਆਪਣਾ ਸਰਵੋਤਮ ਦੇਣ ਲਈ ਦਬਾਅ ਬਣਾਉਂਦਾ ਹੈ ਅਤੇ ਤੁਸੀਂ ਕਿਸੇ ਵੀ ਕੰਮ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਨ ਦੇ ਯੋਗ ਹੋ ਜਾਂਦੇ ਹੋ।

## ਦਲਿਤ ਪਛੜੇ ਵਰਗਾਂ ਦੀ

# ਧਰਮ ਬਦਲੀ ਤੇ ਮਨੂਵਾਦ ਦੀ ਰਾਜਨੀਤੀ



ਲੇਖਕ : ਗੁਰਬਚਨ ਸਿੰਘ
ਫੋਨ: +91-98156-98451

'ਇੰਡੀਅਨ ਐਕਸਪ੍ਰੈੱਸ' ਦੀ ਇਕ ਖਬਰ ਅਨੁਸਾਰ 5 ਅਕਤੂਬਰ ਨੂੰ ਦਿੱਲੀ ਦੇ ਅੰਬੇਡਕਰ ਭਵਨ ਵਿਚ 10000 ਤੋਂ ਵਧੇਰੇ ਦਲਿਤ ਤੇ ਪਛੜੇ ਵਰਗਾਂ ਦੇ ਲੋਕਾਂ ਨੇ ਹਿੰਦੂ ਧਰਮ ਤਿਆਗਣ ਤੇ ਬੁੱਧ ਧਰਮ ਅਪਨਾਉਣ ਦਾ ਐਲਾਨ ਕਰ ਕੇ, ਮੋਹਨ ਭਾਗਵਤ ਸਮੇਤ ਮਨੂਵਾਦੀ ਹਿੰਦੂਆਂ ਦੇ ਮਨਾਂ ਵਿਚ ਬੌਖਲਾਹਟ ਪੈਦਾ ਕੀਤੀ ਹੈ। ਮੋਦੀ ਮੀਡੀਏ ਨੇ ਇਸ ਕਾਰਵਾਈ ਵਿਰੁੱਧ ਇਕ ਝਲਿਆਈ ਮੁਹਿੰਮ ਵਿੱਢ ਦਿੱਤੀ ਹੈ। ਉਨ੍ਹਾਂ ਦੇ ਮਨਾਂ ਵਿਚ ਡਰ ਪੈਦਾ ਹੋ ਗਿਆ ਹੈ ਕਿ ਜੇ ਧਰਮ ਬਦਲੀ ਦੀ ਇਹ ਮੁਹਿੰਮ ਜੋਰ ਫੜ ਗਈ ਤਾਂ ਮਨੂਵਾਦੀਆ ਦਾ ਹਿੰਦੂ ਬਹੁਗਿਣਤੀ ਦਾ ਫਰਾਡ ਹਮੇਸ਼ਾਂ ਲਈ ਨੰਗਾ ਹੋ ਜਾਏਗਾ। ਚੋਣਾਂ ਦੇ ਐਲਾਨ ਤੋਂ ਪਹਿਲਾਂ ਹੀ ਗੁਜਰਾਤ ਅੰਦਰ ਇਸ ਮੁਹਿੰਮ ਵਿਰੁੱਧ ਪੋਸਟਰਬਾਜ਼ੀ ਆਰੰਭ ਹੋ ਗਈ ਹੈ। ਧਰਮ ਬਦਲੀ ਕਰਨ ਵਾਲੇ ਲੋਕਾਂ ਵਿਰੁੱਧ ਨਫਰਤ ਦੀ ਲਹਿਰ ਚਲਾ ਦਿੱਤੀ ਗਈ ਹੈ। ਅੱਜ ਤੋਂ 66 ਸਾਲ ਪਹਿਲਾਂ 15 ਅਕਤੂਬਰ, 1956 ਨੂੰ ਨਾਗਪੁਰ ਦੇ ਦੀਕਸ਼ਾ ਭਵਨ ਵਿਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ 3,65,000 ਦਲਿਤਾਂ ਨੂੰ ਨਾਲ ਲੈ ਕੇ ਬੁੱਧ ਧਰਮ ਅਪਨਾਉਣ ਦਾ ਐਲਾਨ ਕੀਤਾ ਸੀ। ਉਸ ਦਿਨ ਉਨ੍ਹਾਂ ਨੇ ਦੇਸ ਭਰ ਦੇ ਦਲਿਤ ਅਤੇ ਪਛੜੇ ਵਰਗਾਂ ਨੂੰ ਬੁੱਧ ਧਰਮ ਅਪਨਾਉਣ ਦੀ ਅਪੀਲ ਕੀਤੀ ਸੀ, ਬੁੱਧ ਧਰਮ ਨੂੰ ਅਪਨਾਉਣ ਲਗਿਆਂ ਬਾਬਾ ਸਾਹਿਬ ਨੇ ਹੇਠ ਲਿਖੇ 22 ਪ੍ਰਣ ਕੀਤੇ ਸਨ:

1. ਮੈਂ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਕਦੇ ਵੀ ਈਸ਼ਵਰ ਨਹੀਂ ਮੰਨਾਂਗਾ ਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।
2. ਮੈਂ ਈਸ਼ਵਰ ਦਾ ਅਵਤਾਰ ਮੰਨੇ ਜਾਂਦੇ ਰਾਮ ਅਤੇ ਸ਼ਨ ਵਿਚ ਕਦੇ ਯਕੀਨ ਨਹੀਂ ਕਰਾਂਗਾ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।
3. ਮੈਂ ਗੌਰੀ ਗਣਪਤੀ ਆਦਿ ਹਿੰਦੂ ਧਰਮ ਦੇ ਕਿਸੇ ਵੀ ਦੇਵੀ-ਦੇਵਤੇ ਵਿਚ ਕਦੀ ਯਕੀਨ ਨਹੀਂ ਕਰਾਂਗਾ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।
4. ਮੇਰਾ ਇਸ ਵਿਚ ਕੋਈ ਯਕੀਨ ਨਹੀਂ ਕਿ ਈਸ਼ਵਰ ਨੇ ਕਦੀ ਅਵਤਾਰ ਲਿਆ।
5. ਮੈਂ ਇਸ ਨੂੰ ਨਹੀਂ ਮੰਨਦਾ ਕਿ ਬੁੱਧ ਵਿਸ਼ਨੂੰ ਦਾ ਅਵਤਾਰ ਹਨ। ਇਹ ਝੂਠਾ ਤੇ ਕੂੜ ਪ੍ਰਚਾਰ ਹੈ।
6. ਮੈਂ ਕਦੀ ਵੀ ਸਰਾਧ ਨਹੀਂ ਕਰਵਾਵਾਂਗਾ ਅਤੇ ਨਾ ਹੀ ਕਦੇ ਪਿੰਡ ਦਾਨ ਕਰਾਂਗਾ।
7. ਮੈਂ ਕੋਈ ਵੀ ਕਿਰਿਆ ਕਰਮ ਬ੍ਰਾਹਮਣਾਂ ਦੇ ਹੱਥੋਂ ਨਹੀਂ ਕਰਵਾਵਾਂਗਾ।
8. ਮੈਂ ਬੁੱਧ ਧਰਮ ਦੀਆਂ ਸਿਖਿਆਵਾਂ ਅਤੇ ਸਿਧਾਂਤਾਂ ਵਿਰੁੱਧ ਕੋਈ ਕੰਮ ਨਹੀਂ ਕਰਾਂਗਾ।
9. ਮੈਂ ਇਸ ਸਿਧਾਂਤ ਨੂੰ ਮੰਨਦਾ ਹਾਂ ਕਿ ਸਾਰੇ ਮਨੁੱਖ ਇਕ ਬਰਾਬਰ ਹਨ।
10. ਮੈਂ ਸਮਾਜ ਵਿਚ ਬਰਾਬਰੀ ਲਿਆਉਣ ਦੇ ਯਤਨ ਕਰਾਂਗਾ।
11. ਮੈਂ ਤਥਾਗਤ ਬੁੱਧ ਦੇ ਦੱਸੇ ਨੇਕ ਅਸ਼ਟਾਂਗ ਮਾਰਗ ਨੂੰ ਅਪਨਾਵਾਂਗਾ।
12. ਮੈਂ ਤਥਾਗਤ ਬੁੱਧ ਦੀਆਂ 10 ਪਾਰਮਿਤਾਵਾਂ ਦਾ ਪਾਲਣ ਕਰਾਂਗਾ।
13. ਮੈਂ ਸਮੂਹ ਪ੍ਰਾਣੀ ਮਾਤਰ ਉਤੇ ਦਇਆ ਕਰਾਂਗਾ ਅਤੇ ਉਨ੍ਹਾਂ ਦੀ ਰੱਖਿਆ ਕਰਾਂਗਾ।
14. ਮੈਂ ਚੋਰੀ ਨਹੀਂ ਕਰਾਂਗਾ।
15. ਮੈਂ ਝੂਠ ਨਹੀਂ ਬੋਲਾਂਗਾ।
16. ਮੈਂ ਪਰ ਇਸਤਰੀ ਗਮਨ ਨਹੀਂ ਕਰਾਂਗਾ।
17. ਮੈਂ ਸ਼ਰਾਬ ਤੇ ਹੋਰਨਾਂ ਨਸ਼ਿਆਂ ਦੀ ਵਰਤੋਂ ਨਹੀਂ ਕਰਾਂਗਾ।
18. ਮੈਂ ਆਪਣਾ ਨਿੱਤ ਦਿਨ ਦਾ ਜੀਵਨ ਬੁੱਧ ਧਰਮ ਦੇ ਤਿੰਨ ਤੱਤਾਂ ਗਿਆਨ, ਸਦਾਚਾਰ ਤੇ ਕਰੁਣਾ ਦਾ ਸੁਮੇਲ ਕਰ ਕੇ ਜੀਆਂਗਾ।
19. ਮੈਂ ਮਨੁੱਖ ਮਾਤਰ ਦੀ ਉਨਤੀ ਲਈ ਹਾਨੀਕਾਰਕ ਅਤੇ ਮਨੁੱਖ ਮਾਤਰ ਦੀ ਨਾਬਰਾਬਰੀ ਨੂੰ ਆਪਣੀ ਨੀਂਹ ਮੰਨਣ ਵਾਲੇ ਹਿੰਦੂ ਧਰਮ ਦਾ ਤਿਆਗ ਕਰਦਾ ਹਾਂ ਅਤੇ ਬੁੱਧ ਧਰਮ ਨੂੰ ਸਵੀਕਾਰ ਕਰਦਾ ਹਾਂ।
20. ਮੇਰਾ ਪੂਰੀ ਦ੍ਰਿੜਤਾ ਨਾਲ ਯਕੀਨ ਹੈ ਕਿ ਇਹੀ ਸੱਚਾ ਧਰਮ ਹੈ।
21. ਮੇਰਾ ਯਕੀਨ ਹੈ ਕਿ ਮੇਰਾ ਨਵਾਂ ਜਨਮ ਹੋਇਆ ਹੈ।
22. ਮੈਂ ਪ੍ਰਣ ਕਰਦਾ ਹਾਂ ਕਿ ਹੁਣ ਤੋਂ ਮੈਂ ਬੁੱਧ ਧਰਮ ਦੀ ਸਿੱਖਿਆ ਅਨੁਸਾਰ ਵਿਹਾਰ ਕਰਾਂਗਾ।

ਗੁਰਮਤਿ ਨੇ ਬਾਬਾ ਸਾਹਿਬ ਦੇ ਇਨ੍ਹਾਂ 22 ਪ੍ਰਣਾਂ ਦੀ ਪਹਿਲਾਂ ਹੀ ਪੁਸ਼ਟੀ ਕੀਤੀ ਹੋਈ ਹੈ। ਗੁਰਮਤਿ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਸਿਰਫ ਈਸ਼ਵਰ ਹੀ ਨਹੀਂ ਮੰਨਦੀ ਬਲਕਿ ਇਨ੍ਹਾਂ ਦੀ ਸਿਰਜਕ ਹੋਂਦ ਤੋਂ ਮੂਲੋਂ ਹੀ ਇਨਕਾਰੀ ਹੈ। ਮਨੂਵਾਦ ਸਾਡੇ ਆਲੇ-ਦੁਆਲੇ ਪਸਰੇ ਏਕੋ 'ਬ੍ਰਹਮ' ਦੇ ਵਿਅਕਤੀ ਰੂਪ ਬ੍ਰਹਮਾ ਦੀ ਘਾੜਤ ਘੜ ਕੇ ਸਾਰੀ ਸ੍ਰਿਸ਼ਟੀ ਦੀ ਰਚਨਾ ਇਸ ਬ੍ਰਹਮਾ ਰਾਹੀਂ ਹੋਈ ਮੰਨਦਾ ਹੈ। ਇਸੇ ਮਨ-ਕਲਪਿਤ ਬ੍ਰਹਮਾ ਦੀ ਹੋਂਦ ਰਾਹੀਂ ਉਹ ਚਾਰ ਵਰਣਾਂ ਦੀ ਪੈਦਾਇਸ਼ ਕਰਵਾਉਂਦਾ ਹੈ। ਇਸੇ ਮਨ-ਕਲਪਿਤ ਬ੍ਰਹਮਾ ਦੀ ਹੋਂਦ ਰਾਹੀਂ ਉਹ ਆਪਣਾ ਸਾਰਾ ਕਰਮਕਾਂਡੀ ਭਰਮਜਾਲ ਫੈਲਾਉਂਦਾ ਹੈ। ਗੁਰਮਤਿ ਬ੍ਰਹਮਾ ਦੀ ਇਸ ਧਾਰਨਾ ਨੂੰ ਮੂਲੋਂ ਹੀ ਨਕਾਰ ਦੇਂਦੀ ਹੈ: ਬ੍ਰਹਮਾ ਬਿਸਨੁ ਮਹੇਸ ਨ ਕੋਈ। ਅਵਰੁ ਨ ਦੀਸੈ ਏਕੋ ਸੋਈ। (ਪੰਨਾ 1035) ਯਥਾ ਬ੍ਰਹਮਾ ਵਿਸ਼ਨੂੰ ਅਤੇ ਮਹੇਸ਼ ਦੀ ਕੋਈ ਹੋਂਦ ਨਹੀਂ। ਸਭ ਥਾਂ ਇਸ ਏਕੋ ਬ੍ਰਹਮ ਦਾ ਹੀ ਪਸਾਰਾ ਹੈ। ਗੁਰਮਤਿ ਨੇ ਬ੍ਰਹਮ ਅਤੇ ਮਨੂਵਾਦ ਵਲੋਂ ਵਰਤੇ ਜਾਂਦੇ ਅਖਰ ਬ੍ਰਹਮਾ ਵਿਚਕਾਰ ਸਪੱਸ਼ਟ ਨਿਖੇੜਾ ਕੀਤਾ ਹੈ : ਬ੍ਰਹਮਾ ਬਡਾ ਕਿ ਜਾਸ ਉਪਾਇਆ। (ਪੰਨਾ 331) ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ। (ਪੰਨਾ 559) ਬ੍ਰਹਮੈ ਵਡਾ ਕਹਾਇ ਅੰਤ ਨ ਪਾਇਆ। (ਪੰਨਾ 1279) ਬ੍ਰਹਮੈ ਇੰਦ੍ਰਿ ਮਹੇਸਿ ਨ ਜਾਨੀ। (ਪੰਨਾ 1032) ਯਥਾ ਬ੍ਰਹਮਾ ਵੱਡਾ ਹੈ ਜਾਂ ਜਿਸ ਬ੍ਰਹਮ ਤੋਂ ਸਾਰਿਆਂ ਦੀ ਉਤਪਤੀ ਹੋਈ ਹੈ, ਉਹ ਵੱਡਾ ਹੈ। ਫਿਰ ਗੁਰਮਤਿ ਇਹ ਵੀ ਦੱਸਦੀ ਹੈ ਕਿ ਬ੍ਰਹਮਾ ਦੇ ਨਾਂ ਉਤੇ ਜਿਹੜਾ ਕਥਿਤ ਵੇਦਾਂ ਦਾ ਗਿਆਨ ਦਿੱਤਾ ਜਾਂਦਾ ਹੈ, ਉਹ ਸਾਰਾ ਮੋਹ ਮਾਇਆ ਦਾ ਪਸਾਰਾ ਭਾਵ ਮਨ-ਕਲਪਿਤ ਭਰਮਜਾਲ ਹੈ। ਗੁਰਮਤਿ ਇਹ ਵੀ ਦੱਸਦੀ ਹੈ ਕਿ ਬ੍ਰਹਮਾ ਆਪਣੇ-ਆਪ ਨੂੰ ਵੱਡਾ ਕਹਾਉਂਦਾ ਹੈ ਪਰ ਉਹ ਬ੍ਰਹਮ ਦਾ ਅੰਤ ਨਹੀਂ ਪਾ ਸਕਿਆ। ਬ੍ਰਹਮਾ, ਇੰਦਰ ਤੇ ਮਹੇਸ਼ ਨੂੰ ਬ੍ਰਹਮ ਦਾ ਕੋਈ ਗਿਆਨ ਨਹੀਂ।

ਕਾਲ ਪਾਇ ਬ੍ਰਹਮਾ ਬਪੁ ਧਰਾ।।
ਕਾਲ ਪਾਇ ਸਿਵਜੂ ਅਵਤਰਾ ।।
ਕਾਲ ਪਾਇ ਕਰ ਬਿਸਨ ਪ੍ਰਕਾਸਾ ।।
ਸਗਲ ਕਾਲ ਕਾ ਕੀਆ ਤਮਾਸਾ ।।
(ਚੌਪਈ ਸਾਹਿਬ)

ਭਾਵ ਬ੍ਰਹਮਾ ਵੀ ਕਾਲ ਵਸ ਹੈ। ਅਵਤਾਰ ਕਿਹਾ ਜਾਂਦਾ ਸ਼ਿਵਜੀ ਵੀ ਕਾਲ ਵਸ ਹੈ। ਬਿਸਨ ਵੀ ਕਾਲ ਵਸ ਹੈ। ਅਰਥਾਤ ਕਹੇ ਜਾਂਦੇ ਤਿੰਨੇ ਦੇਵਤੇ ਕਾਲ ਵਸ ਹਨ। ਇਸ ਲਈ ਇਹ ਅਵਤਾਰ ਨਹੀਂ ਹੋ ਸਕਦੇ। ਇਹ ਤਿੰਨੇ ਵੀ ਕਾਲ ਭਾਵ ਸਮੇਂ ਦਾ ਤਮਾਸ਼ਾ ਹਨ। ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਧਰਮ ਬਾਰੇ ਬੜਾ ਸਪੱਸ਼ਟ ਫਤਵਾ ਦਿੱਤਾ ਗਿਆ ਹੈ: ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ।। ਨਾਰਦਿ ਕਹਿਆ ਸਿ ਪੂਜ ਕਰਾਂਹੀ।। ਅੰਧੇ ਗੁੰਗੇ ਅੰਧ ਅੰਧਾਰੁ।। ਪਾਥਰੁ ਲੇ ਪੂਜਹਿ ਮੁਗਧ ਗਵਾਰ।। ਓਹਿ ਜਾ ਆਪਿ ਡੁਬੇ ਤੁਮ ਕਹਾ ਤਾਰਣਹਾਰੁ।। (ਪੰਨਾ 556) ਯਥਾ ਹਿੰਦੂ ਮੂਲੋਂ ਹੀ ਭਾਵ ਮੁੱਢ ਤੋਂ ਹੀ ਕੁਰਾਹੇ ਪਏ ਹੋਏ ਹਨ, ਜਿਹੜੇ ਨਾਰਦ ਦੇ ਕਹਿਣ ਉਤੇ ਕਿਸੇ ਦੀ ਵੀ ਪੂਜਾ ਕਰ ਸਕਦੇ ਹਨ, ਮਨ ਦੀਆਂ ਅੱਖਾਂ ਤੋਂ ਅੰਨ੍ਹੇ ਅਤੇ ਆਤਮਿਕ ਗਿਆਨ ਤੋਂ ਗੁੰਗੇ ਭਾਵ ਅਗਿਆਨ ਦੇ ਹਨ੍ਹੇਰੇ ਵਿਚ ਭਟਕ ਰਹੇ ਜਿਹੜੇ ਮੂਰਖ ਤੇ ਗਵਾਰ ਲੋਕ ਖੁਦ ਪੱਥਰਾਂ ਦੀ ਪੂਜਾ ਕਰਦੇ ਹਨ, ਉਹ ਭਲਾ ਤੁਹਾਨੂੰ ਕਿਵੇਂ ਤਾਰ ਦੇਣਗੇ?

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ।।
ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ।।
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ।।੧।।
(ਪੰਨਾ 776)

ਗੁਰਮਤਿ ਬ੍ਰਾਹਮਣੀ ਕਰਮਕਾਂਡ ਉਤੇ ਤਿੱਖਾ ਵਾਰ ਕਰਦਿਆਂ ਫੁਰਮਾਉਂਦੀ ਹੈ ਕਿ ਸਾਢੇ ਤਿੰਨਤਿੰਨ ਗਜ ਦੀਆਂ ਧੋਤੀਆਂ ਪਹਿਨ ਕੇ ਤੇ ਤਿੰਨਤਿੰਨ ਧਾਗਿਆਂ ਵਾਲੇ ਜਨੇਊ ਪਾ ਕੇ ਜਿਨ੍ਹਾਂ ਨੇ ਗਲਾਂ ਵਿਚ ਕਈ-ਕਈ ਮਾਲਾ ਪਹਿਨੀਆਂ ਹੋਈਆ ਹਨ ਅਤੇ ਹਥਾਂ ਵਿਚ ਲਿਸ਼ਕਦੇ ਲੋਟੇ ਫੜੇ ਹੋਏ ਹਨ, ਦਰਅਸਲ ਇਹ ਸੰਤ ਨਹੀਂ ਸਗੋਂ ਬਨਾਰਸ ਦੇ ਅਸਲੀ ਠੱਗ ਹਨ।

ਕਬੀਰ ਬਾਮਨੁ ਗੁਰੂ ਹੈ ਜਗਤ ਕਾ
ਭਗਤਨ ਕਾ ਗੁਰੁ ਨਾਹਿ।।
ਅਰਝਿ ਉਰਝਿ ਕੈ ਪਚਿ ਮੂਆ
ਚਾਰਉ ਬੇਦਹੁ ਮਾਹਿ।।
(ਪੰਨਾ 1377)

ਯਥਾ ਬ੍ਰਾਹਮਣ ਜਗਤ ਦਾ ਗੁਰੂ ਹੋਣ ਦਾ ਦਾਅਵਾ ਕਰਦਾ ਹੈ ਪਰ ਭਗਤ ਉਸ ਨੂੰ ਆਪਣਾ ਗੁਰੂ ਨਹੀਂ ਮੰਨਦੇ ਕਿਉਂਕਿ ਉਹ ਚਾਰਾਂ ਵੇਦਾਂ ਵਿਚ ਹੀ ਉਲਝਿਆ ਹੋਇਆ ਹੈ ਅਤੇ ਇਸ ਉਲਝਣ ਵਿਚ ਹੀ ਆਪਣੀ ਜ਼ਿੰਦਗੀ ਬਿਤਾ ਕੇ ਮਰ ਜਾਂਦਾ ਹੈ।

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ।।
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ
ਇਨ ਪੜਿਆ ਮੁਕਤਿ ਨ ਹੋਈ।।
ਖਤ੍ਰੀ ਬ੍ਰਾਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉ ਸਾਝਾ।।
(ਪੰਨਾ 747-48)

ਗੁਰਮਤਿ ਅਨੁਸਾਰ ਧਰਮ ਦੇ ਨਾਂ ਉਤੇ ਕੀਤਾ ਜਾ ਰਿਹਾ ਇਹ ਸਾਰਾ ਪਾਖੰਡ ਤੇ ਕਰਮਕਾਂਡ ਜਮਾਂ ਦੀ ਨਿਆਈਂ ਸਾਰੇ ਸੰਸਾਰ ਨੂੰ ਲੁੱਟ ਰਿਹਾ ਹੈ। ਬੇਦ ਕਤੇਬ ਸਿਮ੍ਰਿਤੀਆਂ ਅਤੇ ਸਾਰੇ ਸ਼ਾਸਤਰ ਪੜ੍ਹ ਕੇ ਵੀ ਇਨ੍ਹਾਂ ਨਾਲ ਮਨ ਦੀ ਮੁਕਤੀ ਨਹੀਂ ਮਿਲਦੀ ਅਤੇ ਇਹ ਉਪਦੇਸ਼ ਚਾਰੇ ਵਰਨਾਂ ਭਾਵ ਖੱਤਰੀ, ਬ੍ਰਾਹਮਣ, ਸ਼ੂਦਰ ਤੇ ਵੈਸ਼ ਸਾਰਿਆਂ ਲਈ ਸਾਂਝਾ ਹੈ।

ਦਰੋਗ ਪੜਿ ਪੜਿ ਖੁਸੀ ਹੋਇ
ਬੇਖਬਰ ਬਾਦੁ ਬਕਾਹਿ।।
ਹਕੁ ਸਚੁ ਖਾਲਕੁ ਖਲਕ
ਮਿਆਨੇ ਸਿਆਮ ਮੂਰਤਿ ਨਾਹਿ।।
(ਪੰਨਾ 727)

ਯਥਾ ਵੇਦ ਕਤੇਬ ਆਦਿ ਅੱਡ-ਅੱਡ ਗ੍ਰੰਥ ਪੜ੍ਹ ਕੇ ਬੰਦਾ ਐਵੇਂ ਖੁਸ਼ ਹੁੰਦਾ ਰਹਿੰਦਾ ਹੈ ਅਤੇ ਫਜ਼ੂਲ ਦੇ ਵਾਦ-ਵਿਵਾਦ ਵਿਚ ਉਲਝਿਆ ਰਹਿੰਦਾ ਹੈ ਪਰ ਉਸ ਨੂੰ ਇਹ ਪਤਾ ਨਹੀਂ ਲੱਗਦਾ ਕਿ ਹੱਕ-ਸੱਚ ਦੀ ਪੈਰਵਾਈ ਕਰਨ ਵਾਲਾ ਸਾਰਿਆਂ ਦਾ ਮਾਲਕ ਖਲਕਤ ਵਿਚ ਹੀ ਵੱਸਦਾ ਹੈ ਅਤੇ ਉਸ ਦੀ ਹੋਂਦ ਸਿਆਮ ਰੰਗ ਦੀ ਮੂਰਤ ਭਾਵ ਸ਼ਨ ਵਿਚ ਨਹੀਂ।

ਲਖ ਚਉਰਾਸੀਹ ਜੀਅ ਜੋਨਿ ਮਹਿ
ਭ੍ਰਮਤ ਨੰਦੁ ਬਹੁ ਥਾਕੋ ਰੇ।।
ਭਗਤਿ ਹੇਤਿ ਅਵਤਾਰੁ ਲੀਓ ਹੈ
ਭਾਗੁ ਬਡੋ ਬਪੁਰਾ ਕੋ ਰੇ।। ੧।।
ਤੁਮ ਜੁ ਕਹਤ ਹਉ ਨੰਦ ਕੋ ਨੰਦਨੁ
ਨੰਦ ਸੁ ਨੰਦਨੁ ਕਾ ਕੋ ਰੇ।।
ਧਰਨਿ ਅਕਾਸੁ ਦਸੋ ਦਿਸ ਨਾਹੀ
ਤਬ ਇਹੁ ਨੰਦੁ ਕਹਾ ਥੋ ਰੇ।। ੧।। ਰਹਾਉ।।
(ਪੰਨਾ 338- 39)

ਗੁਰਮਤਿ ਸ਼ਨ ਦੇ ਅਵਤਾਰੀ ਪੁਰਸ਼ ਹੋਣ ਬਾਰੇ ਸੁਆਲੀਆ ਚਿੰਨ੍ਹ ਲਾਉਂਦੀ ਹੋਈ ਇਸ ਦੇ ਪੈਰੋਕਾਰਾਂ ਨੂੰ ਪੁੱਛਦੀ ਹੈ ਕਿ ਜੋ ਤੁਸੀਂ ਇਹ ਕਹਿੰਦੇ ਹੋ ਕਿ 84 ਲੱਖ ਜੂਨਾਂ ਵਿਚ ਭਟਕਣ ਤੋਂ ਬਾਅਦ ਜਦੋਂ ਨੰਦ ਥੱਕ ਗਿਆ ਤੇ ਉਸ ਦੀ ਭਗਤੀ ਤੋਂ ਖੁਸ਼ ਹੋ ਕੇ ਜਗਤ ਦੇ ਮਾਲਕ ਨੇ ਸ਼ਨ ਦੇ ਰੂਪ ਵਿਚ ਉਸ ਦੇ ਘਰ ਅਵਤਾਰ ਧਾਰਿਆ ਤਾਂ ਨੰਦ ਦੇ ਬੜੇ ਚੰਗੇ ਭਾਗ ਸਨ। ਪਰ ਤੁਸੀਂ ਜੋ ਕਹਿੰਦੇ ਹੋ ਕਿ ਜਗਤ ਦਾ ਮਾਲਕ ਨੰਦ ਦਾ ਪੁੱਤਰ ਸੀ ਤਾਂ ਫਿਰ ਨੰਦ ਕਿਸ ਦਾ ਪੁੱਤਰ ਸੀ? ਜਦੋਂ ਜਗਤ ਦੇ ਮਾਲਕ ਦੀ ਕੋਈ ਹੋਂਦ ਹੀ ਨਹੀਂ ਸੀ ਤਾਂ ਨੰਦ ਦੀ ਹੋਂਦ ਕਿਵੇਂ ਬਣੀ। ਫਿਰ ਜਦੋਂ ਦਸਾਂ ਦਿਸ਼ਾਵਾਂ ਵਿਚ ਧਰਤੀ ਤੇ ਆਕਾਸ਼ ਦੀ ਕੋਈ ਹੋਂਦ ਹੀ ਨਹੀਂ ਸੀ ਤਾਂ ਇਹ ਨੰਦ ਕਿੱਥੇ ਸੀ? ਗੁਰਮਤਿ ਅਵਤਾਰਾਂ ਦੀ ਹੋਂਦ ਨੂੰ ਪੂਰਨ ਰੂਪ ਵਿਚ ਨਕਾਰਦੀ ਹੈ

ਜੁਗਹ ਜੁਗਹ ਕੇ ਰਾਜੇ ਕੀਏ
ਗਾਵਹਿ ਕਰਿ ਅਵਤਾਰੀ।।
ਤਿਨ ਭੀ ਅੰਤੁ ਨ ਪਾਇਆ ਤਾ
ਕਾ ਕਿਆ ਕਰਿ ਆਖ ਵਿਚਾਰੀ।।
(ਪੰਨਾ 423)

ਭਾਵ ਹਰ ਯੁੱਗ ਦੇ ਰਾਜਿਆਂ ਨੂੰ ਅਵਤਾਰੀ ਪੁਰਖ ਜਾਣ ਕੇ ਉਨ੍ਹਾਂ ਦੇ ਗੁਣ ਗਾਏ ਜਾਂਦੇ ਹਨ ਪਰ ਉਹ ਵੀ ਉਸ ਸਿਰਜਣਹਾਰ ਦਾ ਅੰਤ ਨਹੀਂ ਪਾ ਸਕੇ। ਕੋਟਿ ਬਿਸਨ ਕੀਨੇ ਅਵਤਾਰ।। ਕੋਟਿ ਬ੍ਰਹਿਮੰਡ ਜਾ ਕੇ ਧ੍ਰਮਸਾਲ।। ਕੋਟਿ ਮਹੇਸ ਉਪਾਇ ਸਮਾਏ।। ਕੋਟਿ ਬ੍ਰਹਮੇ ਜਗੁ ਸਾਜਣ ਲਾਏ।। ਐਸੋ ਧਨੀ ਗੋਵਿੰਦ ਹਮਾਰਾ। । ਬਰਨਿ ਨਾ ਸਾਕਉ ਗੁਣ ਬਿਸਥਾਰਾ।। (ਪੰਨਾ 1156) ਯਥਾ ਸਾਡੇ ਆਲੇ-ਦੁਆਲੇ ਅਸੀਮ ਬ੍ਰਹਿਮੰਡ ਦੇ ਰਸੂਪ ਵਿਚ ਪਸਰੇ ਏਕੋ ਸਿਰਜਣਹਾਰ ਨੇ ਕਰੋੜਾਂ ਬਿਸਨ (ਵਿਸ਼ਨੂ) ਅਵਤਾਰ ਪੈਦਾ ਕੀਤੇ ਹਨ। ਇਸ ਬ੍ਰਹਿਮੰਡ ਵਿਚ ਜਿਨ੍ਹਾਂ ਦੇ ਕਰੋੜਾਂ ਧਰਮਸਾਲ ਹਨ। ਕਰੋੜਾਂ ਮਹੇਸ (ਸ਼ਿਵ ਜੀ) ਪੈਦਾ ਕੀਤੇ ਹਨ। ਕਰੋੜਾਂ ਬ੍ਰਹਮੇ ਇਸ ਜਗਤ ਦੀ ਉਸਾਰੀ ਵਿਚ ਲਗੇ ਹੋਏ ਹਨ। ਸਾਡਾ ਸਿਰਜਣਹਾਰ ਗੋਬਿੰਦ ਐਸਾ ਧਨੀ ਹੈ ਕਿ ਉਸ ਦੇ ਸਾਰੇ ਗੁਣਾਂ ਦਾ ਕੋਈ ਵਰਣਨ ਨਹੀਂ ਕਰ ਸਕਦਾ।

ਮਹਿਮਾ ਨ ਜਾਨਹਿ ਬੇਦ।।
ਬ੍ਰਹਮੇ ਨਹਿ ਜਾਨਹਿ ਭੇਦ।।
ਅਵਤਾਰ ਨ ਜਾਨਹਿ ਅੰਤੁ।।
ਪਰਮੇਸਰੁ ਪਾਰਬ੍ਰਹਮ ਬੇਅੰਤੁ।।
(ਪੰਨਾ 894)

ਯਥਾ ਸਾਰੇ ਵੇਦ ਉਸ ਬ੍ਰਹਮ ਦੀ ਮਹਿਮਾ ਭਾਵ ਉਸ ਦੇ ਗੁਣਾਂ ਦਾ ਗਿਆਨ ਨਹੀਂ ਰੱਖਦੇ। ਸਾਰੇ ਬ੍ਰਹਮੇ ਵੀ ਉਸ ਦਾ ਭੇਦ ਨਹੀਂ ਜਾਣਦੇ। ਅਵਤਾਰ ਉਸਦਾ ਅੰਤ ਨਹੀਂ ਪਾ ਸਕਦੇ। ਸਾਰਿਆਂ ਦੀ ਸੰਭਾਲ ਕਰਨ ਵਾਲਾ ਉਹ ਪਰਮੇਸਰ (ਪਰਮ ਈਸ਼ਵਰ) ਬ੍ਰਹਮ ਤੋਂ ਵੀ ਪਾਰ ਭਾਵ ਬੇਅੰਤ ਹੈ। ਸਪਸ਼ਟ ਹੈ ਕਿ ਗੁਰਮਤਿ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਨਾ ਤਾਂ ਈਸ਼ਵਰ ਮੰਨਦੀ ਹੈ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਦੀ ਹੈ। ਗੁਰਮਤਿ ਰਾਮ ਕ੍ਰਿਸ਼ਨ ਨੂੰ ਨਾ ਅਵਤਾਰ ਮੰਨਦੀ ਹੈ ਤੇ ਨਾ ਹੀ ਉਨ੍ਹਾਂ ਨੂੰ ਪੂਜਦੀ ਹੈ। ਗੁਰਮਤਿ ਸਾਰੇ ਹਿੰਦੂ ਦੇਵੀ ਦੇਵਤਿਆਂ ਦੇ ਨਾਂ ਲੈ ਕੇ ਉਨ੍ਹਾਂ ਦੀ ਦੈਵੀ ਹੋਂਦ ਤੋਂ ਹੀ ਇਨਕਾਰੀ ਹੈ। ਗੁਰਮਤਿ ਆਪਣੇ ਆਲੇ-ਦੁਆਲੇ ਪਸਰੇ ਏਕੋ ਬ੍ਰਹਮ ਭਾਵ ਬ੍ਰਹਿਮੰਡੀ ਕੁਦਰਤ ਦੀ ਹੋਂਦ ਤੋਂ ਬਿਨਾਂ ਕਿਸੇ ਵੀ ਦੂਜੀ ਰੱਬੀ ਹੋਂਦ ਨੂੰ ਮੰਨਣ ਤੋਂ ਇਨਕਾਰੀ ਹੈ। ਜਦੋਂ ਗੁਰਮਤਿ ਵਿਸ਼ਨੂੰ ਦੇ ਅਵਤਾਰੀ ਰੂਪ ਤੋਂ ਹੀ ਇਨਕਾਰੀ ਹੈ ਤਾਂ ਭਗਵਾਨ ਬੁੱਧ ਨੂੰ ਵਿਸ਼ਨੂੰ ਦਾ ਅਵਤਾਰ ਮੰਨਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਸਰਾਧ ਤੇ ਪਿੰਡ ਦਾਨ ਕਰਨ ਸਮੇਤ ਗੁਰਮਤਿ ਹਰੇਕ ਕਿਸਮ ਦੇ ਕਰਮਕਾਂਡ ਦਾ ਵਿਰੋਧ ਕਰਦੀ ਹੈ। ਸਾਰਾ ਗੁਰੂ ਗ੍ਰੰਥ ਸਾਹਿਬ ਮਨੂਵਾਦ ਦੇ ਪ੍ਰਗਟ ਰੂਪ ਬ੍ਰਾਹਮਣਵਾਦ ਦਾ ਕੱਟੜ ਵਿਰੋਧੀ ਹੈ। ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ਰਾਹੀਂ ਗੁਰਮਤਿ ਹਰੇਕ ਕਿਸਮ ਦੀ ਮਨੁੱਖੀ ਬਰਾਬਰੀ ਦਾ ਬੁਲੰਦ ਐਲਾਨ ਕਰਦੀ ਹੈ। ਗੁਰਮਤਿ ਸਮੁੱਚੀ ਮਨੁੱਖੀ ਜ਼ਿੰਦਗੀ ਨੂੰ ਇਸ ਤੋਂ ਵੀ ਕਿਤੇ ਅੱਗੇ ਜਾ ਕੇ ਅਗਵਾਈ ਦੇਂਦੀ ਹੈ।

ਜਾਤਿ ਬਰਨ ਕੁਲ ਸਹਸਾ ਚੂਕਾ
ਗੁਰਮਤਿ ਸਬਦਿ ਵਿਚਾਰੀ।।
(ਪੰਨਾ 1198)

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।।
ਇਸ ਗਰਬ ਤੇ ਚਲਹਿ ਬਹੁਤੁ ਵਿਕਾਰਾ।।
(ਪੰਨਾ 1128)

ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਬੜਾ ਸਪੱਸ਼ਟ ਐਲਾਨ ਕਰਦੀ ਹੈ ਕਿ ਗੁਰਮਤਿ ਦਾ ਵਿਚਾਰ ਕਰਨ ਨਾਲ ਜਾਤ-ਵਰਣ ਦਾ ਸਾਰਾ ਸ਼ੰਕਾ ਮਿਟ ਜਾਂਦਾ ਹੈ। ਗੁਰਮਤਿ ਜਾਤ ਦਾ ਹੰਕਾਰ ਕਰਨ ਵਾਲੇ ਮਨੁੱਖ ਨੂੰ ਮੂਰਖ ਕਰਾਰ ਦੇਂਦੀ ਹੈ ਕਿਉਂਕਿ ਜਾਤਪਾਤ ਦਾ ਹੰਕਾਰ ਕਰਨ ਨਾਲ ਮਨੁੱਖੀ ਮਨ ਅਨੇਕ ਵਿਕਾਰਾਂ ਦਾ ਸ਼ਿਕਾਰ ਹੋ ਜਾਂਦਾ ਹੈ। ਭਾਵ ਮਨੁੱਖੀ ਮਨ ਵਿਚ ਉਲਝਣਾਂ ਪੈਦਾ ਹੋ ਜਾਂਦੀਆ ਹਨ ਤੇ ਇਨ੍ਹਾਂ ਉਲਝਣਾਂ ਸਦਕਾ ਮਨ ਵਿਚੋਂ ਸਰਬ-ਸਾਂਝੀਵਾਲਤਾ ਤੇ ਸਰਬਤ ਦੇ ਭਲੇ ਦੀ ਭਾਵਨਾ ਮਰ ਜਾਂਦੀ ਹੈ।

# ਗ਼ਦਰ ਪਾਰਟੀ

ਲੇਖਕ : ਵਿਜੈ ਬੰਬੇਲੀ
ਸੰਪਰਕ: 94634-39075



> "ਕਦੇ ਮੰਗਿਆਂ ਮਿਲਣ ਅਜ਼ਾਦੀਆਂ ਨਾ,
> ਮਿਲਦੇ ਤਰਲਿਆਂ ਨਾਲ ਨਾ ਰਾਜ ਲੋਕੋ।"

ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਭਾਰਤ ਤੋਂ ਬਾਹਰ ਖਾਸ ਕਰ ਕੇ ਇੰਗਲੈਂਡ ਅਮਰੀਕਾ ਵਿਚ ਭਾਰਤੀ ਸਰੋਕਾਰਾਂ ਲਈ ਕੁਝ ਨਿੱਕੀਆਂ ਨਿੱਕੀਆਂ ਜਥੇਬੰਦੀਆਂ ਜਾਂ ਕੁਝ ਵਿਅਕਤੀ ਕਿਸੇ ਨਾ ਕਿਸੇ ਰੂਪ ਵਿਚ ਸਰਗਰਮ ਸਨ। 21 ਅਪਰੈਲ 1913 ਨੂੰ ਹਿੰਦੀ ਪਰਵਾਸੀਆਂ (ਉਨ੍ਹਾਂ ਨੂੰ ਉਦੋਂ ਭਾਰਤੀ ਦੀ ਥਾਂ ਹਿੰਦੀ ਕਿਹਾ ਜਾਂਦਾ ਸੀ) ਨੇ ਅਸਟੋਰੀਆ ਵਿਚ ਇਜਲਾਸ ਕੀਤਾ ਜਿਸ ਵਿਚ ਪੰਜਾਬੀ ਬਹੁਲ ਪਰਵਾਸੀਆਂ ਨੇ ਕੇਂਦਰੀ ਜਥੇਬੰਦੀ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਬਣਾਉਣ, ਉਰਦੂ ਤੇ ਪੰਜਾਬੀ ਵਿਚ 'ਗ਼ਦਰ' ਨਾਂ ਦਾ ਹਫਤਾਵਾਰ ਕੱਢਣ ਅਤੇ ਸੰਸਥਾ ਦਾ ਕੇਂਦਰੀ ਦਫ਼ਤਰ (ਯੁਗਾਂਤਰ ਆਸ਼ਰਮ) ਸਾਨ ਫਰਾਂਸਿਸਕੋ ਵਿਚ ਸਥਾਪਿਤ ਕਰਨ ਦਾ ਮਤਾ ਪਾਸ ਕੀਤਾ। ਮਗਰੋਂ 'ਗ਼ਦਰ' ਪਰਚਾ ਇੰਨਾ ਮਕਬੂਲ ਹੋਇਆ ਕਿ ਇਸ ਤਨਜ਼ੀਮ ਦਾ ਨਾਂ ਹੀ ਗ਼ਦਰ ਪਾਰਟੀ ਪੈ ਗਿਆ। ਜਥੇਬੰਦੀ ਦਾ ਮੁੱਖ ਮੰਤਵ ਜਮਹੂਰੀ ਰਿਪਬਲਿਕ ਕਾਇਮ ਕਰਨਾ ਸੀ।

ਇਸ ਵਿਚ ਜਥੇਬੰਦੀ ਜਾਂ ਮੁਲਕ ਦੇ ਝੰਡੇ ਬਾਰੇ ਉਦੋਂ ਕੋਈ ਫ਼ੈਸਲਾ ਨਹੀਂ ਸੀ ਕੀਤਾ ਗਿਆ। ਮਗਰੋਂ ਵੀ ਲੰਮਾ ਸਮਾਂ ਇਸ ਬਾਰੇ ਕੋਈ ਫ਼ੈਸਲਾ ਨਹੀਂ ਸੀ ਕੀਤਾ ਗਿਆ। 27 ਜਨਵਰੀ 1914 ਨੂੰ 'ਗ਼ਦਰ' ਵਿਚ ਨੋਟ ਛਪਿਆ: 'ਕਈ ਦੇਸ਼ ਬੰਧੂਆਂ ਨੇ ਖ਼ਤ ਭੇਜੇ ਹਨ ਕਿ ਗ਼ਦਰ ਅਖ਼ਬਾਰ ਉੱਤੇ ਆਪਣਾ ਕੌਮੀ ਝੰਡਾ ਛਾਇਆ ਕੀਤਾ ਜਾਵੇ। ਸਾਨੂੰ ਇਹ ਬਾਤ ਰਦੀ ਮਾਲੂਮ ਹੁੰਦੀ ਹੈ। ਹਿੰਦੋਸਤਾਨੀ ਕੌਮ ਨੂੰ ਦੁਨੀਆ ਦੀ ਕੋਈ ਕੌਮ ਨਹੀਂ ਜਾਣਦੀ। ਨਾ ਸਾਡਾ ਰਾਜ ਹੈ ਅਤੇ ਨਾ ਸਾਡਾ ਝੰਡਾ ਹੈ। ਭਲਾ ਰਾਜ ਤੋਂ ਬਗੈਰ ਝੰਡਾ ਕੈਸਾ? ਗ਼ਦਰ ਕਰ ਕੇ ਪਹਿਲਾਂ ਆਪਣਾ ਰਾਜ ਲਵੋ, ਝੰਡਾ ਤਾਂ ਫੇਰ ਆਪ ਹੀ ਝੂਲੇਗਾ। ਰਾਜ ਤੋਂ ਪਹਿਲਾਂ ਝੰਡਾ ਕੈਮ ਕਰਨਾ ਐਵੇਂ ਬਾਹਦੂ ਦਾ ਰੌਲਾ ਹੈ।'

'ਪਹਿਲਾਂ ਗ਼ਦਰ ਕਰੋ', ਇਸ ਸਤਰ ਵੱਲ ਧਿਆਨ ਦੇਣਾ ਬਣਦਾ ਹੈ। ਦਰਅਸਲ, ਗ਼ਦਰ ਲਫ਼ਜ਼ ਤੋਂ ਗ਼ਦਰੀਆਂ ਦਾ ਭਾਵ ਇਨਕਲਾਬ ਸੀ ਕਿਉਂਕਿ ਰੂਸ ਦੇ 1905 ਵਾਲੇ ਅਤੇ ਇਸ ਤੋਂ ਪਹਿਲੇ ਫਰਾਂਸ ਦੇ ਇਨਕਲਾਬ ਨੂੰ ਉਨ੍ਹਾਂ ਨੇ ਗ਼ਦਰ ਹੀ ਲਿਖਿਆ ਹੈ। ਉਨ੍ਹਾਂ ਨੇ ਇਸ ਨੂੰ ਬਗਾਵਤ ਜਾਂ ਮਿਊਟਨੀ ਕਦੇ ਨਹੀਂ ਕਿਹਾ; ਜਦਿੰ ਸਾਡੇ ਇਤਿਹਾਸ ਵਿਚ 1857 ਦੇ ਗ਼ਦਰ ਨੂੰ ਅਕਸਰ ਬਗਾਵਤ ਵੀ ਕਹਿ ਲਿਆ ਜਾਂਦਾ ਹੈ। ਹਾਂ, ਗ਼ਦਰੀ 1857 ਦੇ ਗ਼ਦਰ ਤੋਂ ਜ਼ਰੂਰ ਬਹੁਤ ਪ੍ਰਭਾਵਿਤ ਸਨ। ਇਸੇ ਕਰ ਕੇ ਉਨ੍ਹਾਂ ਆਪਣੇ ਬੁਲਾਰੇ, ਭਾਵ, ਪੇਪਰ ਦਾ ਨਾਂ 'ਗ਼ਦਰ' ਰੱਖਿਆ ਸੀ। ਮੂਲ ਰੂਪ ਵਿਚ ਉਨ੍ਹਾਂ ਦਾ ਗ਼ਦਰ ਤੋਂ ਭਾਵ 'ਇਨਕਲਾਬ' ਹੀ ਸੀ ਭਾਵੇਂ ਉਨ੍ਹਾਂ ਦੀਆਂ ਲਿਖਤਾਂ ਦੀ ਸੁਰ ਇਹੋ ਜਿਹੀ ਹੋਣ ਦੇ ਬਾਵਜੂਦ ਉਹ ਇਸ ਦਾ ਉਵੇਂ ਸਪੱਸ਼ਟ ਪ੍ਰਗਟਾਵਾ ਨਹੀਂ ਕਰ ਸਕੇ ਜਦਿੰ ਮਗਰੋਂ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਕੀਤਾ ਸੀ।

ਪਹਿਲਾਂ-ਪਹਿਲ ਗ਼ਦਰ ਅਖ਼ਬਾਰ ਦੀ ਮਹੱਤਤਾ/ਮਕਬੂਲੀਅਤ ਨੂੰ ਦੇਖਦਿਆਂ ਝੰਡੇ ਦੀ ਲੋੜ/ਅਹਿਮੀਅਤ ਵੱਲ ਧਿਆਨ ਨਾ ਦਿੱਤਾ ਗਿਆ। ਉਸ ਵੇਲੇ ਤੱਕ 'ਗ਼ਦਰ' ਨਾਲ ਪੈਦਾ ਹੋਈ ਇਨਕਲਾਬੀ ਭਾਵਨਾ ਅਤੇ ਕੌਮੀ ਜਾਗ੍ਰਿਤੀ ਤੋਂ ਇਹੀ ਸਮਝਿਆ ਗਿਆ ਸੀ ਕਿ 'ਗ਼ਦਰ' ਪੇਪਰ ਹੀ ਆਜ਼ਾਦੀ ਸੰਗਰਾਮ ਦੀ ਆਵਾਜ਼ ਅਤੇ ਚਿੰਨ੍ਹ ਹੈ। ਪੁਸਤਕ 'ਇੰਡੀਆ ਐਜ਼ ਆਈ ਨੋਅ ਇਟ' (ਮਾਈਕਲ ਓਡਵਾਇਰ) ਵੀ ਇਸ ਦੀ ਪੁਸ਼ਟੀ ਕਰਦੀ ਹੈ: 'ਸਿਰਫ਼ ਗ਼ਦਰ ਅਖ਼ਬਾਰ ਨੂੰ ਹੀ ਬਗਾਵਤ ਫੈਲਾਉਣ ਅਤੇ ਚਿੰਨ੍ਹਾਤਮਿਕ ਸੁਨੇਹਿਆਂ ਦਾ ਇਕੋ-ਇਕ ਕਾਰਕ ਸਮਝਿਆ ਜਾਂਦਾ ਸੀ।'

ਉਂਝ, ਇਸ ਦਾ ਭਾਵ ਇਹ ਨਹੀਂ ਕਿ ਸਾਰੇ ਗ਼ਦਰੀ ਹੀ ਝੰਡੇ ਦੀ ਮਹੱਤਤਾ/ਲੋੜ ਨਹੀਂ ਸੀ ਸਮਝਦੇ ਜਾਂ ਪਰਵਾਸੀ ਦੇਸ਼ ਭਗਤਾਂ ਨੇ ਵਤਨ ਪਰਤਣ ਤੋਂ ਪਹਿਲਾਂ ਆਪਣੇ ਝੰਡੇ ਲਈ ਤਰੱਦਦ ਨਹੀਂ ਸੀ ਕੀਤਾ। ਕੀਤਾ ਸੀ, ਗ਼ਦਰੀਆਂ ਨੂੰ ਪਤਾ ਸੀ ਕਿ 1857 ਦੇ ਗ਼ਦਰ ਵੇਲੇ ਵੀ ਝੰਡੇ ਝੁਲਾਏ ਗਏ ਸਨ; ਭਾਵੇਂ ਉਹ ਝੰਡੇ ਇਕੋ ਵੰਨਗੀ ਦਾ ਝੰਡਾ ਹੋਣ ਦੀ ਬਜਾਇ ਅੱਡੋ-ਅੱਡ ਬਗਾਵਤੀ ਧੜਿਆਂ ਜਾਂ ਸਮੂਹਾਂ ਜਾਂ ਫਿਰ ਵੱਖ ਵੱਖ ਰਿਆਸਤਾਂ ਜਾਂ ਰਾਜਿਆਂ ਦੇ ਆਪੋ-ਆਪਣੇ ਝੰਡੇ ਸਨ। ਹੋ ਸਕਦਾ ਹੈ, ਉਸ ਅਫ਼ਰਾ-ਤਫ਼ਰੀ ਵਕਤ ਸਾਰੇ ਬਗਾਵਤੀ ਖੇਮਿਆਂ ਨੂੰ ਆਪਣਾ ਇਕ ਝੰਡਾ ਤਾਮੀਰ ਕਰਨ ਦਾ ਮੌਕਾ ਹੀ ਨਾ ਮਿਲਿਆ ਹੋਵੇ।

ਅੰਗਰੇਜ਼ ਸਾਮਰਾਜ ਨੂੰ ਭੁਚਲਾ ਦੇਣ ਵਾਲੇ 1857 ਦੇ ਗ਼ਦਰ ਤੋਂ ਕਿਤੇ ਮਗਰੋਂ 7 ਅਗਸਤ 1906 ਨੂੰ ਕਲਕੱਤਾ (ਹੁਣ ਕੋਲਕਾਤਾ) ਵਿਚ ਬਾਗੀ ਸੁਰ ਰੱਖਦੇ ਪਾਰਸੀ ਸਮਾਗਮ ਵਿਚ ਸੁਰਿੰਦਰ ਨਾਥ ਬੈਨਰਜੀ ਨੇ ਤਿੰਨ ਪੱਟੀਆਂ- ਗੂੜ੍ਹੀ ਹਰੀ, ਗੂੜ੍ਹੀ ਪੀਲੀ ਅਤੇ ਗੂੜ੍ਹੀ ਲਾਲ ਪੱਟੀ ਵਾਲਾ ਤਿੰਨ ਰੰਗਾ ਝੰਡਾ ਝੁਲਾਇਆ। ਇਸ ਦੀ ਹਰੀ ਪੱਟੀ ਵਿਚ ਚਿੱਟਾ ਫੁੱਲ, ਲਾਲ ਪੱਟੀ ਵਿਚ ਚੰਦ ਸੂਰਜ ਅਤੇ ਪੀਲੀ 'ਤੇ ਬੰਦੇ ਮਾਤਰਮ ਉੱਕਰਿਆ ਹੋਇਆ ਸੀ। ਇਸ ਤੋਂ ਪੂਰੇ ਇਕ ਸਾਲ ਬਾਅਦ 18 ਅਗਸਤ 1907 ਨੂੰ ਜਰਮਨੀ ਦੇ ਸ਼ਹਿਰ ਸਟੱਟਗਰਟ ਵਿਚ ਵੀਰਾਂਗਣਾ ਭੀਖਮ ਜੀ ਕਾਮਾ ਨੇ ਆਪਣੀ ਦਿਲ ਟੁੰਬਵੀਂ ਤਕਰੀਰ ਤੋਂ ਬਆਦ ਹੱਥੀਂ ਤਿਆਰ ਕੀਤਾ ਕਲਕੱਤੇ ਵਾਲੇ ਝੰਡੇ ਨਾਲ ਮਿਲਦੇ-ਜੁਲਦੇ ਰੰਗਾ ਵਾਲਾ ਝੰਡਾ ਲਹਿਰਾਇਆ ਜਿਸ ਉੱਤੇ 'ਬੰਦੇ ਮਾਤਰਮ' ਸਮੇਤ ਹਿੰਦੂ-ਮੁਸਲਿਮ-ਬੋਧੀ ਅਤੇ ਪਾਰਸੀ ਧਿਰਾਂ ਦੀ ਨੁਮਾਇੰਦਗੀ ਕਰਦੇ ਚਿੰਨ੍ਹ ਉਕਰੇ ਹੋਏ ਸਨ।

ਗ਼ਦਰ ਲਹਿਰ ਦੇ ਸ਼ੁਰੂਆਤੀ ਦੌਰ, ਭਾਵ ਅਮਰੀਕਾ ਵਿਚ ਗ਼ਦਰੀਆਂ ਨੇ ਆਪਣੇ ਝੰਡੇ ਬਾਰੇ ਕੋਈ ਖਾਸ ਧਿਆਨ ਨਹੀਂ ਸੀ ਦਿੱਤਾ। ਨਾ ਹੀ ਛੋਟੀਆਂ ਜਾਂ ਵੱਡੀਆਂ ਮੀਟਿੰਗਾਂ ਮੌਕੇ ਵੀ ਇਸ ਬਾਰੇ ਕਿਸੇ ਤਰ੍ਹਾਂ ਦੀ ਵੀ ਚਰਚਾ ਦੀ ਹੀ ਕਨਸੋਅ ਮਿਲਦੀ ਹੈ। 1914 ਦੇ ਸ਼ੁਰੂਆਤੀ ਦੌਰ ਤੱਕ ਗ਼ਦਰੀਆਂ ਨੇ ਝੰਡੇ ਦੀ ਬਹੁਤੀ ਮਹੱਤਤਾ ਨਹੀਂ ਸੀ ਸਮਝੀ ਪਰ ਛੇਤੀ ਪਿੱਛੋਂ ਹੀ ਇਸ ਦੀ ਅਹਿਮੀਅਤ ਅਤੇ ਲੋੜ 'ਗ਼ਦਰ ਗੂੰਜਾਂ' ਰਾਹੀਂ ਪ੍ਰਗਟ ਹੋਣੀ ਸ਼ੁਰੂ ਹੋ ਗਈ:

ਕੁੱਟ ਕੇ ਫਰੰਗੀ ਇੰਗਲੈਂਡ ਵਾੜਨਾ,
ਤਿੰਨ ਰੰਗਾ ਝੰਡਾ ਇੰਡੀਆ ਦਾ ਚਾੜ੍ਹਨਾ।
ਜਾਂ
ਭਾਲ ਲਵੋ ਬੂਟੀ ਜ਼ਾਲਮ ਮੁਕਾਉਣ ਦੀ,
ਕਰ ਲਓ ਤਿਆਰੀ ਝੰਡੇ ਦੇ ਝਲੌਣ ਦੀ।

ਜਿਉਂ ਜਿਉਂ ਗ਼ਦਰੀਆਂ ਦਾ ਪ੍ਰਚਾਰ-ਪਸਾਰ ਵਧਦਾ ਗਿਆ, ਤਿਉਂ ਤਿਉਂ ਉਨ੍ਹਾਂ ਨੂੰ ਪਾਰਟੀ ਦੇ ਝੰਡੇ ਦੀ ਲੋੜ ਵੀ ਮਹਿਸੂਸ ਹੋਣ ਲੱਗੀ। ਫਿਰ ਗ਼ਦਰੀਆਂ ਨੇ ਭਾਰਤ ਪਰਤਦਿਆਂ ਹੀ ਇਸ ਬਾਰੇ ਅੰਸ਼ਕ ਵਿਚਾਰ-ਵਟਾਂਦਰਾ ਵੀ ਸ਼ੁਰੂ ਕਰ ਦਿੱਤਾ ਜਿਸ ਦਾ ਅੰਤਿਮ ਫ਼ੈਸਲਾ ਉਸ ਇਤਿਹਾਸਕ ਮੀਟਿੰਗ ਵਿਚ ਹੋਇਆ ਜਿਸ ਵਿਚ ਯਕਮੁਸ਼ਤ ਬਗਾਵਤ ਕਰਨ ਦਾ ਦਨਿ 21 ਫਰਵਰੀ 1915 ਬੰਨ੍ਹਿਆ ਗਿਆ ਸੀ। ਤੈਅ ਹੋਇਆ ਕਿ ਦੇਸ਼ ਦੇ ਤਿੰਨ ਮੁੱਖ ਫ਼ਿਰਕਿਆਂ ਹਿੰਦੂ, ਸਿੱਖ ਅਤੇ ਮੁਸਲਮਾਨਾਂ ਦੀ ਕੌਮੀ ਏਕਤਾ ਨੂੰ ਦਰਸਾਉਂਦਾ, ਉਨ੍ਹਾਂ ਦੇ ਭਾਵਨਾਤਮਿਕ ਰੰਗਾਂ ਲਾਲ, ਪੀਲਾ ਅਤੇ ਹਰੇ ਰੰਗ ਵਾਲਾ ਝੰਡਾ ਹੋਵੇਗਾ।

ਕਿਹਾ ਜਾਂਦਾ ਹੈ ਕਿ ਕਰੀਬ ਇਸੇ ਤਰ੍ਹਾਂ ਦੇ ਹੀ ਰੰਗਾਂ ਦਾ ਝੰਡਾ ਤਾਂ ਕਈ ਵਰ੍ਹੇ ਪਹਿਲਾਂ ਕਲਕੱਤੇ ਵੀ ਲਹਿਰਾਇਆ ਗਿਆ ਸੀ ਪਰ ਮਨਸ਼ਾ ਭਾਵੇਂ ਨੇਕ ਸੀ ਪਰ ਉਸ ਝੰਡੇ ਦੀ ਬਹੁਤੀ ਪੁੱਠ ਧਾਰਮਿਕ ਸੀ; ਗ਼ਦਰੀ ਝੰਡੇ ਦੀ ਕੌਮੀ ਸੀ। ਇਹੀ ਨਹੀਂ, ਗ਼ਦਰੀ ਝੰਡੇ ਵਿਚ ਕਰਾਸ ਕਰਦੀਆਂ ਦੋ ਤਲਵਾਰਾਂ ਵੀ ਉਕਰੀਆਂ ਗਈਆਂ ਸਨ ਜਿਹੜੀਆਂ ਇਸ ਗੱਲ ਦਾ ਇਸ਼ਾਰਾ ਸਨ ਕਿ ਤਿੰਨਾਂ ਹੀ ਮੁੱਖ ਧਿਰਾਂ ਨੇ ਇੱਕਜੁੱਟ ਹਥਿਆਰਬੰਦ ਇਨਕਲਾਬ ਕਰਨਾ ਹੈ। ਇਸ ਦਾ ਜਲੌਅ ਗ਼ਦਰ ਅਖ਼ਬਾਰ ਦੇ ਨਵੰਬਰ 1913 ਦੇ ਪਹਿਲੇ ਅੰਕ ਵਿਚ ਹੀ ਦੇਖਿਆ ਜਾ ਸਕਦਾ ਹੈ ਜਿਸ ਵਿਚ ਗ਼ਦਰ ਪਾਰਟੀ ਦੀ ਵਿਚਾਰਧਾਰਾ ਤੇ ਪ੍ਰੋਗਰਾਮ ਦਾ ਸੰਖੇਪ ਰੂਪ ਵਿਚ ਐਲਾਨ ਕਰ ਦਿੱਤਾ ਗਿਆ ਸੀ। ਇਸ ਦੀ ਵਿਚਾਰਧਾਰਾ ਦਾ ਤੱਤ ਬਰਤਾਨਵੀ ਸਾਮਰਾਜਵਾਦ ਦਾ ਵਿਰੋਧ ਸੀ, ਹਥਿਆਰਬੰਦ ਸੰਗਰਾਮ ਰਾਹੀਂ ਭਾਰਤੀ ਗਣਤੰਤਰ ਦੀ ਸਥਾਪਤੀ। ਉਹ ਆਖਦੇ:

ਕਦੇ ਮੰਗਿਆਂ ਮਿਲਣ ਅਜ਼ਾਦੀਆਂ ਨਾ,
ਮਿਲਦੇ ਤਰਲਿਆਂ ਨਾਲ ਨਾ ਰਾਜ ਲੋਕੋ।

ਰੂਸੀ ਇਨਕਲਾਬ ਤੋਂ ਬਾਅਦ ਕੌਮੀ ਏਕਤਾ ਸਮੇਤ ਗ਼ਦਰੀ ਯੋਧੇ ਲਾਲ ਰੰਗ ਨੂੰ ਇਨਕਲਾਬ ਦਾ, ਕੇਸਰੀ ਨੂੰ ਕੁਰਬਾਨੀ ਅਤੇ ਹਰਾ ਖੁਸ਼ਹਾਲੀ ਦਾ ਪ੍ਰਤੀਕ ਸਮਝਦੇ-ਪ੍ਰਚਾਰਦੇ ਸਨ ਅਤੇ ਭਵਿੱਖ ਦੀ ਇਸ ਜ਼ਾਮਨੀ ਨੂੰ ਉਨ੍ਹਾਂ ਪ੍ਰਚਾਰਨ-ਪ੍ਰਸਾਰਨ ਦੇ ਯਤਨ ਮੁੱਢ ਤੋਂ ਹੀ ਵਿੱਢੇ ਹੋਏ ਸਨ। ਜੇ ਕੋਈ ਧਿਰ ਇਸ ਨੂੰ ਮਜ਼ਬੀ ਰੰਗਾਂ ਰਾਹੀਂ ਕੌਮੀ ਏਕਤਾ ਦਾ ਜਲੌਅ ਵੀ ਸਮਝਦੀ ਹੋਵੇ, ਤਦ ਵੀ ਗ਼ਦਰੀਆਂ ਦੀ ਅੰਦਰੂਨੀ ਮਨਸ਼ਾ ਕਦਾਚਿਤ ਇਹ ਨਹੀਂ ਸੀ। ਉਹ ਰੰਗ, ਆਸਥਾ, ਜਾਤ, ਧਰਮ ਨੂੰ ਨਿਰੋਲ ਨਿੱਜ ਸਮਝਦੇ ਸਨ ਅਤੇ ਗ਼ਦਰੀ ਸਫ਼ਾਂ ਵਿਚ ਇਸ ਦਾ ਪ੍ਰਗਟਾਵਾ ਕਰਨ ਦੀ ਮਨਾਹੀ ਸੀ। ਗ਼ਦਰੀ ਹਿੰਦੂ-ਸਿੱਖ-ਮੁਸਲਿਮ ਏਕਤਾ ਉੱਤੇ ਵਿਸ਼ੇਸ਼ ਜ਼ੋਰ ਦਿੰਦੇ ਸਨ। ਉਹ ਹਾਕਮਾਂ ਦੀਆਂ ਫੁੱਟ ਦੇ ਬੀਜ ਪ੍ਰਫੁਲਤ ਕਰਨ ਦੀਆਂ ਚਾਲਾਂ ਅਤੇ ਇਸ ਤੋਂ ਲਾਹਾ ਲੈਣ ਦੀ ਪ੍ਰਵਿਰਤੀ ਬੁੱਝ ਚੁੱਕੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਗੁਲਾਮੀ ਦਾ ਵੱਡਾ ਕਾਰਨ ਸਾਡੀ ਬਹੁ-ਪਰਤੀ ਫੁੱਟ ਹੈ। ਸੋ ਆਸਥਾ, ਧਰਮ ਤਾਂ ਇਕ ਪਾਸੇ, ਉਹ ਤਾਂ ਛੂਤਾਂ-ਅਛੂਤਾਂ ਵਾਲੀ ਵੰਡ ਵੀ ਪ੍ਰਵਾਨ ਨਹੀਂ ਕਰਦੇ ਸਨ।

ਗ਼ਦਰ ਪਾਰਟੀ ਨੇ ਆਪਣੇ ਮੈਂਬਰਾਂ ਅਤੇ ਹਮਦਰਦਾਂ ਵਿਚ ਨਸਲ ਤੇ ਜਾਤ ਦੇ ਸਾਰੇ ਭਿੰਨ-ਭੇਦ ਖ਼ਤਮ ਕਰਨ ਦੇ ਸਪੱਸ਼ਟ ਯਤਨ ਕੀਤੇ ਅਤੇ ਅਮਲ ਵਿਚ ਲਾਗੂ ਵੀ ਕੀਤੇ। ਉਦਾਹਰਨ ਦੇ ਤੌਰ 'ਤੇ 5-ਵੁੱਡ ਸਟ੍ਰੀਟ, ਸਾਨ ਫਰਾਂਸਿਸਕੋ ਵਿਖੇ ਯੁਗਾਂਤਰ ਆਸ਼ਰਮ ਵਿਚ ਸਾਰੇ ਹਿੰਦੂ, ਸਿੱਖ, ਮੁਸਲਮਾਨ ਅਤੇ ਤਥਾ-ਕਥਿਤ ਅਛੂਤ, ਭਾਵ, ਸਾਰੇ ਵਰਣ-ਧਰਮ ਖਾਣਾ ਇਕੱਠਿਆਂ ਇੱਕੋ ਥਾਂ ਬਣਾ ਕੇ ਅਤੇ ਇਕੱਠਿਆਂ ਇੱਕੋ ਮੇਜ਼ 'ਤੇ ਰਲ-ਮਿਲ ਖਾਂਦੇ। ਅਮਰੀਕਾ ਵਿਚ ਸਰਕਾਰੀ ਪੁਰਜ਼ਿਆਂ ਅਤੇ 'ਅਧਿਆਤਮਵਾਦੀਆਂ' ਨੇ ਉਨ੍ਹਾਂ ਨੂੰ 'ਆਸਤਕਾਂ ਨਾਸਤਕਾਂ' ਅਤੇ ਕੌਮਾਂ ਵਿਚ ਵੰਡਣ ਦੀਆਂ ਚਾਲਾਂ ਵੀ ਚੱਲੀਆਂ ਪਰ ਨਾ-ਕਾਮਯਾਬ ਰਹੇ। ਗ਼ਦਰ ਪਾਰਟੀਆ ਦੀਆਂ ਮੀਟਿੰਗਾਂ ਵਿਚ ਧਾਰਮਿਕ ਤੇ ਸੰਪ੍ਰਦਾਇਕ ਮਸਲੇ ਨਹੀਂ ਸੀ ਉਠਾਏ ਜਾ ਸਕਦੇ। ਧਰਮ ਨਿਰੋਲ ਨਿੱਜੀ ਮਾਮਲਾ ਸੀ। ਗ਼ਦਰੀ ਇਕੱਠੇ ਹੋ ਗਾਉਂਦੇ:

ਖੁਫ਼ੀਆ ਰਾਜ-ਸੁਸਾਇਟੀਆਂ ਕਰੋ ਕੈਮ,
ਰਲ ਮਰਹੱਟੇ ਬੰਗਾਲੀ ਦੇ ਯਾਰ ਹੋ ਜਾਓ।
ਹਿੰਦੂ, ਸਿੱਖ ਤੇ ਮੋਮਨੋ ਕਰੋ ਜਲਦੀ,
ਇੱਕ-ਦੂਜੇ ਦੇ ਮਦਦਗਾਰ ਹੋ ਜਾਓ।
(ਗ਼ਦਰ ਗੂੰਜਾਂ)

ਕਿਹਾ ਜਾਂਦਾ ਹੈ ਕਿ ਗ਼ਦਰ ਕਰਨ ਦੀ ਯੋਜਨਾ ਨੂੰ ਅੰਤਿਮ ਰੂਪ ਦੇਣ ਸਮੇਂ ਰਾਸ ਬਿਹਾਰੀ ਬੋਸ ਨੇ ਪਾਰਟੀ ਝੰਡੇ ਬਾਰੇ ਵਧਵਾਂ ਧਿਆਨ ਖਿੱਚਦਿਆਂ ਇਨ੍ਹਾਂ ਨੂੰ ਤੁਰੰਤ ਤਾਮੀਰ ਕਰਨ ਲਈ ਕਿਹਾ। ਇਹ ਜ਼ਿੰਮੇਵਾਰੀ ਕਰਤਾਰ ਸਿੰਘ ਸਰਾਭਾ ਨੇ ਓਟਦਿਆਂ ਖ਼ੁਦ ਬਾਜ਼ਾਰ ਵਿਚੋਂ ਤਿੰਨ ਰੰਗਾਂ ਦੇ ਥਾਨ ਜਾਂ ਟੁਕੜੇ ਖਰੀਦਣ ਅਤੇ ਮਗਰੋਂ ਬਣਾਉਣ-ਸਿਲਵਾਉਣ ਵਿਚ ਮੋਹਰੀ ਰੋਲ ਨਿਭਾਇਆ। ਗਦਾਰ ਕਿਰਪਾਲ ਸਿੰਘ ਅਤੇ ਵਾਅਦਾ ਮੁਆਫ਼ ਅਮਰ ਸਿੰਘ ਨੇ ਅਦਾਲਤ ਵਿਚ ਕਿਹਾ, 'ਸਰਾਭਾ ਉਨ੍ਹਾਂ ਨੂੰ ਇਸੇ ਕਾਰਜ ਤਹਿਤ ਲਾਹੌਰ ਦੇ ਮੋਚੀ ਗੇਟ ਸੀ ਮਿਲਿਆ।' ਇਸ ਗੱਲ ਦੀ ਪੁਸ਼ਟੀ ਦੁਕਾਨਦਾਰ ਕਾਹਨ ਚੰਦ ਨੇ ਅਦਾਲਤ ਵਿਚ ਉਸ ਨੂੰ ਦਿਖਾਏ ਝੰਡੇ ਅਤੇ ਕੱਪੜੇ ਦੇ ਟੁਕੜੇ ਦੇਖਦਿਆਂ ਕੀਤੀ, 'ਧਾਲੀਵਾਲ ਕੱਪੜਾ ਏਜੰਸੀ ਜਿਥੇ ਮੈਂ ਮੁਲਾਜ਼ਮ ਹਾਂ, ਤੋਂ ਹੀ ਸਰਾਭੇ ਨੇ ਪਹਿਲਾਂ 15 ਫਰਵਰੀ ਅਤੇ ਮੁੜ 17 ਫਰਵਰੀ ਨੂੰ ਕੱਪੜਾ ਖਰੀਦਿਆ ਸੀ।'



ਗਦਰ ਪਾਰਟੀ ਦਾ ਝੰਡਾ

ਭਾਈ ਪਰਮਾਨੰਦ ਝਾਂਸੀ ਦੇ ਕਹੇ-ਸੁਣੇ ਮੁਤਾਬਿਕ, 'ਪਹਿਲ-ਪਲੱਕੜਾ ਮਿਆਰੀ ਝੰਡਾ ਰਾਮ ਸਰਨ ਜੀ ਦੀ ਪਤਨੀ ਬੀਬੀ ਸੱਤਿਆਵਤੀ ਨੇ ਹੱਥੀਂ ਤਿਆਰ ਕੀਤਾ ਸੀ।' ਬਹੁਤ ਸਾਰੇ ਪੁਖਤਾ ਸਬੂਤ ਇਸ ਗੱਲ ਦੀ ਵੀ ਗਵਾਹੀ ਭਰਦੇ ਹਨ ਕਿ 'ਗ਼ਦਰੀ ਵੀਰਾਂਗਣਾ ਬੀਬੀ ਗੁਲਾਬ ਕੌਰ ਨੇ ਗ਼ਦਰੀ ਝੰਡੇ ਸਿਓਣ ਵਿਚ ਪਹਿਲਾਂ ਲਾਹੌਰ ਅਤੇ ਮਗਰੋਂ ਅੰਮ੍ਰਿਤਸਰ ਵਿਚ ਸਿਫ਼ਤੀ ਹਿੱਸਾ ਪਾਇਆ ਸੀ।' ਵਾਅਦਾ ਮੁਆਫ਼ ਮੂਲਾ ਸਿੰਘ ਅਨੁਸਾਰ, 'ਲੀਡਰਸ਼ਿਪ ਦੀ ਹਦਾਇਤ ਅਨੁਸਾਰ ਅੰਮ੍ਰਿਤਸਰ ਵਿਚ ਵੀ ਝੰਡੇ ਸੀਤੇ-ਬਣਾਏ ਗਏ।' ਉਸ ਦੱਸਿਆ ਸੀ, 'ਉਸ ਨੇ ਦਰਜ਼ੀ ਨੌਰੰਗ ਸਿੰਘ ਤਾਂਘੀ ਨੂੰ ਕੁਝ ਆਹਲਾ ਕਿਸਮ ਦੇ, ਬਾਵ, ਖੁਸਖਤ ਝੰਡੇ ਤਿਆਰ ਕਰ ਕੇ ਦੇਣ ਨੂੰ ਕਿਹਾ ਜਿਹੜੇ ਥੋੜ੍ਹੀ ਨਾਂਹ-ਨੁਕਰ ਕਰਨ ਅਤੇ ਕੁਝ ਸਪਸ਼ਟੀਕਰਨ ਲੈਣ ਉਪਰੰਤ ਸੀਅ ਦਿੱਤੇ ਗਏ।'

ਝੰਡੇ ਬਣਾਉਣ ਤੋਂ ਬਾਅਦ ਲਹਿਰਾਉਣ-ਪ੍ਰਚਾਰਨ ਤੇ ਹੋਰ ਥਾਈਂ ਪਹੁੰਚਾਉਣ ਲਈ ਕਾਰਕੁਨਾਂ ਹੱਥ ਦਿੱਤੇ ਗਏ। ਪਰਮਾਨੰਦ ਨੂੰ ਪਿਸ਼ਾਵਰ, ਡਾ. ਮਥਰਾ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਨੂੰ ਜਿਹਲਮ, ਕਿਰਪਾਲ ਸਿੰਘ ਨੂੰ ਦਦੇਹਰ ਅਤੇ ਸੁੱਚਾ ਸਿੰਘ ਈਸੇਵਾਲ ਨੂੰ ਅੰਬਾਲਾ ਭੇਜਿਆ ਗਿਆ। ਇਸੇ ਸੁੱਚਾ ਸਿੰਘ ਨੇ ਹਦਾਇਤ ਅਨੁਸਾਰ ਇੱਕ ਝੰਡਾ ਸੂਰਤੀ ਸਿੰਘ ਨੂੰ ਅਗਾਂਹ ਮੇਰਠ ਵਿਚ ਭਾਈ ਈਸ਼ਰ ਸਿੰਘ ਨੂੰ ਪਹੁੰਚਾਉਣ ਲਈ ਦਿੱਤਾ। ਹੋ ਸਕਦਾ ਹੈ, ਹੋਰ ਥਾਈਂ ਵੀ ਇਹ ਪੁੱਜਦੇ ਕੀਤੇ ਹੋਣ ਜਾਂ ਪੁੱਜਦੇ ਕਰਨ ਦੇ ਯਤਨ ਕੀਤੇ ਹੋਣ।

ਖੁਫ਼ੀਆ ਵਿਭਾਗ ਦੀ ਰਿਪੋਰਟ ਮੁਤਾਬਿਕ, 'ਰਾਸ ਬਿਹਾਰੀ ਬੋਸ ਦੀ ਸਰਗਰਮ ਸਲਾਹ 'ਤੇ ਬਹੁਤ ਸਾਰੇ ਝੰਡੇ ਤਿਆਰ ਕੀਤੇ ਗਏ। ਰੰਗਦਾਰ ਕੱਪੜਿਆਂ ਦੇ ਟੋਟੇ ਕਰਤਾਰ ਸਿੰਘ ਨੇ ਖਰੀਦੇ ਜਿਹੜੇ ਗ਼ਦਰੀਆਂ ਨੇ ਰਲ-ਮਿਲ ਸੀਤੇ ਜਾਂ ਬਣਵਾਏ।

ਚੰਗੇ ਭਾਗੀਂ, ਉਹ ਵੀ ਲੱਭ ਲਏ ਗਏ ਜਿਹੜੇ ਵੰਡ-ਵੰਡਾਈ ਤੋਂ ਬਾਅਦ ਵਧ ਗਏ ਸਨ ਅਤੇ ਲਕੋਏ ਹੋਏ ਜਾਂ ਦੱਬ-ਦਬਾਏ ਗਏ ਹੋਏ ਸਨ।' ਹੁਣ ਸ਼ਬਦ 'ਚੰਗੇ ਭਾਗੀਂ' ਵੱਲ ਧਿਆਨ ਦਿਓ ਜਿਹੜਾ ਇਹ ਦਰਸਾਉਂਦਾ ਹੈ ਕਿ ਹਕੂਮਤਾਂ ਲੋਕ-ਹਿੱਤਾਂ ਨੂੰ ਪ੍ਰਨਾਏ ਬਾਗੀ ਝੰਡੇ ਤੋਂ ਕਿੰਨਾ ਤ੍ਰਹਿੰਦੀਆਂ ਹਨ।

ਝੰਡੇ ਦੀ ਮਹੱਤਤਾ ਕਿੰਨੀ ਸੀ, ਅਡਵਾਇਰ ਨੇ 'ਮਾਈ 25 ਯੀਅਰ'ਜ਼ ਇੰਨ ਇਡੀਆ' ਨਾਮੀ ਆਪਣੀ ਲਿਖਤ ਵਿਚ ਉੱਘੜਵਾਂ ਨੋਟ ਦਿੱਤਾ, 'ਜਿਸ 23ਵੇਂ ਰਸਾਲੇ ਨੇ ਬਗਾਵਤ ਦੀ ਸ਼ੁਰੂਆਤ ਕਰਨੀ ਸੀ, ਬਦਕਿਸਮਤੀ ਨੂੰ ਉਸ ਦੇ ਬਾਡੀਗਾਰਡ ਵੀ ਉਸੇ ਰਸਾਲੇ ਵਿਚੋਂ ਸਨ ਜਨ੍ਹਿਾਂ ਵਿਚੋਂ ਕੁਝ ਦੀ ਮਦਦ ਨਾਲ ਗਵਰਨਰ ਹਾਊਸ 'ਤੇ ਗ਼ਦਰੀ ਝੰਡਾ ਵੀ ਲਹਿਰਾ ਦਿੱਤਾ ਜਾਣਾ ਸੀ। ਜੇ ਅਜਿਹਾ ਕਰਨ ਵਿਚ ਗ਼ਦਰੀ ਸਫ਼ਲ ਹੋ ਜਾਂਦੇ ਤਾਂ ਸਿੱਟੇ ਬਹੁਤ ਦੂਰਰਸ ਨਿਕਲਣੇ ਸਨ।'

ਗ਼ਦਰ ਪਾਰਟੀ ਦੇ ਝੰਡੇ ਦੀ ਅਹਿਮੀਅਤ ਅਤੇ ਹੋਣੀ ਦੀ ਮੈਂ ਬੜੀ ਸੀਮਤ ਜਿਹੀ ਬਾਤ ਪਾਈ ਹੈ। ਫ਼ੈਸਲਾ ਕਰਨ, ਇਸ ਨੂੰ ਬਣਾਉਣ ਤੇ ਲਹਿਰਾਉਣ ਲਈ ਉੱਦਮ, ਇਸ ਨੂੰ ਜ਼ਬਤ ਕੀਤੇ ਜਾਣ ਅਤੇ ਮਗਰੋਂ ਇਸੇ ਪ੍ਰਸੰਗ ਵਿਚ ਗ਼ਦਰੀਆਂ ਦੀ ਹੋਣੀ ਦੀ ਕਥਾ ਬਹੁਤ ਲੰਮੀ ਅਤੇ ਮਾਰਮਿਕ ਪਰ ਮਾਣਮੱਤੀ ਹੈ ਜਿਸ ਬਾਰੇ ਗਵਰਨਰ ਮਾਈਕਲ ਓਡਵਾਇਰ ਨੇ ਬੜੇ ਘਮੰਡ ਨਾਲ ਕਿਹਾ ਸੀ, 'ਸੇਵਾਮੁਕਤੀ ਸਮੇਂ ਮੈਂ ਗ਼ਦਰ ਲਹਿਰ ਦੇ ਝੰਡੇ ਨੂੰ 'ਵਾਰ ਟਰਾਫੀ' ਵਜੋਂ ਆਪਣੇ ਨਾਲ ਇੰਗਲੈਂਡ ਲੈ ਗਿਆ ਸੀ।' 'ਵਾਰ ਟਰਾਫੀ'। ਗ਼ਦਰ ਲਹਿਰ ਦੇ ਪ੍ਰਸੰਗ ਵਿਚ ਇਹ ਸ਼ਬਦ ਬਹੁਤ ਵੱਡੇ ਮਾਇਨੇ ਰੱਖਦਾ ਹੈ; ਉਨ੍ਹਾਂ ਹੀ ਸ਼ਬਦਾਂ ਵਾਂਗ ਜਦਿੰ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਯੁੱਧ ਸਾਥੀਆ ਨੇ ਅਦਾਲਤੀ ਕਰਵਾਈਆਂ ਸਮੇਂ ਇਸੇ ਝੰਡੇ ਦੇ ਪ੍ਰਸੰਗ ਵਿਚ ਬੁਲੰਦ ਕਹੇ ਸਨ, 'ਹਕੂਮਤ ਭੁਲੇਖੇ ਵਿਚ ਹੈ, ਇਹ ਤਾਂ ਹੁਣ ਵੀ ਸਾਨ ਫਰਾਂਸਿਸਕੋ ਯੁਗਾਂਤਰ ਆਸ਼ਰਮ ਵਿਚ ਝੂਲ ਰਿਹਾ ਹੈ। ਗ਼ਦਰੀ ਝੰਡਾ ਜਿਹੜਾ ਆਜ਼ਾਦੀ, ਭਾਈਚਾਰੇ ਅਤੇ ਬਰਾਬਰੀ ਤੇ ਹਕੀਕੀ ਕੌਮੀ ਏਕਤਾ ਦਾ ਪ੍ਰਤੀਕ ਹੈ, ਭਾਰਤ ਵਿਚ ਮੁੜ ਝੂਲੇਗਾ।'



## ਸਿੱਖ ਕੌਮ ਦੇ ਮਹਾਨ ਯੋਧੇ

# ਭਾਈ ਹਰਜਿੰਦਰ ਸਿੰਘ ਜੀ ਜਿੰਦਾ ਭਾਈ ਸੁਖਦੇਵ ਸਿੰਘ ਜੀ ਸੁੱਖਾ

ਦਿੱਲੀ ਪੁਲਿਸ ਦੇ ਕਮਿਸ਼ਨਰ 'ਵੇਦ ਮਾਰਵਾਹ' ਦੇ ਮੂਹੋਂ ਨਿਕਲੇ ਇਹ ਸ਼ਬਦ ਹਜ਼ਾਰਾਂ ਸਾਲਾਂ ਦੇ ਮਨੁੱਖੀ ਇਤਿਹਾਸ ਵਿੱਚ ਆਪਣੀ ਬਾਲੜੀ ਉਮਰ ਵਾਲੀ ਸਿੱਖ ਕੌਮ ਨੂੰ ਇਹ ਮਾਣ ਹਾਸਲ ਹੈ ਕਿ ਉਸ ਦੇ ਗਗਨ 'ਤੇ ਹਜ਼ਾਰਾਂ ਨਹੀਂ, ਲੱਖਾਂ ਖਾਲਸਾ ਜੀ ਦੇ ਇਹੋ ਜਿਹੇ ਚਮਕਦੇ ਸਿਤਾਰੇ ਹਨ, ਜੋ ਬੇਇਨਸਾਫੀ ਅਤੇ ਜੁਲਮ ਦੀ ਕਾਲੀ ਬੋਲੀ ਰਾਤ ਵਿੱਚ ਹੱਕ-ਸੱਚ-ਇਨਸਾਫ਼ ਦੇ ਹਰ ਪਾਂਧੀ ਨੂੰ ਰੌਸਨੀ ਭਰਪੂਰ, ਜਾਗਦੀਆਂ ਜ਼ਮੀਰਾਂ ਵਾਲਿਆਂ ਦੀ ਡਗਰ 'ਤੇ ਤੁਰਨ ਵਿੱਚ ਅਗਵਾਈ ਤੇ ਹੌਸਲਾ ਬਖ਼ਸ਼ਦੇ ਹਨ। ਗੁਰੂ ਕਲਗੀਧਰ ਦੇ ਵਰੋਸਾਏ ਖਾਲਸਾ ਪੰਥ ਦੇ ਦੋ ਲਾਡਲੇ ਸਪੁੱਤਰਾਂ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਆਪਣੀ ਅਦੁੱਤੀ ਬਹਾਦਰੀ ਤੇ ਲਾਸਾਨੀ ਸਹਾਦਤ ਨਾਲ ਖਾਲਸਾਈ ਗਗਨ ਨੂੰ ਤਾਂ ਲਟ ਲਟ ਰੌਸਨ ਕੀਤਾ ਹੀ ਹੈ ਪਰ ਨਾਲ ਹੀ ਉਹ ਅਜੋਕੇ ਖਾਲਸਤਾਨੀ ਸੰਗਰਾਮ ਦੇ ਮੁੱਖ ਕੇਂਦਰ ਬਿੰਦੂ ਵੀ ਹੋ ਨਿੱਬੜੇ ਹਨ। ਲੱਖਾਂ ਫੌਜਾਂ ਦੀ ਕਮਾਂਡ ਕਰਨ ਵਾਲਾ ਅਕਾਲ ਤਖਤ ਸਾਹਿਬ 'ਤੇ ਹਮਲਾਵਰ 'ਜਨਰਲ ਵੈਦਿਆ' ਤਾਂ ਇਤਿਹਾਸ ਦੇ ਘੱਟੇ ਵਿੱਚ ਗੁਆਚ ਗਿਆ ਹੈ ਪਰ ਭਾਈ ਜਿੰਦਾ ਤੇ ਭਾਈ ਸੁੱਖਾ ਖਾਲਸਤਾਨੀ ਫੌਜਾਂ ਦੇ ਸਦੀਵੀ ਜਰਨੈਲ ਸਥਾਪਤ ਹੋ ਗਏ ਹਨ, ਜਿਨ੍ਹਾਂ ਦੀ ਬਹਾਦਰੀ ਤੇ ਨਿਰਭੈਤਾ ਦਾ ਲੋਹਾ ਦੁਸਮਣ ਨੇ ਵੀ ਮੰਨਿਆ ਹੈ। ਜੰਗ ਦੇ ਮੈਦਾਨ ਵਿਚ ਬੱਬਰ ਸ਼ੇਰ ਦੀ ਗਰਜ ਰੱਖਣ ਵਾਲੇ ਇਨ੍ਹਾਂ ਸੂਰਮਿਆਂ ਨੇ ਫਾਂਸੀ ਦੇ ਰੱਸੇ ਨੂੰ ਗਲ 'ਚ ਪਾਉਣ ਤੱਕ ਦਾ ਸਫਰ ਸੰਤਤਾਈ ਦੀ ਉੱਚ ਆਤਮਿਕ ਅਵਸਥਾ ਵਿੱਚ ਵਿਚਰਦਿਆਂ ਤਹਿ ਕੀਤਾ। ਇਹਨਾਂ ਦੋ ਜਾਗਦੀਆਂ ਰੂਹਾਂ ਵਾਲਿਆਂ ਨੂੰ ਮੌਤ ਲਾੜੀ ਵਿਆਹੁਣ ਦੇ ਖਿਆਲ ਨੇ ਅਨੰਦਮਈ ਅਵਸਥਾ ਵਿੱਚ ਪਹੁੰਚਾ ਦਿੱਤਾ। ਦਗ-ਦਗ ਭਖਦੇ ਚਿਹਰਿਆਂ ਦੇ ਤੇਜੱਸਵੀ ਜਲਾਲ ਸਾਹਮਣੇ ਮੌਤ ਨੂੰ ਵੀ ਦੰਦਲ ਪੈ ਗਈ ਹੋਵੇਗੀ। ਪਰ ਨਿਰਮਾਣਤਾ ਦੇ ਪੁੰਜ ਵੀਰਿਆਂ ਨੇ ਜਲਾਦ ਨੂੰ ਵੀ ਗਲ ਨਾਲ ਲਾ ਕੇ ਵਧਾਈ ਦਿੱਤੀ ਕਿਉਂਕਿ ਮੌਤ ਨਾਲ ਅਨੰਦ (ਵਿਆਹ) ਪੜ੍ਹਾਉਣ ਦੀ ਰਸਮ ਤਾਂ ਉਹ ਹੀ ਅਦਾ ਕਰ ਰਿਹਾ ਸੀ। ਖਾਲਿਸਤਾਨ ਜਿੰਦਾਬਾਦ ਦੇ ਨਾਅਰੇ ਗਜਾਉਂਦਿਆਂ ਫਾਂਸੀ ਦੇ ਰੱਸਿਆਂ 'ਤੇ ਝੂਟਾ ਲੈ ਰਹੇ ਭਾਈ ਸੁੱਖਾ-ਜਿੰਦਾ ਨੂੰ ਮਾਨੋ ਦਸਮੇਸ਼ ਪਿਤਾ ਆਪ ਲੋਰੀਆਂ ਦੇ ਰਹੇ ਸਨ।

ਜਦੋਂ ਅਸੀਂ 18 ਵੀਂ ਸਦੀ ਦੇ ਸਿੰਘਾਂ ਦੀ ਬਹਾਦਰੀ ਤੇ ਆਚਰਨ ਦਾ ਹਵਾਲਾ ਦਿੰਦੇ ਹਾਂ ਤਾਂ ਅਹਿਮਦ ਸਾਹ ਅਬਦਾਲੀ ਦੇ ਨਾਲ ਆਏ ਜਰਨੈਲ-ਇਤਿਹਾਸਕਾਰ ਕਾਜੀ ਨੂਰ ਮੁਹੰਮਦ ਦਾ ਜਿਕਰ ਕੀਤਾ ਜਾਂਦਾ ਹੈ। ਕਾਜੀ ਨੂਰ ਮੁਹੰਮਦ ਦਾ ਕਹਿਣਾ ਹੈ 'ਇਨ੍ਹਾਂ ਸਿੱਖਾਂ ਨੂੰ ਕੁੱਤੇ ਨਾ ਆਖੋ (ਕਿਉਂਕਿ ਉਹ ਪਹਿਲਾਂ ਆਪ ਹੀ ਸਿੱਖਾਂ ਲਈ ਕੁੱਤਾ, ਫਾਰਸੀ ਵਿੱਚ ਸੱਗ ਸਬਦ ਵਰਤ ਚੁੱਕਾ ਸੀ) ਇਹ ਤਾਂ ਅਸਲੀ ਸ਼ੇਰ ਹਨ। ਜਿਹੜਾ ਜੰਗ ਦੇ ਮੈਦਾਨ ਵਿੱਚ ਸ਼ੇਰ ਦੀ ਭਬਕਾਰ ਨਾਲ ਜੂਝਦਾ ਹੈ, ਉਸ ਨੂੰ ਕੁੱਤਾ ਕਿਵੇਂ ਆਖਿਆ ਜਾ ਸਕਦਾ ਹੈ ? ਉਹ ਤਲਵਾਰ ਦੇ ਯੋਧਿਓ! ਜੇ ਤੁਸੀਂ ਜੰਗ ਦੇ ਦਾਓ ਪੇਚ ਸਿੱਖਣੇ ਹਨ, ਤਲਵਾਰ ਵਾਹੁਣੀ ਸਿੱਖਣੀ ਹੈ ਤਾਂ ਇਨ੍ਹਾਂ ਤੋਂ ਸਿੱਖੋ। ਇਹ ਨਾਇਕਾਂ ਵਾਂਗ ਦੁਸਮਣ ਦਾ ਟਾਕਰਾ ਕਰਦੇ ਹਨ ਅਤੇ ਫੇਰ ਬੜੀ ਸਫਾਈ ਨਾਲ ਸੁਰੱਖਿਅਤ ਨਿਕਲ ਵੀ ਜਾਂਦੇ ਹਨ।' ਦੁਸਮਣ ਵੱਲੋਂ ਕੀਤੀ ਗਈ ਸਿਫਤ ਹੀ ਅਸਲ ਆਚਰਨ ਦੀ, ਭਰੋਸੇਯੋਗ ਜਾਮਨੀ ਹੁੰਦੀ ਹੈ।

20 ਵੀਂ ਸਦੀ ਦੇ ਅੰਤ ਵਿੱਚ ਖਾਲਸਤਾਨੀ ਸੰਘਰਸ਼ ਲਈ ਸ਼ਹੀਦ ਡੇਢ ਲੱਖ ਤੋਂ ਜ਼ਿਆਦਾ ਸਿੰਘਾਂ-ਸਿੰਘਣੀਆਂ ਦੀ ਸੂਰਬੀਰਤਾ, ਸਿਦਕ ਅਤੇ ਮੌਤ ਦੇ ਬੇਖ਼ੌਫ ਹੋਣ ਦੇ ਕਰੈਕਟਰ ਦਾ ਰੋਲ-ਮਾਡਲ ਭਾਈ ਜਿੰਦਾ ਤੇ ਭਾਈ ਸੁੱਖਾ ਕਹੇ ਜਾ ਸਕਦੇ ਹਨ।

ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਦੀ ਸੰਖੇਪ ਜੀਵਨੀ:

ਭਾਈ ਹਰਜਿੰਦਰ ਸਿੰਘ ਜਿੰਦਾ ਦੀ ਮਾਤਾ ਜੀ ਗੁਰਨਾਮ ਕੌਰ ਅਤੇ ਪਿਤਾ ਗੁਲਜਾਰ ਸਿੰਘ ਜੀ ਚੜ੍ਹਦੀ-ਕਲਾ ਵਾਲੇ ਕਿਰਤੀ ਸਿੱਖ ਹਨ। ਭਾਈ ਸਾਹਿਬ ਦੇ ਦੋ ਵੱਡੇ ਭਰਾ ਨਿਰਭੈਲ ਸਿੰਘ ਅਤੇ ਭੁਪਿੰਦਰ ਸਿੰਘ ਤੇ ਇਕ ਭੈਣ ਬੀਬੀ ਬਲਵਿੰਦਰ ਕੌਰ ਹੈ। ਭਾਈ ਸਾਹਿਬ ਦਾ ਜਨਮ 4 ਅਪ੍ਰੈਲ 1962 ਵਿੱਚ ਹੋਇਆ ਸੀ। ਭਾਈ ਹਰਜਿੰਦਰ ਸਿੰਘ ਨੇ ਮੁੱਢਲੀ ਵਿਦਿਆ ਆਪਣੇ ਪਿੰਡ ਗਦਲੀ (ਜਿਲ੍ਹਾ ਅੰਮ੍ਰਿਤਸਰ) ਤੋਂ ਪ੍ਰਾਪਤ ਕੀਤੀ। ਗਹਿਰੀ ਮੰਡੀ ਤੋਂ ਦਸਵੀਂ ਪਾਸ ਕਰਕੇ ਤੇ ਬਾਰਵੀਂ ਜੰਡਿਆਲਾ ਗੁਰੂ ਤੋਂ ਪਾਸ ਕਰਕੇ ਖਾਲਸਾ ਕਾਲਜ ਅੰਮ੍ਰਿਤਸਰ 'ਚ ਉੱਚ-ਵਿੱਦਿਆ ਪ੍ਰਾਪਤ ਕਰਨ ਲਈ ਦਾਖਲਾ ਲੈ ਲਿਆ। ਅਜੇ ਬੀ. ਏ. (ਭਾਗ ਦੂਜਾ) ਵਿੱਚ ਪੜ੍ਹਦੇ ਸਨ ਕਿ 1984 ਦਾ ਘੱਲੂਘਾਰਾ ਵਾਪਰ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਹੀਦੀ ਪੁਰਬ ਸਮੇਂ ਸ੍ਰੀ ਦਰਬਾਰ ਸਾਹਿਬ ਇਕੱਤਰ ਹੋਈਆਂ ਸਿੱਖ-ਸੰਗਤਾਂ ਨੂੰ ਭਾਰਤੀ ਫੌਜ ਵੱਲੋਂ ਗੋਲੀਆਂ, ਬੰਬਾਂ, ਤੋਪਾਂ ਤੇ ਟੈਂਕਾਂ ਨਾਲ ਭੁੰਨ ਦਿੱਤਾ ਗਿਆ। ਸ੍ਰੀ ਅਕਾਲ ਤਖ਼ਤ ਢਹਿ ਢੇਰੀ ਕਰ ਦਿੱਤਾ ਗਿਆ, ਚਾਲੀ ਹੋਰ ਗੁਰਧਾਮ ਫੌਜੀ ਛਾਉਣੀਆਂ ਵਿੱਚ ਤਬਦੀਲ ਕਰ ਦਿੱਤੇ ਗਏ ਤੇ ਪਿੰਡਾਂ ਵਿੱਚ ਸਿੱਖ ਜਵਾਨਾਂ ਨੂੰ ਚੁਣ-ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ ਗਿਆ। ਇਹਨਾਂ ਘਟਨਾਵਾਂ ਕਰਕੇ ਹਰ ਸਿੱਖ ਵਾਂਗ ਭਾਈ ਹਰਜਿੰਦਰ ਸਿੰਘ ਜਿੰਦਾ ਦੇ ਖ਼ੂਨ ਨੇ ਵੀ ਉਬਾਲਾ ਖਾਧਾ, ਸਿੱਖੀ ਅਣਖ ਜਾਗੀ ਤੇ ਪੜ੍ਹਾਈ ਵਿੱਚੇ ਛੱਡ ਕੇ ਸਿੱਖ-ਸੰਘਰਸ਼ ਵਿੱਚ ਕੁੱਦ ਪਏ। ਜਦੋਂ ਫੌਜਾਂ ਨੇ ਸ੍ਰੀ ਦਰਬਾਰ ਸਾਹਿਬ ਆਪਣੇ ਕਬਜ਼ੇ ਵਿੱਚ ਕੀਤਾ ਹੋਇਆ ਸੀ ਉਦੋਂ ਭਾਈ ਹਰਜਿੰਦਰ ਸਿੰਘ ਜਿੰਦਾ ਆਪਣੇ ਪਿੰਡ ਤੇ ਨੇੜੇ-ਨੇੜੇ ਦੀਆਂ ਸਿੱਖ ਸੰਗਤਾਂ ਨਾਲ ਸ੍ਰੀ ਦਰਬਾਰ ਸਾਹਿਬ ਆਜ਼ਾਦ ਕਰਵਾਉਣ ਲਈ ਕੀਤੇ ਮਾਰਚ ਵਿੱਚ ਸ਼ਾਮਲ ਸੀ। ਪਰ ਫੌਜੀ ਨਾਕਿਆਂ ਦੇ ਤਸੱਦਦ ਸਾਹਮਣੇ ਕੋਈ ਪੇਸ਼ ਨਾ ਗਈ ਤੇ ਕਚੀਚੀਆਂ ਖਾਂਦੇ ਦੁੱਖੀ-ਹਿਰਦਿਆਂ ਨਾਲ ਕੁੱਟ-ਮਾਰ ਖਾ ਕੇ ਘਰਾਂ ਨੂੰ ਪਰਤ ਆਏ। ਭਾਈ ਹਰਜਿੰਦਰ ਸਿੰਘ ਜਿੰਦਾ ਆਪਣੇ ਨਾਨਕੇ ਪਿੰਡ ਚੱਕ ਬਾਈ ਐਚ. ਸ੍ਰੀ ਗੰਗਾਨਗਰ ਚਲਾ ਗਿਆ। ਆਪ ਦੇ ਮਾਮੇ ਦੇ ਪੁੱਤਰ ਬਲਜਿੰਦਰ ਸਿੰਘ ਰਾਜੂ ਅਤੇ ਉਸ ਦੇ ਮਿੱਤਰ ਭਾਈ ਸੁਖਦੇਵ ਸਿੰਘ ਸੁੱਖਾ 16 ਐਫ. ਨਾਲ ਮਿਲ ਕੇ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਹਰਮਿੰਦਰ ਸਾਹਿਬ ਤੇ ਹੋਰ ਗੁਰਧਾਮਾਂ ਦੀ ਕੀਤੀ ਬੇਅਦਬੀ ਅਤੇ ਸਿੱਖ ਕੌਮ ਦੀ ਹੋਈ ਬੇਪਤੀ ਦਾ ਬਦਲਾ ਲੈਣ ਲਈ ਪ੍ਰਣ ਕੀਤਾ। ਭਾਈ ਰਾਜੂ ਪੁਲਿਸ ਦੇ ਕਾਬੂ ਆ ਗਏ ਤੇ ਉਸ ਉੱਤੇ ਕੀਤੇ ਤਸੱਦਦ ਦੀ ਖ਼ਬਰ ਸੁਣ ਕੇ ਭਾਈ ਜਿੰਦਾ ਤੇ ਭਾਈ ਸੁੱਖੇ ਦਾ ਮਨ ਹੋਰ ਵੀ ਉਬਾਲੇ ਖਾਣ ਲੱਗਾ ਇਸ ਤੋਂ ਬਾਅਦ ਭਾਈ ਜਿੰਦਾ ਜੀ ਨੇ ਜੋ ਕਾਰਨਾਮੇ ਕੀਤੇ ਉਹ ਇਸ ਪ੍ਰਕਾਰ ਹਨ:

31 ਜੁਲਾਈ 1985 ਨੂੰ ਦਿੱਲੀ ਕਤਲੇਆਮ ਦੇ ਮੁਖ ਹਤਿਆਰੇ ਕਾਂਗਰਸੀ ਨੇਤਾ ਲਲਿਤ ਮਾਕਨ ਨੂੰ ਜਾ ਸੋਧ ਲਾਇਆ ਏਸ ਕਾਰਵਾਈ 'ਚ ਗੁਰੂ ਦੇ ਦੋਵੇਂ ਲਾਡਲੇ ਭਾਈ ਜਿੰਦਾ ਜੀ ਅਤੇ ਭਾਈ ਸੁੱਖ ਜੀ ਦੇ ਨਾਲ ਹੀ ਭਾਈ ਰਣਜੀਤ ਸਿੰਘ ਗਿੱਲ ਵੀ ਸਨ ਭਾਈ ਰਣਜੀਤ ਸਿੰਘ ਗਿੱਲ ਜੀ ਨੂੰ 14 ਮਈ 1987 ਨੂੰ ਅਮਰੀਕਾ ਜਰਸੀ ਵਿਖੇ ਇੰਟਰਪੋਲ ਦੀ ਮਦਦ ਨਾਲ ਗ੍ਰਿਫਤਾਰ ਕਰ ਲਿਆ ਗਿਆ ਅਤੇ 6 ਫਰਵਰੀ 1988 ਨੂੰ ਯੂ ਏਨ ਓ 'ਚ ਸੁਣਵਾਈ 'ਤੇ ਸੰਨ 2000 ਨੂੰ ਭਾਰਤ ਦੇ ਹਵਾਲੇ ਕਰ ਦਿੱਤਾ ਗਇਆ ਜਿੱਥੇ ਭਾਈ ਰਣਜੀਤ ਸਿੰਘ ਗਿੱਲ ਨੂੰ ਸਜ਼ਾ ਸੁਣਾ ਦਿੱਤੀ ਗਈ।

1984 ਦੇ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿੱਚ ਸਿੱਖਾਂ ਦਾ ਕਤਲੇਆਮ ਕਰਵਾਉਣ 'ਚ ਅਹਿਮ ਰੋਲ ਅਦਾ ਕਰਨ ਵਾਲਾ ਇੱਕ ਹੋਰ ਕਾਂਗਰਸੀ ਨੇਤਾ ਅਰਜੁਨ ਦਾਸ ਸੀ, ਜਿਸ ਨੂੰ ਨਾਨਾਵਤੀ ਕਮਿਸ਼ਨ ਨੇ ਵੀ ਦੋਸ਼ੀ ਕਰਾਰ ਦਿੱਤਾ ਸੀ। 5 ਸਤੰਬਰ 1985 ਨੂੰ ਗੁਰੂ ਦੇ ਲਾਡਲਿਆਂ ਨੇ ਅਰਜੁਨ ਦਾਸ ਨੂੰ ਗੱਡੀ ਚੜ੍ਹਾ ਦਿੱਤਾ ਇਹ ਰਾਜੀਵ ਗਾਂਧੀ ਦਾ ਖਾਸ ਚਮਚਾ ਸੀ।

10 ਅਗਸਤ 1986 ਨੂੰ ਸਭ ਤੋਂ ਵੱਡਾ ਕਾਰਨਾਮਾ ਤਦ ਕੀਤਾ ਗਿਆ ਜਦ ਸੂਰਮਿਆਂ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੇ ਮੋਹਰੀ ਰਹੇ 'ਜਨਰਲ ਵੈਧਜ' ਨੂੰ ਉਸ ਦੇ ਕੀਤੇ ਦੀ ਸਜ਼ਾ ਵੱਜੋਂ ਸੋਧ ਲਾ ਦਿੱਤਾ ਗਿਆ ਇਹ ਭਾਰਤ ਸਰਕਾਰ ਦੇ ਮੂੰਹ 'ਤੇ ਹੁਣ ਤੱਕ ਦਾ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਸਭ ਤੋਂ ਵੱਡਾ ਕਰਾਰਾ ਤਮਾਚਾ ਸੀ।

ਸਿੱਖ ਸੰਘਰਸ਼ ਨੂੰ ਮੁਕਾਮ ਤੱਕ ਲੈ ਜਾਨ ਲਈ ਸਿੰਘਾਂ ਨੂੰ ਹਥਿਆਰਾਂ ਦੀ ਸਖ਼ਤ ਲੋੜ ਸੀ, ਜਿਸ ਵਾਸਤੇ ਭਾਰਤ ਦੇ ਇਤਿਹਾਸ ਵਿੱਚ 13 ਫਰਵਰੀ 1987 ਨੂੰ ਖਾਲਿਸਤਾਨ ਕਮਾਂਡੋ ਫੋਰਸ ਦੇ ਸਿੰਘਾਂ ਨੇ ਜਨਰਲ ਲਾਭ ਸਿੰਘ ਜੀ ਦੀ ਅਗਵਾਈ ਹੇਠ ਪੰਜਾਬ 'ਚ ਇੱਕ ਬੈਂਕ ਵਿੱਚੋਂ 5.70 ਕਰੋੜ ਰੁਪਏ ਲੈ ਕੇ ਨਿਕਲਣ 'ਚ ਕਾਮਯਾਬ ਹੋ ਗਏ, ਕਿਹਾ ਜਾਂਦਾ ਹੈ ਕਿ ਇਹ ਕਾਰਨਾਮਾ 'ਲਿਮ੍ਕਾ ਬੁੱਕ ਆਫ ਰਿਕਾਰਡ' 'ਚ ਦਰਜ ਹੈ।

ਇਹ ਕਾਰਵਾਈ ਸੁਣ ਕੇ ਵੱਡੇ ਵੱਡੇ ਅਧਿਕਾਰੀਆਂ ਦੇ ਪਸੀਨੇ ਨਿਕਲ ਗਏ ਸੀ, ਜਿਸ ਢੰਗ ਨਾਲ ਸਿੰਘ ਸਫਾਈ ਨਾਲ ਬਾਹਰ ਨਿਕਲੇ ਸੀ ਉਸ ਬਾਰੇ ਪੂਰਾ ਸੱਚ ਭਾਰਤ ਸਰਕਾਰ ਦੇ ਅਧਿਕਾਰੀ ਦੇ ਮੂਹੋਂ ਆਪ ਸੁਣੋ :

'ਵੇਦ ਮਰਵਾਹਾ' ਦਿੱਲੀ ਪੁਲਿਸ ਦਾ ਮੁਖੀ (ਕਮਿਸਨਰ) ਹੁਣ ਨੌਕਰੀ ਤੋਂ ਰਿਟਾਇਰ ਹੋ ਚੁੱਕਾ ਹੈ। ਇਸ ਦੀ ਕਮਾਂਡ ਥੱਲੇ ਦਿੱਲੀ ਪੁਲਿਸ ਨੇ ਦੋ ਵਾਰ (1985 ਤੇ ਫਿਰ 1987 ਵਿਚ) ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਗ੍ਰਿਫਤਾਰ ਕੀਤਾ ਸੀ। 'ਵੇਦ ਮਰਵਾਹੇ' ਨੇ ਰਿਟਾਇਰਮੈਂਟ ਤੋਂ ਬਾਅਦ ਇੱਕ ਕਿਤਾਬ ਲਿਖੀ ਜਿਸ ਦਾ ਸਿਰਲੇਖ ਹੈ 'ਅਨਸਿਵਲ ਵਾਰਜ ਪਥੋਲੌਜੀ ਆਫ ਟੈਰਰਿਜਮ ਇਨ ਇੰਡੀਆ।'

ਇਸ ਕਿਤਾਬ ਦੇ ਸਫਾ 16 'ਤੇ ਉਸ ਨੇ ਇੱਕ ਸਿਰਲੇਖ ਦਿੱਤਾ ਹੈ: 'ਜਿੰਦਾ ਕੋਈ ਸਧਾਰਣ ਮਨੁੱਖ ਨਹੀਂ ਸੀ।' ਇਸ ਦੀ ਲਿਖਤ ਵਿਚਲਾ ਵੇਰਵਾ ਕਾਜੀ ਨੂਰ ਮੁਹੰਮਦ ਦੀ 18 ਵੀਂ ਸਦੀ ਦੇ ਸਿੰਘਾਂ ਬਾਰੇ 'ਗਵਾਹੀ' ਵਾਂਗ ਹੀ ਹੈ। ਭਾਰਤੀ ਰਾਸਟ੍ਰ ਭਗਤੀ ਤੇ ਫਿਰਕੂਪੁਣੇ ਨਾਲ ਭਰਿਆ ਪੰਜਾਬੀ ਹਿੰਦੂ ਮੂਲ ਦਾ 'ਵੇਦ ਮਰਵਾਹਾ' ਲਿਖਦਾ ਹੈ: 'ਹਰਜਿੰਦਰ ਸਿੰਘ ਜਿੰਦਾ, ਜਿਸ ਨੂੰ ਜਨਰਲ ਵੈਦਿਆ ਦੇ ਕਤਲ ਕੇਸ ਵਿਚ ਸਜਾ ਹੋਈ ਅਤੇ ਬਾਅਦ ਵਿਚ ਫਾਂਸੀ 'ਤੇ ਲਟਕਾਇਆ ਗਿਆ ਕੋਈ ਸਧਾਰਨ ਮਨੁੱਖ ਨਹੀਂ ਸੀ। … ਇਹ ਸਿਰਫ਼ ਇੱਕ ਬੇਤਰਸ ਹਤਿਆਰਾ ਨਹੀਂ ਸੀ। ਉਸ ਦੀ ਸਖ਼ਸੀਅਤ ਦਾ ਇੱਕ ਬੜਾ ਅਨੋਖਾ ਪੱਖ ਵੀ ਸੀ। ਉਹ ਜਦੋਂ ਸਖ਼ਤ ਜਖਮੀ ਸੀ ਅਤੇ ਜੀਵਨ-ਮੌਤ ਦੀ ਲੜਾਈ ਲੜ ਰਿਹਾ ਸੀ, ਉਦੋਂ ਵੀ ਉਹ ਬੜਾ ਮਖੌਲੀਆ ਅਤੇ ਦਿਲ ਨੂੰ ਲੁਭਾਉਣ ਵਾਲਾ ਅੰਦਾਜ ਰੱਖਦਾ ਸੀ। ਜਦੋਂ ਮੈਂ ਉਸ ਦੀ ਗ੍ਰਿਫਤਾਰੀ ਤੋਂ ਬਾਅਦ ਉਸ ਨੂੰ ਪਹਿਲੀ ਵਾਰ ਮਿਲਿਆ ਤਾਂ ਮੈਂ ਮਹਿਸੂਸ ਕੀਤਾ ਕਿ ਉਹ ਕੋਈ ਮਨੋਰੋਗੀ ਨਹੀਂ ਸੀ ਬਲਕਿ ਉਸ ਦੀ ਮਾਨਸਿਕਤਾ ਵਿੱਚ ਐਸੇ ਅਸਾਧਾਰਨ ਤੱਤ ਸਨ, ਜਿਹੜੇ ਉਸ ਨੂੰ ਇੱਕ ਵੱਖਰੀ ਦਿੱਖ ਵਾਲਾ ਇਨਸਾਨ ਸਥਾਪਤ ਕਰਦੇ ਸਨ।'

'ਵੇਦ ਮਰਵਾਹਾ' ਅੱਗੋਂ ਛੋਟਾ ਸਿਰਲੇਖ ਦਿੰਦੇ ਹਨ: 'ਪਹਿਲੀ ਗ੍ਰਿਫਤਾਰੀ' ਲਿਖਤ ਅਨੁਸਾਰ-'ਜਿੰਦਾ ਪਹਿਲੀ ਵਾਰ ਅਚਾਨਕ ਹੀ 1985 ਵਿਚ ਪੁਲਿਸ ਦੇ ਹੱਥ ਲੱਗ ਗਿਆ। ਉਦੋਂ ਦਿੱਲੀ ਵਿੱਚ ਲਗਾਤਾਰ ਬੈਂਕ ਲੁੱਟੇ ਜਾ ਰਹੇ ਸਨ ਪਰ ਪੁਲਿਸ ਨੂੰ ਕੋਈ ਸੂਹ ਨਹੀਂ ਸੀ ਮਿਲ ਰਹੀ। ਮੈਨੂੰ ਰੋਜ਼ਾਨਾ ਭਾਰਤ ਦੇ ਗ੍ਰਹਿ ਮੰਤਰੀ ਤੋਂ ਝਾੜਾਂ ਪੈ ਰਹੀਆਂ ਸਨ ਅਤੇ ਮੀਡੀਏ ਵਿੱਚ ਵੀ ਦਿੱਲੀ ਪੁਲਿਸ ਦੀ ਦੁਰਗਤੀ ਬਣ ਰਹੀ ਸੀ। ਉਦੋਂ ਤੱਕ ਸਾਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਇਨ੍ਹਾਂ ਬੈਂਕ ਡਕੈਤੀਆਂ ਨਾਲ ਪੰਜਾਬ ਦੇ ਦਹਿਸਤਗਰਦਾਂ ਦਾ ਵੀ ਕੋਈ ਸਬੰਧ ਹੋ ਸਕਦਾ ਹੈ। ਜਿੰਦੇ ਦੀ ਗ੍ਰਿਫਤਾਰੀ ਇੱਕ ਛੋਟੇ ਦਰਜੇ ਦੀ ਜਾਣਕਾਰੀ ਦੇ ਆਧਾਰ 'ਤੇ ਹੋਈ, ਜਿਸ ਦਾ ਸੰਬੰਧ ਕਿਸੇ ਕਾਰ ਦੀ ਚੋਰੀ ਨਾਲ ਸੀ। ਕ੍ਰਾਈਮ ਬਰਾਂਚ ਦੇ ਐਡੀਸ਼ਨਲ ਕਮਿਸਨਰ ਆਰ. ਕੇ. ਸਰਮਾ ਨੇ ਮੈਨੂੰ ਇੱਕ ਐਤਵਾਰ ਦੀ ਸਵੇਰ ਫੋਨ ਕਰ ਕੇ ਜਿੰਦੇ ਦੀ ਗ੍ਰਿਫਤਾਰੀ ਦੀ 'ਵੱਡੀ ਪ੍ਰਾਪਤੀ' ਸੰਬੰਧੀ ਦੱਸਿਆ। ਉਦੋਂ ਪਹਿਲੀ ਵਾਰ ਦਿੱਲੀ ਪੁਲਿਸ ਨੂੰ ਪਤਾ ਲੱਗਾ ਕਿ ਉਨ੍ਹਾਂ ਨੇ ਇੱਕ ਅਚਾਨਕ ਇੱਕ ਮਾਰਕਾਖੋਜ ਕੰਮ ਕੀਤਾ ਹੈ।'

'ਮਰਵਾਹੇ' ਦੀ ਲਿਖਤ ਦਾ ਅਗਲਾ ਸਿਰਲੇਖ ਹੈ-'ਪੁੱਛ ਗਿੱਛ' (ਇੰਟੈਰੋਗੇਸਨ) ਮਰਵਾਹੇ ਅਨੁਸਾਰ -'ਮੈਂ ਆਪਣੇ ਘਰੋਂ ਫੌਰਨ ਕ੍ਰਾਈਮ ਬਰਾਂਚ ਇੰਟੈਰੋਗੇਸਨ ਸੈਂਟਰ ਪਹੁੰਚਿਆ ਅਤੇ ਇਸ ਸਾਧਾਰਨ ਜਿਹੀ ਦਿੱਖ ਵਾਲੇ ਵਿਅਕਤੀ ਦੀ ਇੱਕ ਘੰਟੇ ਤੋਂ ਜ਼ਿਆਦਾ ਸਮਾਂ ਪੁੱਛਗਿੱਛ (ਇਸ ਨੂੰ ਤਸੱਦਦ ਪੜ੍ਹਿਆ ਜਾਵੇ) ਕੀਤੀ। ਮੈਂ ਉਸ ਵੱਲੋਂ ਕਹਾਣੀ ਬਿਆਨ ਕਰਨ ਦੇ ਢੰਗ ਤੋਂ ਬੜਾ ਅਚੰਭਿਤ ਹੋਇਆ ਅਤੇ ਉਸ ਵੱਲੋਂ ਦੱਸੀਆਂ ਗਈਆਂ ਗੱਲਾਂ ਤੋਂ ਵੀ। ਉਸ ਦੀ ਖੱਲੜੀ ਵਿੱਚ ਡਰ ਨਾਂ ਦੀ ਕੋਈ ਚੀਜ ਨਹੀਂ ਸੀ ਅਤੇ ਨਾ ਹੀ ਉਸ ਨੂੰ ਆਪਣੇ ਕੀਤੇ ਤੋਂ ਪਛਤਾਵਾ ਸੀ। ਉਹ ਤਾਂ ਬਾਲੀਵੁਡ ਦੀਆਂ ਫਿਲਮਾਂ ਦੇ ਅੰਦਾਜ਼ ਵਿੱਚ ਪੁਲਿਸ ਨੂੰ ਥਾਂ-ਥਾਂ ਝਕਾਨੀ ਦੇ ਕੇ ਨਿਕਲਣ ਦੇ ਕਾਰਨਾਮਿਆਂ ਨੂੰ ਬੜੇ ਚਸਕੇ ਲੈ ਕੇ ਸੁਣਾ ਰਿਹਾ ਸੀ। ਮੇਰੇ ਸਾਹਮਣੇ ਅੰਮ੍ਰਿਤਸਰ ਸ਼ਹਿਰ ਦਾ ਇੱਕ ਨੌਜਵਾਨ ਸਿੱਖ ਖੜ੍ਹਾ ਸੀ ਜਿਸ ਨੇ ਸਮੁੱਚੀ ਦਿੱਲੀ ਪੁਲਿਸ ਨੂੰ ਵਖਤ ਪਾਇਆ ਹੋਇਆ ਸੀ, ਇਸ ਤੱਥ ਦੀ ਵੀ ਉਸ ਨੂੰ ਬੜੀ ਖੁਸੀ ਸੀ। ਉਸ ਨੇ ਆਪਣੇ ਖਾਲਸਤਾਨੀ ਸੰਘਰਸ਼ ਵਿਚਲੇ ਰੋਲ ਨੂੰ ਘਟਾ ਕੇ ਦੱਸਿਆ ਪਰ ਦਿੱਲੀ (ਜਿਸ ਨੂੰ ਉਹ ਰਾਜਧਾਨੀ ਕਹਿਣ ਦੀ ਜਿਦ ਕਰਦਾ ਸੀ) ਵਿਚਲੀ ਬੈਂਕ ਡਕੈਤੀਆਂ ਸੰਬੰਧੀ ਉਸ ਨੇ ਬੜੇ ਮਾਣ ਨਾਲ ਖੁੱਲ੍ਹ ਕੇ ਦੱਸਿਆ। ਉਸ ਦਾ ਦਿੱਲੀ ਨੂੰ ਵਾਰ ਵਾਰ 'ਰਾਜਧਾਨੀ' ਕਹਿਣ ਤੋਂ ਵੀ ਇਹ ਹੀ ਭਾਵ ਸੀ, ਉਹ ਦਿੱਲੀ ਪੁਲਿਸ ਦਾ ਪੂਰਾ ਮਜਾਕ ਉਡਾ ਰਿਹਾ ਸੀ। ਉਦੋਂ ਭਾਵੇਂ ਸਾਨੂੰ ਉਸ ਦੀਆਂ ਗਤੀਵਿਧੀਆਂ ਬਾਰੇ ਪੂਰੀ ਜਾਣਕਾਰੀ ਨਹੀਂ ਸੀ ਪਰ ਉਹ ਗੱਲ ਕਰਨ ਲੱਗਿਆ 'ਉਹ' (ਭਾਰਤ ਸਰਕਾਰ) ਤੇ ਅਸੀਂ (ਖਾਲਸਤਾਨੀ) ਸਬਦਾਵਲੀ ਦੀ ਵਰਤੋਂ ਕਰ ਰਿਹਾ ਸੀ। ਮੈਨੂੰ ਉਦੋਂ ਮਹਿਸੂਸ ਹੋਇਆ ਕਿ ਉਹ ਮੇਰੇ ਨਾਲ, ਇੱਕ 'ਪੁਲਿਸ ਮੁਖੀ' ਦੇ ਤੌਰ 'ਤੇ ਬਰਾਬਰ ਦੀ ਧਿਰ ਬਣ




# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਕਿਸ਼ਤ - 50

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਸੋ ਉਹਨੇ ਏਸ ਕੰਮ ਵਾਸਤੇ ਸਾਰਾ ਬਲ ਲਾ ਦੇਣ ਦਾ ਫ਼ੈਸਲਾ ਕਰ ਲਿਆ। ਇਲਾਕੇ ਵਿਚ ਨਵੇਂ ਉਤਸ਼ਾਹ ਨਾਲ ਗਸ਼ਤੀ ਫੌਜਾਂ ਦੀ ਚੜ੍ਹਾਈ ਹੋਈ। ਸਿੰਘ ਸਮਾਂ ਵਿਚਾਰ ਕੇ ਮਾਲਵੇ ਨੂੰ ਨਿਕਲ ਗਏ ਤੇ ਕੁਛ ਪਹਾੜਾਂ ਉਤੇ ਜਾ ਚੜੇ ਜਾਂ ਜੰਗਲਾਂ ਵਿਚ ਲੁਕ ਗਏ।

### ਗੁਰਬਖ਼ਸ਼ ਸਿੰਘ ਦੀ ਸ਼ਹੀਦੀ

ਜਹਾਨ ਖ਼ਾਂ ਆਪ ਫ਼ੌਜਾਂ ਲੈ ਕੇ ਅੰਮ੍ਰਿਤਸਰ 'ਤੇ ਚੜ ਆਇਆ। ਉਸ ਵੇਲੇ ਓਥੇ ਬਾਬਾਗੁਰਬਖ਼ਸ਼ ਸਿੰਘ ਹਰਿਮੰਦਰ ਸਾਹਿਬ ਦੀ ਰਾਖੀ ਕਰ ਰਿਹਾ ਸੀ। ਉਹ ਪਿੰਡ 'ਲੀਲ' ਤਸੀਲ ਕਸੂਰ ਦਾ ਸੀ। ਉਹਨੇ ਭਾਈ ਮੰਨੀ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਸੀ।ਉਹ ਬੜਾ ਭਜਨੀਕ-ਸੰਤ ਰੂਪ-ਨਿਹੰਗ ਸਿੰਘ ਸੀ। ਉਹ ਹਰ ਵੇਲੇ ਨੀਲੇ ਬਸਤਰ ਪਹਿਨਿਆ ਕਰਦਾ ਸੀ। ਬਾਕੀ ਸਿੰਘ ਤਾਂ ਜੰਗਲਾਂ ਨੂੰ ਨੱਸ ਗਏ, ਪਰ ਬਾਬਾ ਗੁਰਬਖ਼ਸ਼ ਸਿੰਘ ਆਪਣੇ ਗਿਣਤੀ ਦੇ ਸਾਥੀਆਂ ਸਣੇ-ਸ਼ਹੀਦੀ

ਗਾਨੇ ਸਜਾ ਕੇ-ਅਕਾਲ ਤਖ਼ਤ 'ਤੇ ਡਟਿਆ ਰਿਹਾ। ਜਹਾਨ ਖ਼ਾਂ ਨੇ ਹਮਲਾ ਕੀਤਾ, ਤਾਂ ਬਾਬਾ ਗੁਰਬਖ਼ਸ਼ ਸਿੰਘ ਤੇ ਉਹਦੇ ਸਾਥੀ ਸੂਰਮਿਆਂ ਵਾਂਗ ਲੜ ਕੇ ਸ਼ਹੀਦ ਹੋਏ। ਉਹਨਾਂ ਦਾ ਸ਼ਹੀਦ ਗੰਜ ਸ੍ਰੀ ਅਕਾਲ ਤਖ਼ਤ ਦੇ ਪਿਛਲੇ ਪਾਸੇ ਹੈ

### ਜਹਾਨ ਖ਼ਾਂ ਨੇ ਅੰਮ੍ਰਿਤਸਰ ਬੇਅਦਬੀ ਕੀਤੀ

ਜਹਾਨ ਖ਼ਾਂ ਨੇ ਅੰਮ੍ਰਿਤਸਰ ਉੱਤੇ ਕਬਜ਼ਾ ਕਰ ਲਿਆ।ਉਹਨੇ ਓਥੋਂ ਦੇ ਗੁਰਦੁਆਰੇ ਢਾਹ ਦਿੱਤੇ ਤੇ ਸਰੋਵਰ ਪੂਰ ਦਿੱਤਾ। ਸਿੱਖਾਂ ਦਾ ਬਣਾਇਆ ਕਿਲਾ ਰਾਮਗੜ ਢਾਹ ਦਿੱਤਾ ਗਿਆ। ਉਹਦੇ ਵਿਚਲੇ ਕੁਛ ਸਿੱਖ ਸ਼ਹੀਦ ਕਰ ਦਿੱਤੇ ਗਏ। ਅੰਮ੍ਰਿਤਸਰ ਦੀ ਵਸੋਂ ਬੁਰੀ ਤਰਾਂ ਲੁੱਟੀ ਤੇ ਉਸ ਉੱਤੇ-ਨਾ ਕਹੇ ਜਾਣ ਵਾਲੇ-ਜ਼ੁਲਮ ਕੀਤੇ।

### ਬਾਬਾ ਦੀਪ ਸਿੰਘ ਦੀਤਲਵੰਡੀ ਤੋਂ ਤਿਆਰੀ

ਬੈਠੀ ਸੀ। ਮਿਸਲ ਦਾ ਜੱਥੇਦਾਰ ਬਾਬਾ ਦੀਪ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਉਤਾਰਾ ਕਰ ਰਿਹਾ ਸੀ। ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਖ਼ਬਰ ਸੁਣੀ, ਤਾਂ ਉਸ ਸੰਤ ਸਿਪਾਹੀ ਨੇ ਕਲਮ ਰਖ ਦਿੱਤੀ ਤੇ ਤਲਵਾਰ ਫੜ ਲਈ। ਦਮਦਮਾ ਸਾਹਿਬ ਦੀ ਸੇਵਾ ਆਪਣੇ ਭਤੀਜੇ ਸੱਦਾ ਸਿੰਘ ਨੂੰ ਸੌਂਪ ਕੇ ਬਾਬਾ ਦੀਪ ਸਿੰਘ ਆਪਣਾ ਜੱਥਾ ਲੈ ਕੇ ਅੰਮ੍ਰਿਤਸਰ ਨੂੰ ਤੁਰ ਪਿਆ। ਪਿੰਡ ਜੱਗਾ, ਬਾਹਮਣੀ ਵਾਲਾ, ਨੇਹੀਆਂ ਵਾਲਾ, ਬਿੱਜੁਕੇ, ਗੁਰੂ ਚੌਂਤਰਾ, ਫੂਲ, ਮਰਾਜ, ਦਰਾਜ, ਭੁੱਚੋ, ਗੋਬਿੰਦਪੁਰਾ, ਕੋਟ, ਲੱਖੀ ਜੰਗਲ ਵਿਚ ਦੀ ਹੁੰਦਾ ਹੋਇਆ ਜੱਥਾ ਫ਼ੀਰੋਜ਼ਪੁਰ, ਖੇਮ ਕਰਨ ਰਾਹੀਂ ਤਰਨ ਤਾਰਨ ਆ ਬੈਠਾ। ਏਥੋਂ ਤਕ ਆਉਂਦਿਆਂ ਸਿੰਘਾਂ ਦੀ ਗਿਣਤੀ ਪੰਜ ਹਜ਼ਾਰ ਹੋ ਗਈ। ਏਥੇ ਇਲਾਕੇ ਦੇ ਪਿੰਡਾਂ ਵਿਚ ਖ਼ਬਰ ਖਿਲਰ ਗਈ, ਕਿ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਸ਼ਹੀਦ ਹੋਣ ਵਾਸਤੇ ਜਾ ਰਹੇ ਹਨ। ਇਹ ਸੁਣ ਕੇ ਸਿੰਘ ਲੱਗੇ ਤਰਨ ਤਾਰਨ ਕੱਠੇ ਹੋਣ। ਲੜਾਈ ਵਾਲੇ ਦਿਨ ਤਕ ਸਾਰੇ ਸਿੰਘਾਂ ਦੀ ਗਿਣਤੀ ਦਸ ਹਜ਼ਾਰ ਤਕ ਅਪੜ ਗਈ।

### ਜਹਾਨ ਖ਼ਾ ਦੀ ਫ਼ੌਜ

ਅਗੇ ਜਹਾਨ ਖਾਂ ਨੇ ਗੋਲਵੜ ਮੋਰਚੇ ਆ ਮੱਲੇ। ਆਪਣੀ ਮਦਦ ਵਾਸਤੇ ਉਹਨੇ ਇਲਾਕੇ ਦੇ ਸਭ ਹਾਕਮ ਬੁਲਾ ਲਏ। ਲਾਹੌਰ ਵਿਚ ਰਹਿਣ ਵਾਲੇ ਹਰ ਅਸਵਾਰ ਨੂੰ ਲੜਾਈ ਵਿਚ ਜਾਣ ਦਾ ਹੁਕਮ ਦਿੱਤਾ ਗਿਆ। ਜਹਾਨ ਖਾਂ ਦੇ ਨਾਲ ਹਾਜੀ ਅੱਤੇ ਖਾਂ, ਕਾਸਮ ਖਾਂ ਪੱਟੀ ਵਾਲਾ, ਮੀਰ ਨਿਆਮਤੁੱਲਾ, ਸੱਯਦ ਸਾਬਰਅਲੀ, ਅਮੀਰ ਜਾਨਖਾਨ ਪੰਜ ਹਜ਼ਾਰੀ, ਅਯੂਬ ਖਾਂ, ਅਮਾਨ ਖਾਂ, ਯਾਕੂਬ ਖਾਂ, ਜ਼ਬਰਦਸਤ ਖਾਂ, ਰੁਸਤਮ ਖਾਂ ਆਦਿ ਅਫ਼ਸਰ ਸਨ।

### ਗੋਲਵੜ ਦੀ ਲੜਾਈ

11 ਨਵੰਬਰ, 1757 ਈ: ਨੂੰ ਹੋਈ। ਸਿੰਘਾਂ ਨੇ ਤਰਨ ਤਾਰਨੋਂ ਉਠ ਕੇਜਹਾਨ ਦੀਖਾਂ ਉੱਤੇ ਹਮਲਾ ਕੀਤਾ। ਪਹਿਲੇ ਹੱਲੇ ਵਿਚ ਹੀ ਮੁਸਲਮ ਫ਼ੌਜ ਪਿਛਾਂਹ ਨੂੰ ਨੱਸ ਉਠੀ। ਜਹਾਨ ਖ਼ਾਂ ਨੇ ਆਪਣੀ ਫ਼ੌਜ ਨੂੰ ਨੱਸਣ ਤੋਂ ਰੋਕਣ ਵਾਸਤੇ ਤਲਵਾਰ ਨਾਲ ਆਪਣੇ ਹੀ ਕੁਛ ਸਿਪਾਹੀ ਵਟਤ ਕੀਤੇ। ਇਸ ਤਰਾਂ ਦੋਹੀਂ ਪਾਸੀਂ ਮੌਤ ਵੇਖ ਕੇ ਮੁਸਲਮ ਫ਼ੌਜ ਮਾਰੀਦੀ ਲੜਨ ਲੱਗੀ। ਉਹ ਸਿੰਘਾਂ ਦੇ ਅਥਾਹ ਜੋਸ਼ ਅੱਗੇ ਖਲੋ ਨਾ ਸਕੀ। ਅਖ਼ੀਰ ਲੜਦੇ ਲੜਾਉਂਦੇ ਮੁਸਲਮ ਜਰਨੈਲ ਪਿਛਲੇ ਪੈਰੀਂ ਅੰਮ੍ਰਿਤਸਰ ਨੂੰ ਹਟਣ ਲਗੇ। ਦੋਵੇਂ ਦਲ ਲੜਦੇ ਲੜਦੇ ਰਾਮ ਸਰ (ਅੰਮ੍ਰਿਤਸਰ) ਕੋਲ ਜਾਂ ਅਪੜੇ। ਏਥੇ ਬੜਾ ਘਮਸਾਣ ਦਾ ਯੁੱਧ ਹੋਇਆ। ਅਮਾਨ ਖ਼ਾਂ ਤੇ ਬਾਬਾ ਦੀਪ ਸਿੰਘ ਆਮੋ-ਸਾਮਣੇ ਆ ਭਿੜੇ। ਸਾਂਝੇ ਵਾਰ ਨਾਲ ਦੋਹਾਂ ਬਹਾਦਰਾਂ ਦੇ ਸਿਰ ਲਹਿ ਗਏ। ਗਿ, ਗਿਆਨ ਸਿੰਘ ਜੀ ਪੰਥ ਪ੍ਰਕਾਸ਼ (ਪੰਨਾ ੭੯੫) ਵਿਚ ਲਿਖਦੇ ਹਨ, ਕਿ ਇਹ ਘਟਨਾ ਪਿੰਡ ਚਾਟੀ ਵਿੰਡ ਕੋਲ ਹੋਈ। ਕੋਲੋਂ ਇਕ ਸਿੰਘ ਨੇ ਬੋਲੀ ਮਾਰੀ, ਕਿ ਬਾਬਾ ਜੀ = ਆਪ ਨੇ ਤਾਂ ਅੰਮ੍ਰਿਤਸਰ ਪਹੁੰਚ ਕੇ ਸੀਸ ਭੇਟ ਕਰਨ ਦਾ ਬਚਨ ਕੀਤਾ ਸੀ। ਪਰ ਹੁਣ ਰਾਹੇ ਆਸਣ ਜਮਾ ਬਹਿਣ ਲੱਗੇ ਓ ਇਹ ਸੁਣ ਕੇ ਬਾਬਾ ਦੀਪ ਸਿੰਘ ਨੇ ਖੱਬੇ ਹੱਥ 'ਤੇ ਸਿਰ ਧਰ ਲਿਆ ਤੇ ਲੜਦੇ ਹੋਏ ਰਾਮਸਰ ਕੋਲ ਜਾ ਅਪੜੇ। ਸਿੰਘਾਂ ਨੇ ਕਿਹਾ ਧੰਨ ਬਾਬਾ ਦੀਪ ਸਿੰਘ' ਜਿਸ ਦਾ ਧੜ ਲੜਦਾ ਅੰਮ੍ਰਿਤਸਰ ਆ ਪੁੱਜਾ ਹੈ। ਇਹ ਵਾਕ ਸੁਣ ਕੇ ਬਾਬਾ ਜੀ ਨੇ ਓਥੇ ਹੀ ਸਿਰ ਧਰ ਦਿੱਤਾਫ਼ ਬਾਕੀ ਇਤਿਹਾਸਾਂ ਵਿਚ ਲਿਖਿਆ ਹੈ, ਕਿ ਬਾਬਾ ਜੀ ਸ਼ਹੀਦ ਹੀ ਗੁ। ਰਾਮਸਰ ਕੋਲ ਹੋਏ। ਓਥੇ ਅੱਜ ਤੱਕ ਸ਼ਹੀਦ ਗੰਜ ਹੈ। ਬਾਬਾ ਦੀਪ ਸਿੰਘ ਦੇ ਸ਼ਹੀਦ ਹੋਣ 'ਤੇ ਵੀ ਲੜਾਈ ਮੁੱਕੀ ਨਹੀਂ।ਸਿੰਘ ਸ਼ੇਰਾਂ ਵਾਂਗ ਹੱਲੇ ਕਰਦੇ ਤੇ ਲਹੂ ਦੀ ਹੋਲੀ ਖੇਡਦੇ ਅੱਗੇ ਵਧਦੇ ਗਏ। ਗੁਰੂ ਕੇ ਬਾਗ, ਅੰਮ੍ਰਿਤ ਸਰੋਵਰ ਦੀਆਂ ਪਰਕਰਮਾਂ ਤੇ ਅਕਾਲ ਤਖ਼ਤ

ਦੇ ਪਿਛਲੇ ਪਾਸੇ ਤਕ ਬੜਾ ਲਹੂ ਡੋਲਵਾਂ ਘਮਸਾਣ ਹੋਇਆ। ਵੈਰੀ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਛੱਡ ਕੇ ਪਿਛੇ ਹਟ ਗਿਆ। ਰਾਤ ਪਈ ਲੜਾਈ ਬੰਦ ਹੋਈ। ਦੋਹਾਂ ਧਿਰਾਂ ਦੇ ਹਜ਼ਾਰਾਂ ਸਿਪਾਹੀ ਤੇ ਕੋਈ ਨਾਮਵਰ ਸਰਦਾਰ ਮਾਰੇ ਗਏ। ਸ। ਦਿਆਲ ਸਿੰਘ ਦੇ ਹੱਥੋਂ ਅਮੀਰ ਜਾਨ ਖ਼ਾਨ ਮਾਰਿਆ ਗਿਆ। ਬਾਬਾ ਦੀਪ ਸਿੰਘ ਦੇ ਹੱਥੋਂ ਯਾਕੂਬ ਖ਼ਾਂ, ਮੀਰ ਨਿਅਮਤੁੱਲਾ ਤੇ ਅਮਾਨ ਖ਼ਾਂ ਮਾਰੇ ਗਏ। ਸੱਯਦ ਸਾਬਰ ਅਲੀ ਤੇ ਸ: ਹੀਰਾ ਸਿੰਘ ਆਪਸ ਵਿਚ ਲੜ ਕੇ ਸ਼ਹੀਦ ਹੋਏ। ਸ। ਬਲਵੰਤ ਸਿੰਘ ਨੇ ਜ਼ਬਰਦਸਤ ਖ਼ਾਂ ਨੂੰ ਚੱਕਰ ਨਾਲ ਮਾਰਿਆ। ਫਿਰ ਰੁਸਤਮ ਖ਼ਾਂ ਤੇ ਬਲਵੰਤ ਸਿੰਘ ਸਾਂਝੇ ਵਾਰ ਨਾਲ ਸ਼ਹੀਦ ਹੋਏ। ਜਿੱਥੇ-ਜਿੱਥੇ ਕੋਈ ਸਿੰਘ ਸ਼ਹੀਦ ਹੋਇਆ, ਓਥੇ-ਓਥੇ ਉਸ ਦਾ ਸ਼ਹੀਦ ਗੰਜ ਬਣਿਆ ਹੋਇਆ ਹੈ। ਸ। ਨੋਧ ਸਿੰਘ ਪਿੰਡ ਚੱਬੇ ਕੋਲ ਸ਼ਹੀਦ ਹੋਇਆ, ਜਿਸ ਦਾ ਸ਼ਹੀਦ ਗੰਜ ਪੱਕੀ ਸੜਕ ਦੇ ਵਿਚ ਬਣਿਆ ਹੋਇਆ ਹੈ। ਹਰੀ ਸਿੰਘ ਤੇ ਬੀਰ ਸਿੰਘ ਸੰਗਰਾਣੇ ਕੋਲ ਸ਼ਹੀਦ ਹੋਏ। ਮਤਾਬ ਸਿੰਘ ਗਿੱਲ ਬਾਬਾ ਦੀਪ ਸਿੰਘ ਕੋਲ ਚਾਟੀ ਵਿੰਡ ਦੇ ਦਰਵਾਜ਼ੇ ਅੱਗੇ ਸ਼ਹੀਦ ਹੋਇਆ। ਧਰਮ ਸਿੰਘ ਬਬੇਕਸਰ ਕੋਲ ਸ਼ਹੀਦ ਹੋਇਆਫ਼ ਕੌਰ ਸਿੰਘ, ਮੰਨਾ ਸਿੰਘ, ਬਸੰਤ ਸਿੰਘ (ਸੰਤ ਸਿੰਘ) ਤੇ ਬੀਰ ਸਿੰਘ ਮੰਗਨੀ ਰਾਮ ਦੇ ਅਖਾੜੇ ਕੋਲ ਸ਼ਹੀਦ ਹੋਏ।

☛ ਬਾਕੀ ਅਗਲੇ ਅੰਕ ਵਿੱਚ

---

ਕੇ ਗੱਲ ਕਰ ਰਿਹਾ ਸੀ (ਨਾ ਕਿ ਮੁਜਰਮ ਦੇ ਤੌਰ 'ਤੇ) .... ਉਸ ਨੂੰ ਫੇਰ ਅਸੀਂ ਗੁਜਰਾਤ ਪੁਲਿਸ ਦੇ ਹਵਾਲੇ ਕਰ ਦਿੱਤਾ, ਜਿੱਥੋਂ ਕਿ ਉਹ ਅਦਾਲਤ ਵਿਚ ਪੇਸ਼ੀ ਲਈ ਲਿਜਾਂਦੇ ਸਮੇਂ, ਪੁਲਿਸ ਹਿਰਾਸਤ ਵਿੱਚੋਂ ਫਰਾਰ ਹੋ ਗਿਆ। ਉਸ ਤੋਂ ਬਾਅਦ ਉਸ ਨੇ ਬੜੇ ਦਲੇਰਾਨਾ ਕੰਮ ਕੀਤੇ, ਜਿਨ੍ਹਾਂ ਵਿੱਚ 'ਲਲਿਤ ਮਾਕਨ' ਐਮ. ਪੀ. ਤੇ 'ਅਰਜਨ ਦਾਸ' ਆਦਿ ਸੰਜੇ ਗਾਂਧੀ ਦੇ ਨੇੜਲੇ ਸਾਥੀਆਂ ਦਾ ਮਾਰੇ ਜਾਣਾ ਵੀ ਸ਼ਾਮਲ ਸੀ। ਦਿੱਲੀ ਤੇ ਪੰਜਾਬ ਵਿੱਚ ਜਿੰਦੇ ਦੇ ਨਾਂ ਦੀ ਬੜੀ ਦਹਿਸ਼ਤ ਫੈਲ ਗਈ।'

'ਵੇਦ ਮਰਵਾਹਾ' ਫੇਰ, ਇੱਕ ਸਬ-ਹੈਡਿੰਗ 'ਦੂਸਰੀ ਮੁਲਾਕਾਤ' ਦਾ ਦਿੰਦਾ ਹੈ, ਜਿਸ ਅਨੁਸਾਰ ਅਗਸਤ 1987 ਵਿੱਚ ਸਿਵਲ ਲਾਈਨਜ਼ ਏਰੀਏ ਵਿੱਚ ਹੋਏ ਇੱਕ ਪੁਲਿਸ ਮੁਕਾਬਲੇ ਵਿੱਚ ਜਿੰਦਾ ਸਖ਼ਤ ਜ਼ਖ਼ਮੀ ਹਾਲਤ ਵਿੱਚ ਦਿੱਲੀ ਪੁਲਿਸ ਨੇ ਦਬੋਚ ਲਿਆ। ..... ਮੈਂ ਆਪਣੇ ਵਾਇਰਲੈੱਸ ਸੈੱਟ 'ਤੇ ਜਿੰਦੇ ਦੀ ਗਿ੍ਫਤਾਰੀ ਬਾਰੇ ਸੁਣਿਆ ਅਤੇ ਕੁਝ ਮਿੰਟਾਂ ਵਿੱਚ ਹੀ ਪੁਲਿਸ ਸਟੇਸ਼ਨ ਪਹੁੰਚ ਗਿਆ। ਜਿੰਦੇ ਨੂੰ ਇੱਕ ਸਟਰੈਚਰ 'ਤੇ ਪਾ ਕੇ ਐਂਬੂਲੈਂਸ ਵੱਲ ਲਿਜਾਇਆ ਜਾ ਰਿਹਾ ਸੀ ਜਦੋਂਕਿ ਉਸ ਨੇ ਮੈਨੂੰ ਵੇਖ ਲਿਆ। ਉਸ ਨੇ ਮੁਸਕਰਾ ਕੇ ਮੇਰਾ ਸਵਾਗਤ ਕੀਤਾ। ਉਹ ਬੜੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਸੀ ਪਰ ਫਿਰ ਵੀ ਉਸ ਨੇ ਮੈਨੂੰ ਮਜ਼ਾਕੀਆ ਲਹਿਜੇ ਵਿੱਚ ਕਿਹਾ -'ਮੁਬਾਰਕ ਹੋ, ਅਬ ਆਪ ਕੋ ਬਹੁਤ ਬੜੀ ਤਰੱਕੀ ਮਿਲੇਗੀ ਦਿੱਲੀ ਪੁਲਿਸ ਨੇ ਮੁਝੇ ਪਕੜ ਲੀਆ ਹੈ।' ਮੇਰੇ ਸਾਹਮਣੇ ਉਹ ਬੰਦਾ ਸੀ, ਜਿਹੜਾ ਮੌਤ ਦੇ ਮੂੰਹ ਵਿੱਚ ਜਾ ਰਿਹਾ ਸੀ ਪਰ ਉਹ ਇਨ੍ਹਾਂ ਪਲਾਂ ਵਿੱਚ ਵੀ ਬੇਪ੍ਰਵਾਹ ਹੋ ਕੇ ਮਜ਼ਾਕ ਕਰ ਰਿਹਾ ਸੀ। ਮੈਂ ਦੇਖ ਰਿਹਾ ਸੀ ਕਿ ਉਸ ਨੂੰ ਆਪਣੇ ਕਾਰਜ ਲਈ ਮਹਾਨ ਕੁਰਬਾਨੀ ਕਰਨ ਦੀ ਤਸੱਲੀ ਵੀ ਸੀ ਤੇ ਪੁਲਿਸ ਨੂੰ ਨੀਵਾਂ ਦਿਖਾਉਣ ਦਾ ਚਾਅ ਵੀ... ਉਸ ਦਾ ਫੌਜੀ ਹਸਪਤਾਲ ਵਿੱਚ ਇਲਾਜ ਚੱਲਿਆ ਤੇ ਉਹ ਇੱਕ ਅਪਰੇਸ਼ਨ ਤੋਂ ਬਾਅਦ ਕਰਾਮਾਤੀ ਤੌਰ 'ਤੇ ਠੀਕ ਹੋ ਗਿਆ। ਮੈਂ ਉਸ ਨੂੰ ਡੀ. ਜੀ. ਪੀ. ਕ੍ਰਾਈਮ ਦੇ ਨਾਲ ਹਸਪਤਾਲ ਵਿੱਚ ਦੇਖਣ ਗਿਆ। ਪਰ ਇਸ ਵਾਰ ਮੈਂ ਪੁੱਛਗਿੱਛ ਲਈ ਨਹੀਂ ਗਿਆ ਪਰ ਉਸ ਇਨਸਾਨ ਨੂੰ ਮਿਲਣ ਗਿਆ, ਜਿਸ ਨੇ ਮੇਰੇ ਮਨ 'ਚ ਵੀ ਸਤਿਕਾਰ ਦੀ ਥਾਂ ਬਣਾ ਲਈ ਸੀ। ਮੈਂ ਇਹ ਇਕਬਾਲ ਕਰਨਾ ਚਾਹੁੰਦਾ ਹਾਂ ਕਿ ਉਦੋਂ ਮੇਰੀਆਂ ਜਿੰਦੇ ਪ੍ਰਤੀ ਭਾਵਨਾਵਾਂ ਇੱਕ ਪ੍ਰੋਫੈਸ਼ਨਲ ਪੁਲਿਸ ਅਫਸਰ ਵਾਲੀਆਂ ਨਹੀਂ ਸਨ ਬਲਕਿ ਪ੍ਰਸੰਸਾ ਤੇ ਨਿੱਘ ਵਾਲੀਆਂ ਸਨ.....।'

ਖਾਲਸਤਾਨੀ ਸੰਘਰਸ਼ ਦੇ ਇਸ ਸਿਪਾਹ ਸਿਲਾਰ ਨੂੰ 'ਦੁਸਮਣ' ਵੱਲੋਂ ਦਿੱਤੀ ਗਈ, ਇਸ ਸਰਧਾਂਜਲੀ ਚੋਂ ਭਵਿੱਖ ਦੀਆਂ ਪੀੜੀਆਂ ਨੂੰ ਖਾਲਸਤਾਨੀ ਸੰਘਰਸ਼ ਦੇ ਯੋਧਿਆਂ ਦੀ ਅਸਲੀ ਤਸਵੀਰ ਨਜ਼ਰ ਆ ਰਹੀ ਹੋਵੇਗੀ।

ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੀ ਸੰਖੇਪ ਜੀਵਨੀ

ਭਾਈ ਸੁਖਦੇਵ ਸਿੰਘ ਦਾ ਜਨਮ ਰਾਜਿਸਥਾਨ ਜ਼ਿਲ੍ਹੇ ਗੰਗਾਨਗਰ ਦੀ ਤਹਿਸੀਲ ਕਰਨਪੁਰ ਦੇ ਚੱਕ ਨੰਬਰ 11 ਵਿੱਚ ਹੋਇਆ।

ਆਪ ਜੀ ਦੇ ਪਿਤਾ ਮਹਿੰਗਾ ਸਿੰਘ ਗੁਰਸਿੱਖ ਹਨ ਤੇ ਖੇਤੀ ਦਾ ਕੰਮ ਕਰਦੇ ਹਨ। ਮਾਤਾ ਸੁਰਜੀਤ ਕੌਰ ਪੂਰਨ ਗੁਰਸਿਖ, ਰਹਿਤ ਦੇ ਧਾਰਨੀ ਤੇ ਨਿਤਨੇਮੀ ਹਨ। ਭਾਈ ਸੁਖਦੇਵ ਸਿੰਘ ਨੂੰ ਸਿੱਖੀ ਸਿਦਕ ਦੀ ਦਾਤ ਵਿਰਸੇ ਵਿੱਚ ਮਿਲੀ ਹੋਈ ਸੀ। ਸਕੂਲ ਦੀ ਪੜ੍ਹਾਈ ਦੇ ਨਾਲ ਹੀ ਧਾਰਮਿਕ ਵਿਦਿਆ ਤੇ ਗੁਰਬਾਣੀ ਦਾ ਅਭਿਆਸ ਉਸ ਦਾ ਨਿਤ ਕਰਮ ਬਣ ਗਿਆ। ਮੁੱਢਲੀ ਵਿਦਿਆ ਪਿੰਡ ਮਾਣਕਪੁਰ ਚੱਕ ਨੰਬਰ 13 ਤੋਂ ਪ੍ਰਾਪਤ ਕੀਤੀ ਤੇ ਕਾਨਪੁਰ ਤੋਂ ਦਸਵੀਂ ਪਾਸ ਕਰਕੇ ਗਿਆਨ ਜੋਤੀ ਕਾਲਜ ਤੋਂ ਬੀ. ਏ. ਪਾਸ ਕੀਤੀ। ਐਮ. ਏ ਅੰਗਰੇਜੀ ਵਿੱਚ ਪੜ੍ਹਦੇ ਸਨ, ਜਦੋਂ 1984 ਦਾ ਸਿੱਖੀ ਦਮਨ ਕਰਨ ਵਾਲਾ ਘੱਲੂਘਾਰਾ ਵਾਪਰ ਗਿਆ। ਭਾਈ ਸੁੱਖਾ ਜੀ ਘਰੋਂ ਬੇਘਰ ਹੋ ਕੇ ਸਿੱਖੀ ਦੀ ਪੱਤ ਬਚਾਉਣ ਦੀਆ ਵਿਉਂਤਾਂ ਵਿੱਚ ਲਗ ਗਿਆ। ਆਪਣੇ ਮਿੱਤਰ ਬਲਜਿੰਦਰ ਸਿੰਘ ਰਾਜੂ ਦੇ ਭੂਆ ਦੇ ਪੁੱਤਰ ਹਰਜਿੰਦਰ ਸਿੰਘ ਜਿੰਦਾ ਨੂੰ ਆਪਣੇ ਕਾਰਜ ਦੇ ਨਿਸ਼ਾਨੇ ਉੱਤੇ ਪੁੱਜਣ ਲਈ ਆਪ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕੀਤੀ। ਗੁਰੂ ਮਹਾਰਾਜ ਦੇ ਬਖ਼ਸ਼ੇ ਹੋਏ ਲਾਡਲੇ ਸਪੁੱਤਰਾਂ ਨੂੰ ਪੰਥ ਦੇ ਲੇਖੇ ਲਾ ਸੁਰਖ਼ਰੂ ਹੋ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ। ਭਾਈ ਲਾਭ ਸਿੰਘ ਪੰਜਵੜ, ਭਾਈ ਜਰਨੈਲ ਸਿੰਘ ਹਲਵਾਰਾ ਤੇ ਮਥਰਾ ਸਿੰਘ ਚੌਡੇ ਮਧਰੇ ਤੇ ਭਾਈ ਚਰਨਜੀਤ ਸਿੰਘ ਚੰਨੀ ਲੁਧਿਆਣਾ (ਪੰਜਾਬ) ਵਿੱਚ ਸਰਗਰਮ ਸਨ। ਉਨਾਂ ਵਿੱਚ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਪੰਜਾਬ ਤੋਂ ਬਾਹਰ ਦਿੱਲੀ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ ਹੋਇਆ ਸੀ ਕਿਉਂਕਿ ਨਵੰਬਰ 1984 ਵਿੱਚ ਸਿੱਖਾਂ ਦੀ ਸਭ ਤੋਂ ਵੱਧ ਕਤਲੇਆਮ ਤੇ ਬੇਪਤੀ ਦਿੱਲੀ ਵਿੱਚ ਹੋਈ ਸੀ।

ਦਿੱਲੀ ਵਿੱਚ ਇਨਾਂ ਦਾ ਨਾਮ ਸੁਣ ਕੇ ਅਤੇ ਸਰਕਾਰ ਵੱਲੋਂ ਟੀ. ਵੀ. ਉੱਤੇ ਇਨ੍ਹਾਂ ਦੀਆਂ ਤਸਵੀਰਾਂ ਦਿਖਾਉਣ ਕਰਕੇ ਦਿੱਲੀ ਦੇ ਫ਼ਿਰਕੂ ਕਾਤਲ ਘਰਾਂ ਤੋਂ ਬਾਹਰ ਨਹੀਂ ਨਿਕਲਦੇ ਸਨ। ਇਕ ਵਾਰੀ ਭਾਈ ਹਰਜਿੰਦਰ ਸਿੰਘ ਜਿੰਦਾ ਦਿੱਲੀ ਪੁਲਿਸ ਦੇ ਕਾਬੂ ਆ ਗਏ ਤੇ ਅਹਿਮਦਾਬਾਦ ਜੇਲ ਵਿੱਚ ਭੇਜ ਦਿੱਤੇ ਗਏ ਉੱਥੋਂ ਕਿਸੇ ਢੰਗ ਨਾਲ ਨਿਕਲਣ ਵਿੱਚ ਸਫਲ ਹੋ ਗਏ ਫਿਰ ਇਹਨਾਂ ਨੇ ਹਿੰਦੁਸਤਾਨੀ ਫੌਜਾਂ ਦੇ ਉਸ ਵੇਲੇ ਦੇ ਕਮਾਂਡਰ ਇਨ-ਚੀਫ ਜਨਰਲ ਵੈਦਿਆ ਨੂੰ ਸੋਧਣ ਦਾ ਪ੍ਰੋਗਰਾਮ ਬਣਾਇਆ, ਜਿਸ ਦੀ ਕਮਾਨ ਹੇਠ ਫੌਜ ਵੱਲੋਂ ਸ੍ਰੀ ਦਰਬਾਰ ਸਾਹਿਬ ਜੀ ਤੇ ਹੋਰ ਗੁਰਦੁਆਰਿਆਂ ਦੀ ਬੇਹੁਰਮਤੀ (ਬੇਇੱਜ਼ਤੀ) ਹੋਈ ਸੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕੀਤਾ ਗਿਆ ਸੀ। ਜਨਰਲ ਵੈਦਿਆ ਫੌਜ ਵਿੱਚੋਂ ਰਿਟਾਇਰ ਹੋ ਕੇ ਪੂਨੇ ਵਿੱਚ ਰਹਿ ਰਿਹਾ ਸੀ।

ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਪੂਨੇ ਪਹੁੰਚ ਗਏ ਤੇ ਜਨਰਲ ਵੈਦਿਆ ਦੀ ਭਾਲ ਪਿੱਛੋਂ ਮੌਕਾ ਮਿਲਦਿਆਂ ਹੀ ਉਸ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤਾ। ਇਸ ਤਰ੍ਹਾਂ ਉਨ੍ਹਾਂ ਨੇ ਪਾਪੀ ਨੂੰ ਉਸ ਦੇ ਪਾਪਾਂ ਦੀ ਸਜ਼ਾ ਦੇ ਕੇ ਆਪਣੇ ਮਿਥੇ ਨਿਸ਼ਾਨੇ ਦੀ ਪੂਰਤੀ ਕੀਤੀ।'

17 ਸਿਤੰਬਰ 1987 ਨੂੰ ਭਾਈ ਸੁੱਖਾ ਜੀ ਦਾ ਪੂਨੇ ਇੱਕ ਟਰੱਕ ਨਾਲ ਐਕਸਿਡੈਂਟ ਹੋ ਗਇਆ ਉਸ ਸਮੇਂ ਭਾਈ ਸੁੱਖਾ ਜੀ ਉਸ ਮੋਟਰ ਸਾਇਕਲ 'ਤੇ ਹੀ ਸਵਾਰ ਸਨ ਜੋ ਉਨ੍ਹਾਂ ਨੇ ਵੈਦਯ ਨੂੰ ਸੋਧ ਲਾਉਣ ਸਮੇਂ ਇਸਤੇਮਾਲ ਕੀਤਾ ਸੀ। ਭਾਈ ਜਿੰਦਾ ਜੀ ਦੇ 1987 ਦੇ ਦਿੱਲੀ ਮੁਕਾਬਲੇ 'ਚ ਪੈਰ 'ਚ ਗੋਲੀ ਲਗੀ ਸੀ ਅਤੇ ਮਾਰਚ ਦੇ ਮਹੀਨੇ ਭਾਈ ਜਿੰਦਾ ਜੀ ਨੂੰ ਗੁਰਦੁਆਰਾ ਮਜਨੂੰ ਦਾ ਟੀਲਾ (ਦਿੱਲੀ) ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਦੋਵਾਂ ਸਿੰਘਾਂ ਤੇ ਜਨਰਲ ਵੈਧਯ ਦੀ ਹਤਿਆ ਦਾ ਦੋਸ਼ ਲਾਇਆ ਗਇਆ ਜਿਸ ਦੀ ਸਜ਼ਾ ਮੌਤ ਤੋਂ ਘੱਟ ਨਹੀਂ ਸੀ। 21 ਅਕਤੂਬਰ 1989 ਨੂੰ 2. 05 ਵਜੇ ਦੋਵੇਂ ਸਿੰਘਾਂ ਨੂੰ ਜੱਜ ਨੇ ਫਾਂਸੀ ਦੇਣ ਦੇ ਹੁਕਮ ਸੁਣਾ ਦਿੱਤੇ, ਜਿਸ ਦਾ ਸੁਆਗਤ ਦੋਵੇਂ ਸਿੰਘਾਂ ਨੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਅਤੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਹਰਿਆਂ ਨਾਲ ਕੀਤਾ।

ਭਾਈ ਜਿੰਦਾ ਅਤੇ ਭਾਈ ਸੁੱਖਾ ਜੀ ਨੇ ਆਪਣੀ ਸਜ਼ਾ ਦੇ ਵਿਰੁਧ ਅਗਾਂਹ (ਹਾਈਕੋਰਟ 'ਚ) ਕੋਈ ਅਪੀਲ ਦਰਜ ਨਹੀਂ ਕੀਤੀ ਪਰ ਬਹੁਤ ਸਿੱਖ ਜਥੇਬੰਦੀਆਂ ਨੇ ਦੋਵੇਂ ਸਿੰਘਾਂ ਦੇ ਹੱਕ ਚ ਅਰਜ਼ੀਆਂ ਪਾਈਆਂ ਪਰ 9 ਅਕਤੂਬਰ 1992 ਨੂੰ ਕੋਰਟ ਨੇ ਉਨ੍ਹਾਂ ਅਰਜ਼ੀਆਂ ਨੂੰ ਨਾਂ ਮਨਜ਼ੂਰ ਕਰਦਿਆਂ ਰੱਦ ਕਰ ਦਿੱਤਾ।

ਯਾਰਵੜਾ ਦੀ ਜੇਲ 'ਚ ਭਾਈ ਜਿੰਦਾ ਜੀ ਅਤੇ ਭਾਈ ਸੁੱਖ ਜੀ ਨੂੰ 9 ਅਕਤੂਬਰ 1992 (ਸਵੇਰੇ 4 ਵਜੇ) ਫਾਂਸੀ 'ਤੇ ਚੜ੍ਹਾ ਦਿੱਤਾ ਗਿਆ ਇਸ ਤੋਂ ਪਹਿਲਾਂ ਉਨ੍ਹਾਂ ਨੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਹਰੇ ਲਗਾਏ। ਦੋਵੇਂ ਸਿੰਘਾਂ ਨੂੰ 30 ਮਿੰਟਾਂ ਤੱਕ ਹਵਾ 'ਚ ਲਟਕਦਿਆਂ ਰੱਖਿਆ ਗਿਆ, ਉਸ ਤੋਂ ਬਾਅਦ ਹੀ ਥੱਲੇ ਉਤਾਰਿਆ ਗਿਆ। ਉਸ ਦਿਨ ਪੂਰੇ ਉੱਤਰ ਭਾਰਤ ਨੂੰ ਹਾਈ ਅਲਰਟ ਕੀਤਾ ਹੋਇਆ ਸੀ।

ਭਾਈ ਜਿੰਦਾ ਜੀ ਅਤੇ ਭਾਈ ਸੁਖਾ ਜੀ ਦੇ ਅੰਤਿਮ ਸੰਸਕਾਰ ਮੁਲਾ ਦਰਿਆ ਦੇ ਕੰਡੇ 'ਤੇ 4 ਉਪ ਪੁਲਿਸ ਆਯੁਕਤ, 10 ਜੂਨਿਯਰ ਆਯੁਕਤ, 14 ਨਿਰੀਕਸ਼ਕ, 145 ਜੂਨਿਯਰ ਨਿਰੀਕਸ਼ਕ, 1275 ਹੋਰ ਅਧਿਕਾਰੀਆਂ ਦੀ ਤਾਇਨਾਤੀ ਹੇਠ ਸਵੇਰੇ 6.30 ਵਜੇ ਕੀਤੇ ਗਏ।

ਉਸ ਦਿਨ ਪੰਜਾਬ ਸਮੇਤ ਭਾਰਤ ਦੇ ਬਾਕੀ ਰਾਜਾਂ 'ਚ ਵੀ ਭਾਰੀ ਵਿਰੋਧ ਕੀਤੇ ਗਏ। ਸਿੱਖ ਸੰਗਤਾਂ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਵਿਖੇ ਇਕੱਠੀਆਂ ਹੋਈਆ ਜਿੱਥੋਂ ਭਾਰਤੀ ਫੋਰਸਾਂ ਨੇ 300 ਦੇ ਲਗਭਗ ਸਿੱਖਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਭਾਈ ਜਿੰਦਾ ਤੇ ਭਾਈ ਸੁੱਖਾ ਜੀ ਨੇ ਰਾਸ਼ਟਰਪਤੀ ਨੂੰ ਲਿਖੇ ਆਪਣੇ ਪੱਤ੍ਰ ਵਿੱਚ ਖਾਲਸਤਾਨੀ ਸੰਘਰਸ਼ ਦੀ ਤਰਜਮਾਨੀ ਕਰਦਿਆਂ ਬੜੇ ਫਖ਼ਰ ਨਾਲ ਲਿਖਿਆ ਸੀ: 'ਜਦੋਂ ਕੌਮਾਂ ਜਾਗਦੀਆਂ ਹਨ ਤਾਂ ਇਤਿਹਾਸ ਨੂੰ ਕੰਬਣੀ ਛਿੜ ਜਾਂਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਨੇ ਸਮੁੱਚੀ ਕੌਮ ਨੂੰ ਉਸ ਦੇ ਫ਼ਰਜ਼ ਦੀ ਯਾਦ ਕਰਵਾਈ ਹੈ ਤੇ ਹੁਣ ਕੌਮ ਨੇ ਤੁਹਾਡੀ ਗੁਲਾਮੀ ਦਾ ਜੂਲਾ ਪਰ੍ਹਾਂ ਵਗਾਹ ਕੇ ਖਾਲਿਸਤਾਨ ਦੀ ਮੰਜ਼ਲ ਵੱਲ ਚੜ੍ਹਾਈ ਕੀਤੀ ਹੋਈ ਹੈ।'

ਖਾਲਸਾ ਜੀ ! ਆਪਣੇ ਕੌਮੀ ਫ਼ਰਜ਼ਾਂ ਦੀ ਪਛਾਣ ਕਰੀਏ। ਇਹੀ ਇਨ੍ਹਾਂ ਦੋ ਮਰਜੀਵੜਿਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ: 'ਜਿਸ ਸਾਨ ਸੇ ਕੋਈ ਮੁਕਤਲ ਮੇਂ ਗਿਆ, ਵੋਹ ਸਾਨ ਸਲਾਮਤ ਰਹਤੀ ਹੈ। ਇਸ ਜਾਨ ਕੀ ਤੋ ਕੋਈ ਬਾਤ ਨਹੀਂ, ਯੇ ਜਾਨ ਤੋ ਆਨੀ-ਜਾਨੀ ਹੈ।'

# ਸਿਹਤ ਖੇਤਰ ਵਿੱਚ ਫਾਰਮਾਸਿਸਟ

## ਚੁਣੌਤੀਆਂ ਅਤੇ ਮੌਕੇ

ਲੇਖਕ : ਡਾ. ਤੇਜਵੀਰ ਕੌਰ, ਸੰਪਰਕ: 95019-88700



ਫਾਰਮਾਸਿਸਟ ਸਿਹਤ ਸੇਵਾਵਾਂ ਵਿੱਚ ਮਹੱਤਵਪੂਰਨ ਕੜੀ ਹਨ ਜੋ ਡਾਕਟਰਾਂ ਅਤੇ ਮਰੀਜ਼ਾਂ ਦਰਮਿਆਨ ਸੰਚਾਰ ਸੇਤੂ ਬਣਾਉਂਦੇ ਹਨ। ਭਾਰਤ ਵਿੱਚ ਸਿਹਤ ਸਮੱਸਿਆਵਾਂ ਦੇ ਹੱਲ ਵਿੱਚ ਫਾਰਮਾਸਿਸਟ ਦਾ ਅਹਿਮ ਯੋਗਦਾਨ ਹੈ। ਦਵਾਈਆਂ ਦੀ ਵਰਤੋਂ ਤੋਂ ਲੈ ਕੇ ਮਰੀਜ਼ਾਂ ਦੀ ਸਿਹਤ ਦੇ ਪ੍ਰਬੰਧਨ ਤੱਕ ਫਾਰਮਾਸਿਸਟ ਆਪਣੇ ਕੰਮ ਦੇ ਨਾਲ-ਨਾਲ ਸਿਹਤ ਸੇਵਾਵਾਂ ਵਿੱਚ ਵੱਡੇ ਸੁਧਾਰ ਲਿਆ ਸਕਦੇ ਹਨ।

ਫਾਰਮਾਸਿਸਟਾਂ ਦਾ ਪਹਿਲਾ ਕੰਮ ਦਵਾਈਆਂ ਦੇ ਸਹੀ ਵਰਤੋਂ ਵਿੱਚ ਸਹਾਇਕ ਹੋਣਾ ਹੈ। ਵਿਸ਼ਵ ਪੱਧਰ 'ਤੇ ਦਵਾਈਆਂ ਦੀਆਂ ਵਧਦੀਆਂ ਸਮੱਸਿਆਵਾਂ ਜਿਵੇਂ ਦਵਾਈਆਂ ਦੀ ਕਮੀ, ਸਹੀ ਖੁਰਾਕ ਅਤੇ ਐਂਟੀਮਾਈਕ੍ਰੋਬੀਅਲ ਪ੍ਰਤੀਰੋਧ ਦਾ ਮੁੱਦਾ ਫਾਰਮਾਸਿਸਟਾਂ ਲਈ ਵੱਡੀ ਚੁਣੌਤੀ ਹੈ। ਦਵਾਈਆਂ ਦੀ ਸਹੀ ਵੰਡ ਅਤੇ ਪ੍ਰਬੰਧਨ ਨਾਲ ਇਹ ਪੇਸ਼ੇਵਰ ਰੋਗਾਂ ਦੇ ਇਲਾਜ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ।

ਫਾਰਮਾਸਿਸਟਾਂ ਨੂੰ ਕਮਿਊਨਿਟੀ ਸਿਹਤ ਵਿੱਚ ਅਹਿਮ ਰੋਲ ਅਦਾ ਕਰਨ ਵਾਲਾ ਸਮਝਿਆ ਜਾਂਦਾ ਹੈ। ਕਮਿਊਨਿਟੀ ਫਾਰਮੇਸੀ ਵਿੱਚ ਉਹ ਮਰੀਜ਼ਾਂ ਨਾਲ ਲਗਾਤਾਰ ਸੰਪਰਕ ਬਣਾ ਕੇ ਰੱਖਦੇ ਹਨ ਅਤੇ ਉਨ੍ਹਾਂ ਨੂੰ ਸਹੀ ਦਵਾਈਆਂ ਦੀ ਸਲਾਹ ਦਿੰਦੇ ਹਨ। ਇਸ ਦਾ ਸਿੱਧਾ ਅਸਰ ਮਰੀਜ਼ਾਂ ਦੀ ਜ਼ਿੰਦਗੀ 'ਤੇ ਹੁੰਦਾ ਹੈ। ਇਸ ਨਾਲ ਸਿਹਤ ਸੰਭਾਲ ਪ੍ਰਣਾਲੀ 'ਤੇ ਦਬਾਅ ਵੀ ਘਟਦਾ ਹੈ।

ਫਾਰਮਾਸਿਸਟਾਂ ਦਾ ਕੰਮ ਰੋਗਾਂ ਦੀ ਰੋਕਥਾਮ ਅਤੇ ਸੁਰੱਖਿਆ ਵਿੱਚ ਵੀ ਹੁੰਦਾ ਹੈ। ਜਨਤਕ ਸਿਹਤ ਮੁਹਿੰਮਾਂ ਜਿਵੇਂ ਟੀਕਾਕਰਨ, ਐਂਟੀਬਾਇਓਟਿਕ ਦੀ ਵਰਤੋਂ ਅਤੇ ਮਰੀਜ਼ਾਂ ਦੀ ਸੁਰੱਖਿਆ ਵਧਾਉਣ ਵਾਲੇ ਕਦਮਾਂ ਵਿੱਚ ਉਹ ਭਾਗੀਦਾਰੀ ਕਰਦੇ ਹਨ, ਖਾਸ ਕਰ ਕੇ ਗਰੀਬ ਅਤੇ ਪੱਛੜੇ ਇਲਾਕਿਆਂ ਵਿੱਚ।

ਅਮਰੀਕਾ, ਯੂਕੇ ਅਤੇ ਆਸਟਰੇਲੀਆ ਵਿੱਚ ਫਾਰਮਾਸਿਸਟਾਂ ਦੀ ਭੂਮਿਕਾ ਵਿਆਪਕ ਹੈ ਜਿਸ ਵਿੱਚ ਦਵਾਈ ਪ੍ਰਬੰਧ, ਕਲੀਨਿਕਲ ਸੇਵਾਵਾਂ ਅਤੇ ਚੰਗੀ ਸਿਹਤ ਲਈ ਸਵੈ ਦੇਖਭਾਲ ਸ਼ਾਮਲ ਹੈ। ਉਹ ਅਕਸਰ ਸਿਹਤ ਟੀਮ ਵਿੱਚ ਸਹਿਯੋਗ ਦੇਣ ਵਾਲੇ ਹੁੰਦੇ ਹਨ। ਵਿਦੇਸ਼ਾਂ ਵਿੱਚ ਫਾਰਮਾਸਿਸਟ ਸਿਹਤ ਟੀਮ ਦਾ ਹਿੱਸਾ ਹੁੰਦੇ ਹਨ ਅਤੇ ਡਾਕਟਰਾਂ, ਨਰਸਾਂ ਤੇ ਹੋਰ ਸਿਹਤ ਪੇਸ਼ੇਵਰਾਂ ਨਾਲ ਸਹਿਯੋਗ ਕਰਦੇ ਹਨ। ਇਹ ਯਕੀਨੀ ਬਣਾਉਂਦਾ ਹੈ ਕਿ ਮਰੀਜ਼ਾਂ ਨੂੰ ਸੰਪੂਰਨ ਸਿਹਤ ਸੇਵਾਵਾਂ ਮੁਹੱਈਆ ਕੀਤੀਆਂ ਜਾਣ। ਭਾਰਤ ਵਿੱਚ ਫਾਰਮਾਸਿਸਟਾਂ ਦੀ ਸਿਹਤ ਟੀਮ ਵਿੱਚ ਤਾਲ ਮੇਲ ਦੀ ਘਾਟ ਹੈ। ਜ਼ਿਆਦਾਤਰ ਫਾਰਮਾਸਿਸਟ ਸੁਤੰਤਰ ਤੌਰ 'ਤੇ ਕੰਮ ਕਰਦੇ ਹਨ। ਅਸਲ ਵਿਚ ਭਾਰਤ ਵਿੱਚ ਕਲੀਨਿਕਲ ਅਤੇ ਜਨਤਕ ਸਿਹਤ ਸੇਵਾਵਾਂ ਵਿੱਚ ਫਾਰਮਾਸਿਸਟਾਂ ਦੀ ਭੂਮਿਕਾ ਅਜੇ ਵਿਕਸਤ ਹੋ ਰਹੀ ਹੈ। ਭਾਰਤ ਅਤੇ ਵਿਦੇਸ਼ਾਂ ਵਿੱਚ ਫਾਰਮਾਸਿਸਟਾਂ ਦੀ ਭੂਮਿਕਾ ਵਿੱਚ ਵੱਡਾ ਫਰਕ ਹੈ। ਵਿਦੇਸ਼ਾਂ ਵਿੱਚ ਫਾਰਮਾਸਿਸਟਾਂ ਨੂੰ ਸੰਪੂਰਨ ਸਿਹਤ ਸੇਵਾਵਾਂ ਵਿੱਚ ਅਹਿਮ ਭੂਮਿਕਾ ਦਿੱਤੀ ਜਾਂਦੀ ਹੈ; ਭਾਰਤ ਵਿੱਚ ਉਹ ਅਜੇ ਵੀ ਰਵਾਇਤੀ ਰੋਲ ਤੱਕ ਸੀਮਤ ਹਨ। ਭਾਰਤ ਵਿੱਚ ਫਾਰਮੇਸੀ ਸਿੱਖਿਆ ਵਿੱਚ ਕਲੀਨਿਕਲ ਖੋਜ ਦੀ ਘਾਟ ਹੈ।

ਭਵਿੱਖ ਵਿੱਚ ਡਿਜੀਟਲ ਤਕਨੀਕਾਂ ਅਤੇ ਸਿਹਤ ਸੇਵਾ ਵਿੱਚ ਨਵੀਂ ਤਕਨੀਕਾਂ ਦੀ ਅਹਿਮੀਅਤ ਵਧ ਰਹੀ ਹੈ। ਫਾਰਮਾਸਿਸਟਾਂ ਨੂੰ ਡਿਜੀਟਲ ਸਿਹਤ ਰਿਕਾਰਡਾਂ, ਆਨਲਾਈਨ ਕੰਸਲਟੇਸ਼ਨ ਅਤੇ ਟੈਲੀਮੈਡੀਸਨ ਵਿੱਚ ਯੋਗਦਾਨ ਪਾਉਣ ਦੀ ਜ਼ਰੂਰਤ ਪਵੇਗੀ। ਪਿਛਲੇ ਕੁਝ ਸਾਲਾਂ ਵਿੱਚ ਭਾਰਤ ਵਿੱਚ ਫਾਰਮਾਸਿਸਟਾਂ ਦੀ ਭੂਮਿਕਾ ਵਿੱਚ ਕੁਝ ਨਵੇਂ ਰੋਲ ਉਭਰ ਰਹੇ ਹਨ: ਕੁਝ ਹਸਪਤਾਲਾਂ ਤੇ ਕਲੀਨਿਕਾਂ ਵਿੱਚ ਫਾਰਮਾਸਿਸਟ ਦਵਾਈ ਪ੍ਰਬੰਧ ਤੇ ਮਰੀਜ਼ਾਂ ਨੂੰ ਸਲਾਹ ਦੇਣ ਵਿੱਚ ਸ਼ਾਮਲ ਹੋ ਰਹੇ ਹਨ ਹਾਲਾਂਕਿ ਇਹ ਰੋਲ ਬਹੁਤਾ ਵਿਆਪਕ ਨਹੀਂ ਹੈ। ਇਸ ਦੇ ਬਾਵਜੂਦ ਭਾਰਤ ਵਿੱਚ ਫਾਰਮੇਸੀ ਖੇਤਰ ਤੇਜ਼ੀ ਨਾਲ ਵਧ ਰਿਹਾ ਹੈ ਜਿਸ ਵਿੱਚ ਬਹੁਤ ਸਾਰੇ ਨਵੇਂ ਰੁਝਾਨ ਅਤੇ ਮੌਕੇ ਉੱਭਰ ਰਹੇ ਹਨ।

ਭਾਰਤ ਵਿੱਚ ਡਿਜੀਟਲ ਸਿਹਤ ਰਿਕਾਰਡਾਂ ਦੀ ਵਰਤੋਂ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਵੱਲ ਪਹਿਲਕਦਮੀ ਹੈ। ਇਹ ਰਿਕਾਰਡ ਮਰੀਜ਼ਾਂ ਦੀ ਸਿਹਤ ਜਾਣਕਾਰੀ ਨੂੰ ਕੇਂਦਰੀ ਡੇਟਾਬੇਸ ਵਿੱਚ ਸਟੋਰ ਕਰਦੇ ਹਨ ਜਿਸ ਨਾਲ ਫਾਰਮਾਸਿਸਟਾਂ ਨੂੰ ਉਨ੍ਹਾਂ ਦੀਆਂ ਦਵਾਈਆਂ ਅਤੇ ਤੰਦਰੁਸਤੀ ਦੀ ਨਿਗਰਾਨੀ ਕਰਨ ਵਿੱਚ ਸਹੂਲਤ ਰਹਿੰਦੀ ਹੈ। ਨਵੇਂ ਤਕਨੀਕੀ ਯੰਤਰ ਜਿਵੇਂ ਆਟੋਮੇਟਿਡ ਡਿਸਪੈਂਸਿੰਗ ਮਸ਼ੀਨਾਂ ਅਤੇ ਡਰੱਗ ਮਾਨੀਟਰਿੰਗ ਸਿਸਟਮ ਫਾਰਮੇਸੀ ਪ੍ਰੈਕਟਿਸ ਵਿੱਚ ਸੁਧਾਰ ਲਿਆਉਣ ਵਿੱਚ ਸਹਾਇਕ ਹਨ। ਇਹ ਯੰਤਰ ਸਹੀ ਦਵਾਈ ਵੰਡ ਯਕੀਨੀ ਬਣਾਉਂਦੇ ਹਨ ਅਤੇ ਮਰੀਜ਼ਾਂ ਦੀ ਸਹੀ ਦੇਖਭਾਲ ਵਿੱਚ ਸਹਾਇਤਾ ਕਰਦੇ ਹਨ। ਆਟੋਮੇਟਿਡ ਡਿਸਪੈਂਸਿੰਗ ਸਿਸਟਮ ਦੀ ਵਰਤੋਂ ਨਾਲ ਦਵਾਈਆਂ ਦੇ ਵੇਰਵਿਆਂ ਵਿੱਚ ਸੁਧਾਰ ਹੋ ਰਿਹਾ ਹੈ ਅਤੇ ਗਲਤੀਆਂ ਦੀ ਸੰਭਾਵਨਾ ਘਟ ਰਹੀ ਹੈ।

ਦੂਰਦਰਾਜ ਵਾਲੇ ਖੇਤਰਾਂ ਵਿੱਚ ਫਾਰਮੇਸੀ ਸੇਵਾਵਾਂ ਸੁਧਾਰਨ ਲਈ ਨਵੀਆਂ ਸਕੀਮਾਂ ਅਤੇ ਪ੍ਰੋਗਰਾਮ ਸ਼ੁਰੂ ਕੀਤੇ ਜਾ ਰਹੇ ਹਨ। ਟੈਲੀਫਾਰਮੇਸੀ ਸਿਹਤ ਸੇਵਾਵਾਂ ਨੂੰ ਦੂਰਦਰਾਜ ਖੇਤਰਾਂ ਵਿੱਚ ਪਹੁੰਚਾਉਣ ਵਿੱਚ ਮਦਦਗਾਰ ਹੈ। ਇਸ ਤਕਨੀਕ ਨਾਲ ਫਾਰਮਾਸਿਸਟਾਂ ਨੂੰ ਮਰੀਜ਼ਾਂ ਨਾਲ ਦੂਰ-ਦੁਰਾਡੇ ਸਥਾਨਾਂ ਤੋਂ ਜੁੜਨ ਅਤੇ ਉਨ੍ਹਾਂ ਦੀਆਂ ਸਿਹਤ ਬਾਰੇ ਜਾਣਕਾਰੀ ਮੁਹੱਈਆ ਕਰਨ ਦੀ ਸਹੂਲਤ ਮਿਲਦੀ ਹੈ। ਇਸ ਵਿੱਚ ਮੋਬਾਈਲ ਫਾਰਮੇਸੀ ਸੇਵਾਵਾਂ ਅਤੇ ਲੌਜਿਸਟਿਕ ਸੁਧਾਰ ਸ਼ਾਮਲ ਹਨ ਜੋ ਫਾਰਮਾਸਿਸਟਾਂ ਨੂੰ ਦਵਾਈਆਂ ਦੀ ਪਹੁੰਚ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ। ਫਾਰਮੇਸੀ ਸੇਵਾਵਾਂ ਦੀ ਮੰਗ ਤੇਜ਼ੀ ਨਾਲ ਵਧ ਰਹੀ ਹੈ ਜਿਸ ਦਾ ਕਾਰਨ ਆਬਾਦੀ ਵਿੱਚ ਵਾਧਾ ਅਤੇ ਸਿਹਤ ਦੀਆਂ ਨਵੀਆਂ ਜ਼ਰੂਰਤਾਂ ਹਨ। ਫਾਰਮੇਸੀ ਖੇਤਰ ਵਿੱਚ ਨਵੇਂ ਖੇਤਰ ਉਭਰ ਰਹੇ ਹਨ ਜਿਵੇਂ ਬਾਇਓਫਾਰਮੇਸੀ ਤੇ ਜੈਨੋਮਿਕਸ। ਇਹ ਖੇਤਰ ਨਵੀਂ ਖੋਜ ਅਤੇ ਵਿਕਾਸ ਦੀ ਸੰਭਾਵਨਾ ਪੇਸ਼ ਕਰਦੇ ਹਨ। ਭਾਰਤ ਵਿੱਚ ਫਾਰਮੇਸੀ ਖੇਤਰ ਵਿੱਚ ਵਿਦੇਸ਼ੀ ਨਿਵੇਸ਼ ਵਧ ਰਿਹਾ ਹੈ ਜਿਸ ਨਾਲ ਨਵੇਂ ਤਕਨੀਕੀ ਸਾਜ਼ੋ-ਸਮਾਨ ਅਤੇ ਸੇਵਾਵਾਂ ਦੇ ਵਿਕਾਸ ਨੂੰ ਮਦਦ ਮਿਲ ਰਹੀ ਹੈ। ਭਾਰਤ ਵਿੱਚ ਫਾਰਮੇਸੀ ਖੇਤਰ ਦਾ ਭਵਿੱਖ ਉਤਸ਼ਾਹ ਵਾਲਾ ਹੈ।

ਭਾਰਤ ਵਿੱਚ ਫਾਰਮਾਸਿਸਟਾਂ ਦੀ ਭੂਮਿਕਾ ਨੂੰ ਵਧਾਉਣ ਅਤੇ ਸੁਧਾਰ ਲਈ ਬਹੁਤ ਸਾਰੀਆਂ ਕੋਸ਼ਿਸ਼ਾਂ ਦੀ ਜ਼ਰੂਰਤ ਹੈ। ਸਿੱਖਿਆ, ਨਿਯਮਾਂ, ਪੇਸ਼ੇਵਰ ਪਛਾਣ, ਨਵੇਂ ਰੁਝਾਨਾਂ ਅਤੇ ਵਿਦੇਸ਼ੀ ਭੂਮਿਕਾ ਨੂੰ ਧਿਆਨ ਵਿੱਚ ਰੱਖਦਿਆਂ ਸਬੰਧਿਤ ਚੁਣੌਤੀਆਂ ਦਾ ਹੱਲ ਜ਼ਰੂਰੀ ਹੈ। ਭਾਰਤ ਵਿੱਚ ਫਾਰਮੇਸੀ ਸਿੱਖਿਆ ਦੇ ਮਿਆਰੀਕਰਨ ਦੀ ਚੁਣੌਤੀ ਸਭ ਤੋਂ ਵੱਡੀ ਹੈ। ਸੂਬਿਆਂ ਵਿੱਚ ਫਾਰਮੇਸੀ ਸਿੱਖਿਆ ਦਾ ਪੱਧਰ ਨੀਵਾਂ ਹੈ।

ਸਿੱਖਿਆ ਦੇ ਨਵੇਂ ਰੁਝਾਨ ਅਤੇ ਤਕਨੀਕੀ ਨਵੀਨੀਕਰਨ ਦੀ ਲੋੜ ਹੈ। ਫਾਰਮੇਸੀ ਕੋਰਸਾਂ ਵਿੱਚ ਕਲੀਨਿਕਲ ਸਿੱਖਿਆ ਦੀ ਘਾਟ ਇੱਕ ਹੋਰ ਵੱਡੀ ਚੁਣੌਤੀ ਹੈ। ਫਾਰਮੇਸੀ ਸਿੱਖਿਆ ਵਿੱਚ ਮਿਆਰੀਕਰਨ ਅਤੇ ਤਕਨੀਕੀ ਤਜਰਬੇ ਵੱਲ ਵਧੇਰੇ ਧਿਆਨ ਦੇ ਕੇ ਫਾਰਮਾਸਿਸਟਾਂ ਦੀ ਯੋਗਤਾ ਤੇ ਸਮਰੱਥਾ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਫਾਰਮੇਸੀ ਕਾਲਜਾਂ ਵਿੱਚ ਢੁੱਕਵਾਂ ਪ੍ਰਸ਼ਾਸਨਕ ਢਾਂਚਾ, ਯੋਗ ਅਧਿਆਪਕਾਂ ਦੀ ਭਰਤੀ ਅਤੇ ਕਲੀਨਿਕਲ ਤਜਰਬੇ ਵਿਦਿਆਰਥੀਆਂ ਦੀ ਯੋਗਤਾ ਵਿੱਚ ਸੁਧਾਰ ਕਰ ਸਕਦੇ ਹਨ। ਸਿਹਤ ਕੇਂਦਰਾਂ ਵਿੱਚ ਫਾਰਮਾਸਿਸਟਾਂ ਦੀ ਭਰਤੀ ਨੂੰ ਬਿਹਤਰ ਕਰਨ ਲਈ ਨਵੇਂ ਭਰਤੀ ਮਾਡਲਾਂ 'ਤੇ ਅਮਲ ਜ਼ਰੂਰੀ ਹੈ। ਫਾਰਮਾਸਿਸਟਾਂ ਦੀ ਭੂਮਿਕਾ ਨੂੰ ਬਿਹਤਰ ਬਣਾਉਣ ਲਈ ਸਰਕਾਰੀ ਯੋਜਨਾਵਾਂ ਲਾਗੂ ਕਰਨ ਵਿੱਚ ਸੁਧਾਰ ਲਿਆਉਣ ਦੀ ਵੱਡੀ ਜ਼ਰੂਰਤ ਹੈ। ਇਹੀ ਨਹੀਂ, ਫਾਰਮਾਸਿਸਟਾਂ ਦੀ ਪੇਸ਼ੇਵਰ ਪਛਾਣ ਵਧਾਉਣੀ ਅਤਿਅੰਤ ਜ਼ਰੂਰੀ ਹੈ।

ਭਵਿੱਖ ਵਿੱਚ ਫਾਰਮੇਸੀ ਖੇਤਰ ਵਿੱਚ ਨਵੇਂ ਰੁਝਾਨ ਆਉਣਗੇ। ਡਿਜੀਟਲ ਸਿਹਤ ਰਿਕਾਰਡ, ਟੈਲੀਫਾਰਮੇਸੀ ਅਤੇ ਆਟੋਮੇਟਿਡ ਡਿਸਪੈਂਸਿੰਗ ਸਿਸਟਮ ਨਾਲ ਫਾਰਮਾਸਿਸਟਾਂ ਨੂੰ ਨਵੀਆਂ ਯੋਗਤਾਵਾਂ ਅਤੇ ਸਿੱਖਿਆ ਦੀ ਲੋੜ ਹੋਵੇਗੀ। ਇਨ੍ਹਾਂ ਯਤਨਾਂ ਨਾਲ ਭਾਰਤ ਅਤੇ ਵਿਸ਼ਵ ਵਿੱਚ ਫਾਰਮਾਸਿਸਟਾਂ ਦੀ ਭੂਮਿਕਾ ਵਿੱਚ ਬਿਹਤਰੀ ਅਤੇ ਸੁਧਾਰ ਆਉਣ ਦੀ ਉਮੀਦ ਹੈ। ਫਾਰਮਾਸਿਸਟਾਂ ਦੀ ਸੰਯੁਕਤ ਕੋਸ਼ਿਸ਼ ਅਤੇ ਸਰਕਾਰੀ ਯੋਜਨਾਵਾਂ ਲਾਗੂ ਕਰਨ ਨਾਲ ਸਿਹਤ ਸੇਵਾਵਾਂ ਵਿੱਚ ਕਾਫੀ ਸੁਧਾਰ ਆ ਸਕਦਾ ਹੈ ਜੋ ਸਮਾਜਿਕ ਅਤੇ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਏਗਾ। ਅੱਜ 25 ਸਤੰਬਰ ਨੂੰ ਸੰਸਾਰ ਫਾਰਮਾਸਿਸਟ ਦਿਵਸ ਮੌਕੇ ਇਸ ਬਾਰੇ ਤਹੱਈਆ ਕਰਨਾ ਚਾਹੀਦਾ ਹੈ।

# ਸਰਕਾਰੀ ਸਹੂਲਤਾਂ

ਲੇਖਕ : ਵਿਕਾਸ ਕਪਿਲਾ,
ਸੰਪਰਕ: 98155-19519



ਭਾਰਤ ਵਿੱਚ ਸਰਕਾਰੀ ਸਹੂਲਤਾਂ ਬਾਰੇ ਹਮੇਸ਼ਾ ਹੀ ਇਹ ਧਾਰਨਾ ਬਣੀ ਰਹੀ ਹੈ ਕਿ ਇਹ ਅਸਲ ਲੋੜਵੰਦਾਂ ਤੱਕ ਨਹੀਂ ਪਹੁੰਚਦੀਆਂ। ਰਾਜਨੀਤਿਕ ਪਹੁੰਚ ਵਾਲੇ ਕੁਝ ਲੋਕ ਸਰਕਾਰੀ ਅਫਸਰਾਂ ਨਾਲ ਮਿਲ ਕੇ ਇਨ੍ਹਾਂ ਦਾ ਲਾਭ ਲੈ ਲੈਂਦੇ ਹਨ ਅਤੇ ਗ਼ਰੀਬ ਲੋਕ ਪ੍ਰੇਸ਼ਾਨ ਹੁੰਦੇ ਹਨ। ਫਿਰ ਚਾਹੇ ਰਾਸ਼ਨ ਹੋਵੇ ਜਾਂ ਖਾਦ ਤੇ ਬਿਜਲੀ ਦੀਆਂ ਸਬਸਿਡੀਆਂ, ਬਹੁਤਾ ਕੁਝ ਸਰਦੇ-ਪੁੱਜਦੇ ਲੋਕਾਂ ਦੀ ਜੇਬ ਵਿੱਚ ਚਲਾ ਜਾਂਦਾ ਹੈ।

ਇਹ ਗੱਲ ਸ਼ਾਇਦ 2011 ਦੀ ਹੈ। ਮੈਨੂੰ ਸਰਕਾਰੀ ਨੌਕਰੀ ਵਿੱਚ ਆਇਆਂ ਇੱਕ ਸਾਲ ਹੀ ਹੋਇਆ ਸੀ। ਮੇਰੀ ਡਿਊਟੀ ਰਾਸ਼ਨ ਕਾਰਡ ਬਣਾਉਣ 'ਤੇ ਲੱਗੀ ਹੋਈ ਸੀ। ਇਹ ਉਸ ਸਮੇਂ ਹਰ ਕੋਈ ਰਾਸ਼ਨ ਕਾਰਡ ਬਣਵਾ ਸਕਦਾ ਸੀ ਅਤੇ ਖੁਰਾਕ ਸੁਰੱਖਿਆ ਕਾਨੂੰਨ ਹਾਲੇ ਹੋਂਦ ਵਿੱਚ ਨਹੀਂ ਸੀ ਆਇਆ। ਮੈਂ ਹਰ ਕਾਰਡ ਪੂਰੀ ਜਾਂਚ-ਪਰਖ ਕਰਕੇ ਸਰਕਾਰੀ ਨਿਯਮਾਂ ਮੁਤਾਬਿਕ ਹੀ ਬਣਾਉਂਦਾ ਸੀ। ਮੇਰੇ ਬਾਰੇ ਇਹ ਗੱਲ ਮਸ਼ਹੂਰ ਹੋ ਗਈ ਸੀ ਕਿ ਕੋਈ ਵੀ ਗ਼ਲਤ ਕਾਰਡ ਇਸ ਦੇ ਬੈਠਿਆਂ ਬਣਨਾ ਮੁਸ਼ਕਿਲ ਹੈ।

ਇੱਕ ਦਿਨ ਮੈਂ ਆਪਣੇ ਦਫ਼ਤਰ ਵਿੱਚ ਬੈਠਾ ਰਾਸ਼ਨ ਕਾਰਡਾਂ ਦੇ ਫਾਰਮ ਲੈ ਰਿਹਾ ਸੀ। ਇੱਕ ਪਰਵਾਸੀ ਆਪਣੀ 11 ਕੁ ਮਹੀਨੇ ਦੀ ਬੱਚੀ ਨੂੰ ਕੁੱਛੜ ਚੁੱਕੀ ਦਫਤਰ ਦੇ ਬਾਹਰ ਆ ਕੇ ਬੈਠ ਗਿਆ। ਸ਼ਾਇਦ ਕੁਝ ਕਹਿਣਾ ਚਾਹੁੰਦਾ ਸੀ ਤੇ ਮੇਰੇ ਵਿਹਲੇ ਹੋਣ ਦੀ ਉਡੀਕ ਕਰ ਰਿਹਾ ਸੀ। ਮੈਂ ਵੀ ਉਸ ਵੱਲ ਧਿਆਨ ਨਹੀਂ ਦਿੱਤਾ ਕਿਉਂਕਿ ਅਫਸਰ ਪਰਵਾਸੀਆਂ ਦੇ ਕਾਰਡ ਬਣਾਉਣ ਤੋਂ ਇਸ ਲਈ ਵਰਜਦੇ ਸਨ ਕਿ ਇਨ੍ਹਾਂ ਦੇ ਕਾਰਡ ਪਿੱਛੇ ਬਿਹਾਰ ਵਿੱਚ ਵੀ ਬਣੇ ਹੁੰਦੇ ਹਨ ਅਤੇ ਇਹ ਦੋਵੇਂ ਪਾਸੇ ਰਾਸ਼ਨ ਲਈ ਜਾਂਦੇ ਹਨ। ਉਸ ਨੂੰ ਬੈਠਿਆਂ ਕਾਫ਼ੀ ਸਮਾਂ ਹੋ ਗਿਆ ਤਾਂ ਮੈਂ ਉਸ ਨੂੰ ਬੁਲਾਇਆ ਕਿ ਉਸ ਦੀ ਗੱਲ ਸੁਣ ਕੇ ਇਹ ਕਹਿ ਕੇ ਨਾਂਹ ਕਰ ਦੇਵਾਂ ਕਿ ਤੁਹਾਡਾ ਕਾਰਡ ਪੰਜਾਬ ਵਿੱਚ ਨਹੀਂ ਬਣ ਸਕਦਾ। ਜਦ ਉਹ ਮੇਰੇ ਕੋਲ ਆਇਆ ਤਾਂ ਮੈਂ ਉਸ ਨੂੰ ਸਰਸਰੀ ਜਿਹੀ ਆਉਣ ਦਾ ਕਾਰਨ ਪੁੱਛਿਆ। ਜੋ ਉਸ ਨੇ ਦੱਸਿਆ ਉਸ ਨੇ ਮੈਨੂੰ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ। ਉਸ ਪਰਵਾਸੀ ਨੇ ਦੱਸਿਆ ਕਿ ਉਹ ਤੇ ਉਸ ਦੀ 11 ਮਹੀਨੇ ਦੀ ਧੀ ਇੱਥੇ ਇਕੱਲੇ ਹੀ ਹਨ। ਉਸ ਦੀ ਘਰਵਾਲੀ ਦੀ ਕੁੜੀ ਦੇ ਜਣੇਪੇ ਸਮੇਂ ਮੌਤ ਹੋ ਗਈ ਸੀ। ਹੁਣ ਉਹ ਇਕੱਲਾ ਹੀ ਕੁੜੀ ਦੀ ਦੇਖਭਾਲ ਕਰ ਰਿਹਾ ਹੈ। ਦਿਨ ਦੀ 70 ਰੁਪਏ ਦਿਹਾੜੀ ਕਮਾਉਂਦਾ ਹੈ ਤੇ ਗੁਜ਼ਾਰਾ ਮੁਸ਼ਕਿਲ ਨਾਲ ਚਲਦਾ ਹੈ। ਮਿੱਟੀ ਦੇ ਤੇਲ ਦਾ ਬਾਜ਼ਾਰ 'ਚ ਭਾਅ 35 ਰੁਪਏ ਲਿਟਰ ਹੈ ਜਿਸ ਕਰਕੇ ਉਸ ਦੀ ਅੱਧੀ ਕਮਾਈ ਤਾਂ ਤੇਲ ਲੈਣ ਵਿੱਚ ਹੀ ਚਲੀ ਜਾਂਦੀ ਹੈ। ਜੇ ਉਸ ਦਾ ਰਾਸ਼ਨ ਕਾਰਡ ਬਣ ਜਾਵੇ ਤਾਂ ਉਸ ਨੂੰ ਡਿੱਪੂ ਤੋਂ ਅੱਧੀ ਕੀਮਤ 'ਤੇ ਸਬਸਿਡੀ ਵਾਲਾ ਮਿੱਟੀ ਦਾ ਤੇਲ ਮਿਲ ਜਾਇਆ ਕਰੇਗਾ ਤੇ ਉਸ ਨੂੰ ਥੋੜ੍ਹੀ ਸੌਖ ਹੋ ਜਾਵੇਗੀ। ਇੰਨਾ ਕਹਿੰਦੇ ਹੀ ਉਸ ਦੀਆਂ ਅੱਖਾਂ ਭਰ ਆਈਆਂ।

ਮੈਂ ਸਭ ਕੁਝ ਸੁਣ ਕੇ ਸੁੰਨ ਜਿਹਾ ਹੋ ਗਿਆ ਤੇ ਉਸ ਦੀ ਕੁੱਛੜ ਚੁੱਕੀ ਮਾਸੂਮ ਜਵਾਕੜੀ ਨੂੰ ਵੇਖ ਕੇ ਮੇਰਾ ਮਨ ਵੀ ਭਰ ਆਇਆ। ਮੈਂ ਸਭ ਕੰਮ ਛੱਡ ਕੇ ਉਸੇ ਸਮੇਂ ਉਸ ਦਾ ਫਾਰਮ ਭਰਵਾਇਆ ਤੇ ਦਫ਼ਤਰ ਤੋਂ ਮੁੰਡਾ ਭੇਜ ਕੇ ਜ਼ਰੂਰੀ ਕਾਰਵਾਈ ਪੂਰੀ ਕਰਵਾਈ। ਫੇਰ ਖ਼ੁਦ ਆਪਣੇ ਅਫਸਰਾਂ ਕੋਲ ਜਾ ਕੇ ਬੇਨਤੀ ਕਰ ਕੇ ਉਸ ਦੇ ਕਾਰਡ 'ਤੇ ਹਸਤਾਖਰ ਕਰਵਾਏ। ਉਸੇ ਦਿਨ ਉਸ ਦਾ ਕਾਰਡ ਬਣਾ ਕੇ ਉਸ ਦੇ ਹੱਥ ਵਿੱਚ ਫੜਾ ਦਿੱਤਾ ਤੇ ਡਿੱਪੂ ਵਾਲੇ ਨੂੰ ਤਾਕੀਦ ਕੀਤੀ ਕਿ ਇਸ ਦਾ ਬਣਦਾ ਮਿੱਟੀ ਦਾ ਤੇਲ ਇਸ ਨੂੰ ਹਰ ਮਹੀਨੇ ਦੇ ਦਿੱਤਾ ਜਾਵੇ। ਮੈਨੂੰ ਉਸ ਦਿਨ ਕੋਈ ਵੀ ਪੜਤਾਲ ਕਰਨ ਦੀ ਲੋੜ ਮਹਿਸੂਸ ਹੀ ਨਹੀਂ ਹੋਈ। ਉਸ ਦੀਆਂ ਅੱਖਾਂ ਦੇ ਹੰਝੂ ਅਤੇ ਕੁੱਛੜ ਚੁੱਕੀ ਬੱਚੀ ਹੀ ਉਸ ਦੀ ਮਜਬੂਰੀ ਦੀ ਹਾਮੀ ਭਰ ਰਹੇ ਸਨ।

ਇੱਕ ਦਿਨ ਉਹ ਫਿਰ ਮੇਰੇ ਕੋਲ ਦਫਤਰ ਆਇਆ ਤੇ ਕਹਿੰਦਾ ਕਿ ਹੁਣ ਉਸ ਨੂੰ ਮਿੱਟੀ ਦਾ ਤੇਲ ਮਿਲ ਜਾਂਦਾ ਹੈ ਜਿਸ ਨਾਲ ਬੇਟੀ ਦੀ ਦੇਖਭਾਲ ਚੰਗੀ ਤਰ੍ਹਾਂ ਕਰ ਰਿਹਾ ਹੈ। ਮੈਂ ਗੱਲੀਂਬਾਤੀਂ ਪੁੱਛਿਆ ਕਿ ਜਦ ਉਹ ਦਿਹਾੜੀ 'ਤੇ ਜਾਂਦਾ ਏ ਤਾਂ ਬੱਚੀ ਨੂੰ ਕੌਣ ਵੇਖਦਾ ਹੈ। ਉਸ ਦੇ ਜਵਾਬ ਨੇ ਫਿਰ ਮੈਨੂੰ ਸੋਚੀਂ ਪਾ ਦਿੱਤਾ। ਉਸ ਮੁਤਾਬਿਕ ਉਹ ਬੱਚੀ ਨੂੰ ਦਿਹਾੜੀ 'ਤੇ ਨਾਲ ਹੀ ਰੱਖਦਾ ਹੈ ਕਿਉਂਕਿ ਆਂਗਨਵਾੜੀ ਵਾਲੀ ਬੀਬੀ ਕਹਿੰਦੀ ਹੈ ਕਿ ਬੱਚੀ ਛੋਟੀ ਹੈ ਤੇ ਆਪਣੇ ਆਪ ਪਖਾਨੇ ਨਹੀਂ ਜਾ ਸਕਦੀ ਤਾਂ ਤੁਹਾਨੂੰ ਕਿਸੇ ਨੂੰ ਉਸ ਦੀ ਦੇਖ-ਭਾਲ ਲਈ ਨਾਲ ਛੱਡਣਾ ਪਵੇਗਾ, ਜੋ ਇਸ ਦੇ ਲੰਗੋਟ ਬਦਲ ਸਕੇ। ਮੈਂ ਸੋਚਿਆ ਕਿ ਫਿਰ ਆਂਗਨਵਾੜੀ ਦੀ ਲੋੜ ਹੀ ਕੀ ਰਹਿ ਗਈ ਜੇ ਲੋੜਵੰਦਾਂ ਨੇ ਕੰਮ ਛੱਡ ਕੇ ਨਾਲ ਹੀ ਬਹਿਣਾ ਏ। ਫਿਰ ਮੈਂ ਸ਼ਹਿਰ ਦੇ ਸੀਡੀਪੀਓ ਨੂੰ ਬੇਨਤੀ ਕਰ ਕੇ ਉਸ ਦਾ ਇਹ ਮਸਲਾ ਵੀ ਹੱਲ ਕਰਵਾਇਆ ਤੇ ਉਸ ਨੂੰ ਦੱਸ ਦਿੱਤਾ ਕਿ ਉਹ ਕੱਲ੍ਹ ਤੋਂ ਕੁੜੀ ਨੂੰ ਆਂਗਨਵਾੜੀ ਛੱਡ ਕੇ ਕੰਮ 'ਤੇ ਜਾ ਸਕਦਾ ਹੈ। ਉਹ ਹੱਥ ਜੋੜ ਕੇ ਮੇਰਾ ਸ਼ੁਕਰਾਨਾ ਕਰਨ ਲੱਗਾ। ਮੈਨੂੰ ਖ਼ੁਸ਼ੀ ਸੀ ਕਿ ਹੁਣ ਕਿਸੇ ਲੋੜਵੰਦ ਤੱਕ ਸਰਕਾਰੀ ਸਹੂਲਤ ਸਹੀ ਢੰਗ ਨਾਲ ਪਹੁੰਚ ਰਹੀ ਸੀ। ਅੱਜ ਉਸ ਦੀਆਂ ਅੱਖਾਂ ਭਰ ਆਈਆਂ ਪਰ ਇਸ ਵਾਰ ਉਨ੍ਹਾਂ ਹੰਝੂਆਂ ਵਿੱਚ ਕੋਈ ਦੁੱਖ ਤੇ ਮਜਬੂਰੀ ਨਹੀਂ ਸੀ।

# ਕੰਮ ਵਾਲੀਆਂ ਥਾਵਾਂ 'ਤੇ ਔਰਤਾਂ ਦਾ ਸੋਸ਼ਣ ਅਤੇ ਸੁਰੱਖਿਆ



ਲੇਖਕ : ਕੰਵਲਜੀਤ ਕੌਰ ਗਿੱਲ

ਕਿਸੇ ਦੇਸ਼ ਜਾਂ ਸਮਾਜ ਦੇ ਵਿਕਾਸ ਦੇ ਪੱਧਰ ਦਾ ਅੰਦਾਜ਼ਾ ਲਾਉਣ ਲਈ ਵੇਖਿਆ ਜਾਂਦਾ ਹੈ ਕਿ ਉਸ ਸਮਾਜ ਵਿੱਚ ਔਰਤ ਦਾ ਸਥਾਨ ਕੀ ਹੈ। ਪੁਰਸ਼ ਤੇ ਔਰਤ ਵਿਚਾਲੇ ਨਾ-ਬਰਾਬਰੀ ਦਾ ਘੱਟ ਤੋਂ ਘੱਟ ਹੋਣਾ ਹੀ ਕਿਸੇ ਸਮਾਜ ਦੇ ਵਿਕਸਤ ਅਤੇ ਸੱਭਿਅਕ ਹੋਣ ਦੀ ਨਿਸ਼ਾਨੀ ਹੈ। ਅੱਜ ਔਰਤ ਹਰ ਉਸ ਕਿੱਤੇ ਅਤੇ ਖਿੱਤੇ ਵਿੱਚ ਕੰਮ ਕਰ ਰਹੀ ਹੈ ਜਿਹੜੇ ਕਦੇ ਉਸ ਲਈ ਵਰਜਿਤ ਸਨ। ਫਿਰ ਵੀ ਰੁਜ਼ਗਾਰ 'ਚ ਔਰਤ ਨਾਲ ਪੈਰ-ਪੈਰ 'ਤੇ ਵਿਤਕਰਾ ਹੁੰਦਾ ਹੈ। ਉਹ ਵੱਖਵਾਦ ਦੇ ਨਾਲ ਜਿਨਸੀ ਸੋਸ਼ਣ ਦਾ ਸ਼ਿਕਾਰ ਹੁੰਦੀ ਹੈ। ਮਾਨਸਿਕ ਅਤੇ ਭਾਵਨਾਤਮਕ ਪ੍ਰੇਸ਼ਾਨੀ ਦਾ ਸਾਹਮਣਾ ਕਰਦੀ ਹੈ। ਉਹ ਆਪਣੇ ਕੰਮ ਕਰਨ ਵਾਲੇ ਸਥਾਨ 'ਤੇ ਆਪਣੇ ਆਪ ਨੂੰ ਅਸੁਰੱਖਿਅਤ ਸਮਝਦੀ ਹੈ ਕਿਉਂਕਿ ਉੱਥੋਂ ਦਾ ਮਾਹੌਲ ਸੁਖਾਵਾਂ ਨਹੀਂ ਹੈ। ਸਰਕਾਰੀ ਤੌਰ 'ਤੇ ਵੀ ਅਜੇ ਕੋਈ ਅਜਿਹਾ ਮਾਪਦੰਡ ਲਾਗੂ ਕਰਨਾ ਜ਼ਰੂਰੀ ਨਹੀਂ ਸਮਝਿਆ ਗਿਆ ਜਿਸ ਦੀ ਸਹਾਇਤਾ ਨਾਲ ਅਸੀਂ ਔਰਤ ਕਰਮਚਾਰੀਆਂ ਨੂੰ ਕੰਮ ਦੌਰਾਨ ਮਿਲਦੀਆਂ ਸਹੂਲਤਾਂ ਪ੍ਰਤੀ ਸੰਤੁਸ਼ਟੀ ਦਾ ਪੱਧਰ ਮਾਪ ਸਕੀਏ।

ਕੰਮ ਦੌਰਾਨ ਔਰਤਾਂ ਪ੍ਰਤੀ ਹੁੰਦੇ ਅਪਰਾਧਾਂ ਦੀ ਗਿਣਤੀ ਨਿੱਤ ਦਿਨ ਵਧ ਰਹੀ ਹੈ। ਨੈਸ਼ਨਲ ਕ੍ਰਾਈਮ ਬਰਾਂਚ ਬਿਊਰੋ ਦਾ ਅੰਦਾਜ਼ਾ ਹੈ ਕਿ ਭਾਰਤ ਵਿੱਚ ਰੋਜ਼ਾਨਾ 86 ਕੇਸ ਔਰਤਾਂ ਵਿਰੁੱਧ ਅਪਰਾਧ ਜਾਂ ਹਿੰਸਕ ਘਟਨਾਵਾਂ ਦੇ ਹੁੰਦੇ ਹਨ। ਗਲੋਬਲ ਜੈਂਡਰ ਗੈਪ 2024 ਦੀ ਰਿਪੋਰਟ ਅਨੁਸਾਰ ਭਾਰਤ ਦਾ 146 ਦੇਸ਼ਾਂ ਵਿੱਚੋਂ 129ਵਾਂ ਸਥਾਨ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਭਾਰਤ ਦਾ ਵਿਕਾਸ ਕਿੰਨਾ ਕੁ 'ਸਭ ਦੀ ਸ਼ਮੂਲੀਅਤ ਵਾਲਾ' ਹੈ ਕਿਉਂਕਿ ਵਿਕਾਸ ਤੋਂ ਹੋਣ ਵਾਲੇ ਲਾਭਾਂ ਦੀ ਵੰਡ ਪੁਰਸ਼ ਔਰਤ ਵਿਚਾਲੇ ਬਰਾਬਰ ਨਹੀਂ। ਭਾਰਤ ਵਿੱਚ ਕੇਵਲ 39 ਫ਼ੀਸਦੀ ਔਰਤਾਂ ਹੀ ਰੁਜ਼ਗਾਰ ਵਿੱਚ ਹਨ ਜਦੋਂਕਿ ਪੁਰਸ਼ਾਂ ਦੀ ਪ੍ਰਤੀਸ਼ਤਤਾ 76 ਹੈ। ਕੰਮਕਾਜੀ ਥਾਵਾਂ 'ਤੇ ਔਰਤਾਂ ਨਾਲ ਪੱਖਪਾਤ, ਜ਼ਿਆਦਤੀਆਂ ਅਤੇ ਅਪਰਾਧਿਕ ਘਟਨਾਵਾਂ ਦਾ ਹੋਣਾ ਆਮ ਵਰਤਾਰਾ ਹੈ ਜਿਹੜਾ ਉਨ੍ਹਾਂ ਦੀ ਰੁਜ਼ਗਾਰ ਪ੍ਰਾਪਤੀ ਦੀ ਪ੍ਰਕਿਰਿਆ ਵੇਲੇ ਹੀ ਸ਼ੁਰੂ ਹੋ ਜਾਂਦਾ ਹੈ। ਇੰਟਰਵਿਊ ਦੌਰਾਨ ਅਣਸੁਖਾਵੇਂ ਸੁਆਲ ਪੁੱਛਣੇ, ਪ੍ਰਾਈਵੇਟ ਅਦਾਰਿਆਂ ਅਤੇ ਕੰਪਨੀਆਂ ਆਦਿ ਵਿੱਚ ਪੁਰਸ਼ਾਂ ਦੇ ਬਰਾਬਰ ਕਾਬਲੀਅਤ ਹੋਣ ਦੇ ਬਾਵਜੂਦ ਪੇ-ਸਕੇਲ ਘੱਟ ਦੇਣਾ, ਪ੍ਰਸੂਤੀ ਛੁੱਟੀ ਲੈਣ ਦੇ ਮੁੱਢਲੇ ਅਧਿਕਾਰ ਦੇਣ ਵੇਲੇ ਵੀ ਟਾਲ-ਮਟੋਲ ਕਰਨਾ, ਉੱਚ ਅਧਿਕਾਰੀਆਂ ਵੱਲੋਂ ਛੁੱਟੀ ਤੋਂ ਬਾਅਦ ਵੀ ਕੰਮ ਕਰਦੇ ਰਹਿਣ ਲਈ ਹੁਕਮ ਕਰਦੇ ਰਹਿਣਾ ਆਦਿ ਆਮ ਹਨ। ਔਰਤਾਂ ਲਈ ਵੱਖਰੇ ਅਤੇ ਸਾਫ਼ ਬਾਥਰੂਮ, ਦੁਪਹਿਰ ਦੀ ਬਰੇਕ ਦੌਰਾਨ ਥੋੜ੍ਹਾ ਬਹੁਤ ਆਰਾਮ ਕਰਨ ਵਾਸਤੇ ਵੱਖਰਾ ਕਮਰਾ, ਨੌਜਵਾਨ ਤੇ ਛੋਟੇ ਬੱਚਿਆਂ ਦੀਆਂ ਮਾਵਾਂ ਲਈ ਕਰੈੱਚ ਆਦਿ ਕੁਝ ਸਹੂਲਤਾਂ ਹੋਣੀਆਂ ਲਾਜ਼ਮੀ ਹਨ। ਇਸ ਤੋਂ ਵੀ ਵਧੇਰੇ ਜ਼ਰੂਰੀ ਸੁਖਾਵਾਂ ਤੇ ਸੁਰੱਖਿਅਤ ਮਾਹੌਲ ਹੋਣਾ ਹੈ। ਭਾਵੇਂ ਸਰਕਾਰੀ ਅਦਾਰਿਆਂ ਵਿੱਚ ਕੰਮ ਦੌਰਾਨ ਇਹੋ ਜਿਹਾ ਵਰਤਾਰਾ ਜਾਂ ਵਿਤਕਰਾ ਜ਼ਾਹਰਾ ਤੌਰ 'ਤੇ ਨਜ਼ਰ ਨਹੀਂ ਆਉਂਦਾ ਪਰ ਕੁਝ ਸੰਸਥਾਵਾਂ ਵਿੱਚ ਔਰਤਾਂ ਨੂੰ ਜਿਨਸੀ ਸੋਸ਼ਣ ਦਾ ਸ਼ਿਕਾਰ ਵੀ ਬਣਾਇਆ ਜਾਂਦਾ ਹੈ। ਹਾਲ ਹੀ ਵਿੱਚ ਕਲਕੱਤਾ ਦੇ ਆਰਜੀ ਕਾਰ ਮੈਡੀਕਲ ਕਾਲਜ ਵਿੱਚ ਟ੍ਰੇਨਿੰਗ ਅਧੀਨ ਡਾਕਟਰ ਨਾਲ ਸਮੂਹਿਕ ਬਲਾਤਕਾਰ ਅਤੇ ਅਜਿਹੀਆਂ ਘਟਨਾਵਾਂ ਦੀ ਜਦੋਂ ਕਦੇ ਜਾਂਚ ਪੜਤਾਲ ਹੁੰਦੀ ਹੈ ਤਾਂ ਕੁਝ ਅਰਸੇ ਬਾਅਦ ਦੋਸ਼ੀ ਨੂੰ ਜੁਰਮਾਨਾ ਜਾਂ ਕੈਦ ਦੀ ਸਜ਼ਾ ਸੁਣਾ ਦਿੱਤੀ ਜਾਂਦੀ ਹੈ। ਇਸ ਸਾਰੇ ਸਮੇਂ ਦੌਰਾਨ ਪੀੜਤਾ ਅਤੇ ਉਸਦੇ ਪਰਿਵਾਰਕ ਮੈਂਬਰਾਂ 'ਤੇ ਕੀ ਬੀਤਦੀ ਹੈ, ਉਹ ਕਿਸ ਨਮੋਸ਼ੀ ਅਤੇ ਮਾਨਸਿਕ ਪੀੜਾ ਦਾ ਸਾਹਮਣਾ ਕਰਦੇ ਹਨ, ਇਹ ਦਰਦ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਇਨਸਾਫ਼ ਵਿੱਚ ਦੇਰੀ ਅਸਲ ਵਿੱਚ ਇਨਸਾਫ਼ ਤੋਂ ਇਨਕਾਰੀ ਹੋਣਾ ਹੀ ਹੋ ਨਿਬੜਦਾ ਹੈ।

ਦਸੰਬਰ 2012 ਵਿੱਚ ਅੱਜ ਤੋਂ 12 ਸਾਲ ਪਹਿਲਾਂ ਦਿੱਲੀ ਵਿੱਚ 6 ਦਰਿੰਦਿਆਂ ਨੇ ਫਿਜ਼ੀਓਥੈਰੇਪਿਸਟ ਕੁੜੀ ਨਾਲ ਚਲਦੀ ਬੱਸ ਵਿੱਚ ਇਸੇ ਪ੍ਰਕਾਰ ਦੀ ਵਹਿਸ਼ੀਆਨਾ ਕਰਤੂਤ ਕੀਤੀ। ਇਸ ਵਾਰਦਾਤ ਨੇ ਆਲਮੀ ਪੱਧਰ 'ਤੇ ਹਲਚਲ ਮਚਾ ਦਿੱਤੀ ਤੇ ਲੱਗਦਾ ਸੀ ਕਿ ਭਾਰਤ ਵਿੱਚ ਔਰਤਾਂ ਦੀ ਸੁਰੱਖਿਆ ਨਾਮ ਦੀ ਕੋਈ ਸ਼ੈਅ ਨਹੀਂ। ਨਿਰਭਯਾ ਕਤਲ ਕਾਂਡ ਦੇ ਨਾਮ ਵਾਲੀ ਇਸ ਦਰਦਨਾਕ ਘਟਨਾ ਤੋਂ ਬਾਅਦ ਕੰਮਕਾਜੀ ਥਾਵਾਂ 'ਤੇ ਔਰਤਾਂ ਪ੍ਰਤੀ ਹੁੰਦੀਆਂ ਹਿੰਸਕ ਘਟਨਾਵਾਂ ਨੂੰ ਰੋਕਣ ਵਾਸਤੇ 2013 ਵਿੱਚ ਕਾਨੂੰਨ ਬਣਾਇਆ ਗਿਆ। ਇਸ ਦਾ ਮੁੱਖ ਮੰਤਵ ਔਰਤਾਂ ਲਈ ਸੁਰੱਖਿਅਤ ਕੰਮਕਾਜੀ ਮਾਹੌਲ ਯਕੀਨੀ ਬਣਾਉਣਾ ਸੀ ਪਰ ਇਸ ਤੋਂ ਬਾਅਦ ਵੀ ਇਹੋ ਜਿਹੀਆਂ ਘਟਨਾਵਾਂ ਨੂੰ ਕੋਈ ਠੱਲ੍ਹ ਨਹੀਂ ਪਈ। ਨੈਸ਼ਨਲ ਕ੍ਰਾਈਮ ਰਿਪੋਰਟ ਬਿਊਰੋ 2023 ਅਨੁਸਾਰ ਔਰਤਾਂ ਵਿਰੁੱਧ ਹਿੰਸਕ ਘਟਨਾਵਾਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ 4 ਫ਼ੀਸਦੀ ਦਾ ਵਾਧਾ ਰਿਕਾਰਡ ਕੀਤਾ ਗਿਆ। 2020 ਵਿੱਚ 3,71,503 ਕੇਸ ਦਰਜ ਕੀਤੇ ਗਏ। 2021 ਵਿੱਚ 4,28,278 ਤੋਂ ਵਧ ਕੇ 2022 ਵਿੱਚ ਇਨ੍ਹਾਂ ਦੀ ਗਿਣਤੀ 4,45,256 ਹੋ ਗਈ ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਘਰੇਲੂ ਹਿੰਸਾ, ਅਗਵਾ ਕਰਨਾ ਜਾਂ ਉਧਾਲਣਾ, ਰਾਹ ਜਾਂਦੀਆਂ ਔਰਤਾਂ ਉੱਪਰ ਕਾਤਲਾਨਾ ਹਮਲੇ ਕਰਨੇ ਤੇ ਬਲਾਤਕਾਰ ਆਦਿ ਜਿਹੇ ਘਿਨਾਉਣੇ ਅਪਰਾਧ ਸ਼ਾਮਿਲ ਹਨ। ਜੇਕਰ ਗਿਆਨ ਦੇਣ ਵਾਲੇ ਵਿਦਿਅਕ ਅਦਾਰੇ ਅਤੇ ਹਸਪਤਾਲ ਜਾਂ ਮੈਡੀਕਲ ਕਾਲਜ ਵਿੱਚ ਦੂਜਿਆਂ ਦੀ ਜਾਨ ਬਚਾਉਣ ਵਾਲੇ ਡਾਕਟਰ, ਨਰਸਾਂ, ਮੈਡੀਕਲ/ ਪੈਰਾ ਮੈਡੀਕਲ ਸਟਾਫ ਸੁਰੱਖਿਅਤ ਨਹੀਂ ਤਾਂ ਸਪਸ਼ਟ ਹੈ ਕਿ ਸਮਾਜ ਨੈਤਿਕ ਕਦਰਾਂ ਕੀਮਤਾਂ ਪੱਖੋਂ ਕਿਸੇ ਡੂੰਘੀ ਖਾਈ ਵਿੱਚ ਡਿੱਗ ਚੁੱਕਾ ਹੈ।

ਬ੍ਰਿਟਿਸ਼ ਸੇਫਟੀ ਕੌਂਸਲ ਅਨੁਸਾਰ ਭਾਰਤ ਵਿੱਚ ਕੇਵਲ 20 ਫ਼ੀਸਦੀ ਕਰਮਚਾਰੀ ਸਿਹਤ ਅਤੇ ਹਿਫਾਜ਼ਤ ਦੇ ਕਵਰ ਅਧੀਨ ਹਨ। ਬਾਕੀ 80 ਫ਼ੀਸਦੀ ਹਮੇਸ਼ਾ ਹੀ ਅਸੁਰੱਖਿਅਤ ਵਾਤਾਵਰਣ ਅਤੇ ਹਾਲਾਤ ਵਿੱਚ ਕੰਮ ਕਰਦੇ ਹਨ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਅਨੁਸਾਰ ਭਾਰਤ ਵਿੱਚ ਕੇਵਲ 21 ਫ਼ੀਸਦੀ ਫੈਕਟਰੀਆਂ 'ਚ ਪੁਰਸ਼ਾਂ ਤੇ ਔਰਤਾਂ ਲਈ ਵੱਖ ਵੱਖ ਪਖਾਨੇ ਹਨ। ਔਰਤਾਂ ਦੀਆਂ ਸਿਹਤ ਸਫ਼ਾਈ ਦੀਆਂ ਖ਼ਾਸ ਤੇ ਵੱਖਰੀਆਂ ਸਹੂਲਤਾਂ ਦਾ ਕੋਈ ਧਿਆਨ ਨਹੀਂ ਰੱਖਿਆ ਜਾਂਦਾ। ਕੰਮ ਦੇ ਬਦਲੇ ਸੋਸ਼ਣ ਜਾਂ ਰੁਜ਼ਗਾਰ ਪ੍ਰਾਪਤੀ ਦੇ ਇਵਜ਼ ਵਜੋਂ ਉੱਚ ਅਧਿਕਾਰੀਆਂ ਲਈ ਜਿਸਮ ਸਮਰਪਣ ਨੂੰ ਹਥਿਆਰ ਵਾਂਗ ਵਰਤਿਆ ਜਾਣ ਲੱਗਿਆ ਹੈ। ਕੋਈ ਵੀ ਅਦਾਰਾ ਅਜਿਹਾ ਨਹੀਂ ਜਿੱਥੇ ਔਰਤ ਆਪਣੇ ਆਪ ਨੂੰ ਸੁਰੱਖਿਅਤ ਸਮਝਦੀ ਹੋਵੇ।

ਕੰਮਕਾਜੀ ਥਾਵਾਂ ਉੱਪਰ ਔਰਤਾਂ ਦੀ ਸੁਰੱਖਿਆ, ਖ਼ਾਸ ਗੰਭੀਰਤਾ ਦਾ ਵਿਸ਼ਾ ਹੈ ਜਿਹੜਾ ਤੁਰੰਤ ਕਾਰਵਾਈ/ਨੀਤੀ ਦੀ ਮੰਗ ਕਰਦਾ ਹੈ। ਮੌਜੂਦਾ ਕਾਨੂੰਨ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਨਹੀਂ ਹੁੰਦੇ ਅਤੇ ਔਰਤਾਂ ਨੂੰ ਇਨਸਾਫ਼ ਇਸ ਲਈ ਨਹੀਂ ਮਿਲਦਾ ਕਿਉਂਕਿ ਉੱਚ ਅਹੁਦਿਆਂ 'ਤੇ ਬੈਠੇ ਕੁਝ ਅਧਿਕਾਰੀ ਇਸ ਘਿਨਾਉਣੇ ਅਪਰਾਧ ਵਿੱਚ ਹਿੱਸੇਦਾਰ ਹੁੰਦੇ ਹਨ। ਇਸ ਵਿੱਚ ਸਿਆਸਤ, ਸਿਆਸੀ ਪਾਰਟੀਆਂ, ਭਾਈ-ਭਤੀਜਾਵਾਦ ਤੇ ਆੜੇ ਨਹੀਂ ਆਉਣਾ ਚਾਹੀਦਾ। ਭਾਰਤ ਵਿੱਚ ਇਸ ਵੇਲੇ ਹਾਕਮ ਪਾਰਟੀ ਦੇ 40 ਦੇ ਕਰੀਬ ਸੰਸਦ ਮੈਂਬਰ ਅਜਿਹੇ ਹਨ ਜਿਨ੍ਹਾਂ ਵਿਰੁੱਧ ਬਲਾਤਕਾਰ ਦੇ ਦੋਸ਼ ਹਨ। ਕੇਵਲ 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਨਾਅਰੇ ਲਗਾ ਦੇਣ ਨਾਲ ਬੇਟੀ ਸੁਰੱਖਿਅਤ ਨਹੀਂ ਹੋ ਜਾਂਦੀ। ਜਦੋਂ ਤੱਕ ਧੀਆਂ-ਭੈਣਾਂ ਪ੍ਰਤੀ ਮਾੜੀ ਸੋਚ ਨਹੀਂ ਬਦਲਦੀ, ਪੁਰਸ਼ ਤੇ ਔਰਤ ਨੂੰ ਬਰਾਬਰ ਨਹੀਂ ਸਮਝਿਆ ਜਾਂਦਾ ਉਦੋਂ ਤਕ ਮਸਲੇ ਦਾ ਹੱਲ ਨਹੀਂ ਹੋਣਾ। ਬੰਗਾਲ ਦੀ ਮਮਤਾ ਬੈਨਰਜੀ ਦੀ ਸਰਕਾਰ ਨੇ ਜਿਨਸੀ ਸੋਸ਼ਣ ਦੇ ਅਪਰਾਧੀਆਂ ਲਈ ਮੌਤ ਦੀ ਸਜ਼ਾ ਦਾ ਕਾਨੂੰਨ ਪਾਸ ਕਰਨ ਦੀ ਮੰਗ ਕੀਤੀ ਹੈ ਪਰ ਇਸ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਅਪਰਾਧੀਆਂ ਖ਼ਿਲਾਫ਼ ਪੱਕੇ ਸਬੂਤ ਵੀ ਹੋਣ। ਸਮੂਹਿਕ ਜਬਰ-ਜਨਾਹ ਲਈ ਕਿਸੇ ਇੱਕ ਵਿਅਕਤੀ ਨੂੰ ਦੋਸ਼ੀ ਠਹਿਰਾ ਕੇ ਸਜ਼ਾ ਦੇਣਾ, ਸਬੂਤਾਂ ਅਤੇ ਗਵਾਹਾਂ ਦੀ ਅਣਹੋਂਦ ਕਾਰਨ ਮੁਕੱਦਮਾ ਲਟਕਾਈ ਰੱਖਣਾ, 12 ਸਾਲਾਂ ਬਾਅਦ ਸਜ਼ਾ ਸੁਣਾਉਣਾ ਤੇ ਸਜ਼ਾ ਦੌਰਾਨ ਦੋਸ਼ੀਆਂ ਦੇ (ਅਖੌਤੀ) ਚੰਗੇ ਵਿਹਾਰ ਕਰਨ ਉਨ੍ਹਾਂ ਦੀ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਰਿਹਾਅ ਕਰ ਦੇਣਾ ਅਤੇ ਬਾਹਰ ਆਉਣ 'ਤੇ ਕੁਝ ਕਰਿੰਦਿਆਂ ਵੱਲੋਂ ਉਨ੍ਹਾਂ ਦਾ ਸਵਾਗਤ ਕਰਨਾ (ਬਿਲਕੀਸ ਬਾਨੋ ਕੇਸ), ਸਜ਼ਾ ਕੱਟ ਰਹੇ ਦੋਸ਼ੀਆਂ ਨੂੰ ਸਮੇਂ ਸਮੇਂ ਪੈਰੋਲ 'ਤੇ ਛੱਡਣਾ (ਗੁਰਮੀਤ ਰਾਮ ਰਹੀਮ ਸਿੰਘ ਕੇਸ), ਹਾਲ ਦੁਹਾਈ ਪਾਉਣ ਦੇ ਬਾਵਜੂਦ ਦੋਸ਼ੀ ਖ਼ਿਲਾਫ਼ ਪਰਚਾ ਦਰਜ ਕਰਨ ਵਿੱਚ ਦੇਰੀ (ਹਰਿਆਣਾ ਦੀਆਂ ਪਹਿਲਵਾਨ ਕੁੜੀਆਂ ਦਾ ਕੇਸ), ਇਹ ਸਾਰਾ ਕੁਝ ਪੀੜਤ ਔਰਤ ਦੀ ਮਾਨਸਿਕ ਪੀੜਾ ਨੂੰ ਘਟਾਉਣ ਦੀ ਬਜਾਏ ਹੋਰ ਵਧਾਉਂਦਾ ਹੈ। ਭਾਵੇਂ ਕੰਮਕਾਜੀ ਥਾਵਾਂ 'ਤੇ ਔਰਤਾਂ ਲਈ ਸ਼ਿਕਾਇਤ ਨਿਵਾਰਨ ਸੈੱਲ ਬਣੇ ਹੋਏ ਹਨ ਪਰ ਉਨ੍ਹਾਂ ਕੋਲ ਵੀ ਜਦੋਂ ਕੋਈ ਸ਼ਿਕਾਇਤ ਪਹੁੰਚਦੀ ਹੈ ਤਾਂ ਉਹ ਵੀ ਤੁਰੰਤ ਐਕਸ਼ਨ ਲੈਣ ਦੀ ਥਾਂ ਜਾਂਚ-ਪੜਤਾਲ ਲਈ ਕਮੇਟੀ ਦਾ ਗਠਨ ਹੀ ਕਰਦੇ ਹਨ। ਪੁਲੀਸ ਵਿਭਾਗ ਨੇ ਔਰਤਾਂ ਦੀ ਸੁਰੱਖਿਆ ਵਾਸਤੇ ਸਪੈਸ਼ਲ ਨੰਬਰ ਜਾਰੀ ਕੀਤੇ ਹੋਏ ਹਨ। ਕਿਸੇ ਅਣਸੁਖਾਵੀਂ ਘਟਨਾ ਦੇ ਵਾਪਰਨ ਨੂੰ ਭਾਂਪਦੇ ਹੋਏ ਉਹ ਫੋਨ ਦਾ ਇਸਤੇਮਾਲ ਕਰ ਸਕਦੀ ਹੈ ਪਰ ਜਦੋਂ ਤੱਕ ਪੁਲੀਸ ਪਹੁੰਚਦੀ ਹੈ, ਦੇਰ ਹੋ ਚੁੱਕੀ ਹੁੰਦੀ ਹੈ।

ਇਸ ਦਾ ਇਹ ਅਰਥ ਨਹੀਂ ਕਿ ਔਰਤ ਸਭ ਕੁਝ ਛੱਡ ਕੇ ਘਰ ਬੈਠ ਜਾਵੇ। ਕੰਮ ਨਾਲ ਰੋਜ਼ੀ ਕਮਾਉਣ ਦੇ ਅਧਿਕਾਰ ਨੂੰ ਛੱਡਣਾ ਸਮੱਸਿਆ ਦਾ ਹੱਲ ਨਹੀਂ ਤੇ ਨਾ ਹੀ ਕਿਸੇ ਬਾਹਰੀ ਸਰੋਤ ਉੱਪਰ ਆਸ ਰੱਖਣੀ ਕੋਈ ਸਿਆਣਪ ਹੈ। ਜ਼ਰੂਰਤ ਹੈ ਆਪਣੇ ਮੂਲ ਨੂੰ ਪਛਾਣਨ ਦੀ, ਆਪਣੇ ਆਪ ਨੂੰ ਅਬਲਾ ਤੋਂ ਸਬਲਾ ਤੇ ਸਮਰੱਥ ਬਣਾਉਣ ਦੀ। ਸਮਾਜਿਕ, ਮਾਨਸਿਕ ਅਤੇ ਸਰੀਰਕ ਤੌਰ 'ਤੇ ਤੰਦਰੁਸਤ ਹੋਣ ਦੀ। ਸਭ ਤੋਂ ਵਧੇਰੇ ਆਤਮ-ਵਿਸ਼ਵਾਸ ਤੇ ਦ੍ਰਿੜ ਇਰਾਦੇ ਵਾਲੀ ਹੋਣ ਦੀ। ਹਨੇਰੇ ਸਵੇਰੇ ਜਾਂ ਅਸਾਧਾਰਨ ਸਥਿਤੀ ਵਿੱਚ ਜੇਕਰ ਕੰਮ ਜਾਂ ਡਿਊਟੀ ਕਰਨੀ ਪੈਂਦੀ ਹੈ ਤਾਂ ਸਵੈ-ਰੱਖਿਆ ਵਾਸਤੇ ਉਪਾਅ ਕਰਕੇ ਰੱਖੋ। ਕੰਮਕਾਜੀ ਥਾਵਾਂ ਉੱਪਰ ਜਿਨਸੀ ਸੋਸ਼ਣ, ਛੇੜਛਾੜ ਤੇ ਮਾਨਸਿਕ ਤੌਰ 'ਤੇ ਔਰਤਾਂ ਨੂੰ ਪ੍ਰੇਸ਼ਾਨ ਕਰਨ ਵਾਲੀਆਂ ਕਰਤੂਤਾਂ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵੀ ਕਰਾਰ ਦਿੱਤਾ ਗਿਆ ਹੈ। ਇਸ ਸਬੰਧ ਵਿੱਚ ਸੁਪਰੀਮ ਕੋਰਟ ਨੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਹੁਕਮ ਦਿੱਤੇ ਹਨ ਕਿ ਉਹ ਡਾਕਟਰਾਂ ਸਮੇਤ ਹੋਰ ਸਾਰੀਆਂ ਕੰਮਕਾਜੀ ਔਰਤਾਂ ਦੀ ਸੁਰੱਖਿਆ ਨੂੰ ਸੰਸਥਾਗਤ ਰੂਪ ਦੇਣ ਲਈ ਫੌਰੀ 'ਤੇ ਕੋਈ ਠੋਸ ਕਾਰਵਾਈ ਕਰਨ। ਇਸ ਦੇ ਮੱਦੇਨਜ਼ਰ ਨੈਸ਼ਨਲ ਮੈਡੀਕਲ ਕਮਿਸ਼ਨ ਦੁਆਰਾ 15 ਮੈਂਬਰੀ ਰਾਸ਼ਟਰੀ ਟਾਸਕ ਫੋਰਸ ਦਾ ਗਠਨ ਵੀ ਕੀਤਾ ਗਿਆ ਹੈ।

ਇਸ ਵੇਲੇ ਜ਼ਰੂਰਤ ਹੈ ਕਿ ਨਿਆਂ ਪ੍ਰਣਾਲੀ ਆਜ਼ਾਦ ਅਤੇ ਧਿਰ ਰਹਿਤ ਹੋਵੇ, ਜਿਹੜੀ ਘੱਟ ਤੋਂ ਘੱਟ ਸਮਾਂ ਲੈਂਦੇ ਹੋਏ ਸਹੀ ਫ਼ੈਸਲਾ ਕਰਨ ਤੇ ਸੁਣਾਉਣ ਦੇ ਸਮਰੱਥ ਹੋਵੇ। ਫ਼ੈਸਲਾ ਕਰਨ ਦੀ ਪ੍ਰਕਿਰਿਆ ਦੌਰਾਨ ਹਾਕਮ ਧਿਰਾਂ ਵੱਲੋਂ ਰਾਜਨੀਤਿਕ ਦਖ਼ਲਅੰਦਾਜ਼ੀ ਬਿਲਕੁਲ ਬੰਦ ਹੋਵੇ। ਪੁਰਸ਼ ਪ੍ਰਧਾਨ ਸਮਾਜ ਵਿੱਚ ਮੌਜੂਦ ਪੁਰਸ਼ ਔਰਤ ਨਾ-ਬਰਾਬਰੀ ਦੀ ਦਕਿਆਨੂਸੀ ਸੋਚ ਨੂੰ ਬਦਲਣ ਲਈ ਵਿਸ਼ਾਲ ਪੱਧਰ 'ਤੇ ਮੁਹਿੰਮ ਚਲਾਉਣ ਦੀ ਜ਼ਰੂਰਤ ਹੈ। ਇਸ ਕਾਰਜ ਲਈ ਚੇਤੰਨ, ਜਮਹੂਰੀਅਤ ਪਸੰਦ ਜਥੇਬੰਦੀਆਂ ਅਤੇ ਜਾਗਰੂਕ ਲੋਕਾਂ ਨੂੰ ਪਹਿਲ ਕਰਨੀ ਪਵੇਗੀ ਜੋ ਪੁਰਸ਼ਾਂ ਅਤੇ ਔਰਤਾਂ ਦੇ ਸਾਂਝੇ ਯਤਨਾਂ ਨਾਲ ਹੀ ਸੰਭਵ ਹੈ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫ਼ੂਨ ਕਰੋ:
ਦਲਜੀਤ ਸਿੰਘ ਰਾਏ
604-807-1012

ਦਲਜੀਤ ਸਿੰਘ ਰਾਏ

FAST COMPUTER REPAIR
New Web Designing & Hosting Services

Onsite Service Available
Computer Repair & Upgrade
Spyware & Virus Removal
Same Day Service

Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444



# ਔਰਤਾਂ ਨਾਲ ਹੁੰਦੀਆਂ ਵਧੀਕੀ

ਲੇਖਕ : ਸ਼ਮੀਲਾ ਖ਼ਾਨ, ਸੰਪਰਕ: 99882-08123

ਮੁੰਬਈ ਦੀਆਂ ਕੁੜੀਆਂ ਨੇਹਾ ਠਾਕੁਰ ਅਤੇ ਤਮੰਨਾ ਮਿਸ਼ਰਾ ਨੇ ਅਨੋਖੇ ਪ੍ਰਾਜੈਕਟ 'ਤੇ ਕੰਮ ਸ਼ੁਰੂ ਕੀਤਾ। ਗਾਲ਼ਾਂ 'ਚ ਕਿਵੇਂ ਔਰਤ ਨਿਸ਼ਾਨਾ ਬਣਦੀ ਹੈ, ਇਸ ਭਾਵ ਨੂੰ ਲੈ ਕੇ ਇਨ੍ਹਾਂ ਕੁੜੀਆਂ ਨੇ ਗਾਲ਼ਾਂ ਦਾ ਲੰਮਾ ਚੌੜਾ ਸੰਗ੍ਰਹਿ ਤਿਆਰ ਕੀਤਾ ਹੈ। ਅੱਜ ਦੇ ਦੌਰ 'ਚ ਜਦ ਔਰਤ ਆਪਣੇ ਆਪ ਨੂੰ ਪੁਰਸ਼ ਦੇ ਮੇਚ ਦਾ ਹੀ ਨਹੀਂ ਬਲਕਿ ਸਮਾਜਿਕ ਕੱਦ ਕਾਠ 'ਚ ਰਤਾ ਉੱਚਾ ਹੀ ਸਮਝਦੀ ਹੈ ਤਾਂ ਗਾਲ਼ੀ ਗਲੋਚ ਦੀ ਭਾਸ਼ਾ 'ਚ ਉਸ ਨੂੰ ਬੌਣੇਪਣ ਦਾ ਅਹਿਸਾਸ ਕਰਾਇਆ ਜਾਂਦਾ ਹੈ।

ਮੁੱਢ ਕਦੀਮ ਤੋਂ ਸਮਾਜ 'ਚ ਗਾਲ਼ਾਂ ਦੀ ਮੌਜੂਦਗੀ ਕਿਸੇ ਨਾ ਕਿਸੇ ਰੂਪ ਵਿਚ ਰਹੀ ਹੈ। ਲੋਕ ਸਾਹਿਤ 'ਚ ਪਹਿਲਾਂ ਕਦੇ ਗਾਲ਼ਾਂ ਦੀ ਹੁੱਬ ਨਹੀਂ ਪੈਂਦੀ ਸੀ। ਲੋਕ ਗੀਤਾਂ 'ਚ ਸਿੱਠਣੀਆਂ ਗਾਲ਼ਾਂ ਦਾ ਸੋਧਿਆ ਰੂਪ ਕਿਹਾ ਜਾ ਸਕਦਾ ਹੈ। ਵਿਆਹ ਸਾਹੇ 'ਤੇ ਸਿੱਠਣੀਆਂ ਮਨੋਰੰਜਨ ਵਾਲਾ ਰੰਗ ਭਰਦੀਆਂ ਸਨ ਜਿਨ੍ਹਾਂ 'ਚ ਸਮਾਜਿਕ ਸਦਭਾਵ ਭਾਰੂ ਹੁੰਦਾ ਸੀ। ਕਿਸੇ ਨੂੰ ਦੁੱਖ ਪਹੁੰਚਾਉਣ ਲਈ ਨਹੀਂ, ਅਪਣੱਤ ਦੇ ਭਾਵ 'ਚੋਂ ਹੇਕ ਲੱਗਦੀ ਸੀ। ਅਸਲ ਵਿਚ ਮਨੁੱਖ ਦੀ ਭਾਸ਼ਾ ਹੀ ਉਸ ਦਾ ਦਰਪਣ ਹੁੰਦੀ ਹੈ। ਇਸੇ ਦਰਪਣ 'ਚੋਂ ਮਨੁੱਖ ਦੀ ਮਾਨਸਿਕਤਾ ਦੀ ਅਜ਼ਮਾਇਸ਼ ਹੋ ਸਕਦੀ ਹੈ।

ਇੰਝ ਕਿਉਂ ਹੁੰਦਾ ਹੈ ਕਿ ਜਦੋਂ ਦੋ ਆਦਮੀ ਆਪਸ 'ਚ ਗਾਲ਼ੀ ਗਲੋਚ 'ਤੇ ਉੱਤਰਦੇ ਹਨ ਤਾਂ ਗਾਲ਼ਾਂ ਦੀ ਭਾਸ਼ਾ 'ਚ ਫੱਟ ਔਰਤ ਦੇ ਹੀ ਲੱਗਦੇ ਨੇ? ਨਵਾਂ ਪੋਚ ਤਾਂ ਮਜ਼ੇ ਖ਼ਾਤਿਰ ਹੁਣ ਗਾਲ਼ਾਂ ਕੱਢਣ ਨੂੰ ਸਹਿਜ ਨਾਲ ਲੈਂਦਾ ਹੈ। ਗਾਲ਼ਾਂ 'ਚ ਕਿਸੇ ਦੀ ਮਾਂ, ਭੈਣ ਅਤੇ ਧੀ ਨਿਸ਼ਾਨਾ ਬਣਦੀ ਹੈ, ਉਹ ਵੀ ਬਿਨਾਂ ਕਸੂਰ ਤੋਂ। ਇੱਕ ਦੌਰ ਉਹ ਵੀ ਸੀ ਜਦੋਂ ਗਾਲ਼ਾਂ ਦੀ ਭਾਸ਼ਾ 'ਚ ਸੰਜਮ ਹੁੰਦਾ ਸੀ, ਕੋਈ ਚੋਭ ਨਹੀਂ ਸੀ ਹੁੰਦੀ। ਗਿੱਧੇ 'ਚ ਕੁੜੀਆਂ ਬੋਲੀ ਪਾਉਂਦੀਆਂ ਨੇ: ਜੈਤੋ ਦਾ ਕਿਲਾ ਟਪਾ'ਦੂੰ ਜੇ ਕੱਢੀ ਮਾਂ ਦੀ ਗਾਲ਼। ਅੰਦਾਜ਼ਾ ਲਾ ਲਓ, ਕਿਸੇ ਜ਼ਮਾਨੇ 'ਚ ਔਰਤ ਦੇ ਚਰਿੱਤਰ 'ਤੇ ਉਂਗਲ ਉਠਾਉਣ ਲਈ ਕੱਢੀ ਗਾਲ਼ ਦਾ ਖਮਿਆਜ਼ਾ ਕੀ ਹੁੰਦਾ ਸੀ। ਗਾਲ਼ਾਂ ਤੋਂ ਦਰਅਸਲ, ਕਿਸੇ ਸਮਾਜ ਦੀ ਮਾਨਸਿਕਤਾ ਦਾ ਪਤਾ ਲੱਗਦਾ ਹੈ। ਦੂਜੇ ਨੂੰ ਨੀਵਾਂ ਦਿਖਾਉਣ ਅਤੇ ਆਪਣੇ ਹੰਕਾਰ ਨੂੰ ਪੱਠੇ ਪਾਉਣ ਲਈ ਗਾਲ਼ਾਂ ਦੀ ਵਰਤੋਂ ਹੁੰਦੀ ਹੈ। ਮਸਲਾ ਇਹ ਹੈ ਕਿ ਗਾਲ਼ ਦੇ ਕੇਂਦਰ ਬਿੰਦੂ 'ਚ ਔਰਤ ਕਿਉਂ?

ਇਹ ਗਾਲ਼ੀ ਗਲੋਚ ਜਿਸ ਦੀਆਂ ਜੜ੍ਹਾਂ ਪਿੱਤਰੀਵਾਦੀ ਸੋਚ ਨਾਲ ਜੁੜੀਆਂ ਹੋਈਆਂ ਹਨ, ਦਾ ਸਬੰਧ ਔਰਤਾਂ ਦੀ ਹੀਣ ਭਾਵਨਾ ਅਤੇ ਜ਼ੁਲਮ ਨਾਲ ਹੈ। ਸਾਡੇ ਸਮਾਜ ਵਿਚ ਔਰਤ ਨੂੰ ਘਰ ਦੀ 'ਇੱਜ਼ਤ' ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਹੋਂਦ ਨੂੰ ਕੁਝ ਸੀਮਤ ਰਿਸ਼ਤਿਆਂ ਵਿਚ ਬੰਨ੍ਹ ਦਿੱਤਾ ਗਿਆ ਹੈ। ਉਹ ਮਨੁੱਖ ਹੋਣ ਦੀ ਥਾਂ ਮਾਂ, ਭੈਣ, ਧੀ, ਪਤਨੀ ਤੱਕ ਸੀਮਤ ਹੈ। ਮਰਦ ਔਰਤਾਂ ਦੇ ਚਰਿੱਤਰ ਅਤੇ ਉਨ੍ਹਾਂ ਦੇ ਸਰੀਰ ਨੂੰ ਆਪਣੀ ਜਾਇਦਾਦ ਸਮਝਦੇ ਹਨ ਜਿਸ ਨੂੰ ਸੰਭਾਲਣ ਅਤੇ ਉਸ ਅਨੁਸਾਰ ਸੁਰੱਖਿਅਤ ਕਰਨ ਦੀ ਲੋੜ ਹੈ। ਫਿਰ ਜੇ ਇਸ ਦੀ ਰਾਖੀ ਕਰਨੀ ਹੈ ਤਾਂ ਔਰਤਾਂ ਨੂੰ ਘਰ ਦੀਆਂ ਦੀਵਾਰਾਂ ਦੇ ਅੰਦਰ ਰੱਖਣ ਦੀ ਪਰੰਪਰਾ ਅਪਣਾਈ ਜਾਂਦੀ ਹੈ। ਇਹ ਸੋਚ ਇਸ ਵਿਚਾਰ ਨੂੰ ਜਨਮ ਦਿੰਦੀ ਹੈ ਕਿ ਜੇ ਤੁਸੀਂ ਕਿਸੇ ਨੂੰ ਬੇਇੱਜ਼ਤ ਜਾਂ ਤੰਗ ਕਰਨਾ ਚਾਹੁੰਦੇ ਹੋ ਤਾਂ ਉਸ ਦੇ ਘਰ ਦੀਆਂ ਔਰਤਾਂ ਨੂੰ ਗਾਲ਼ਾਂ ਕੱਢੋ ਅਤੇ ਉਨ੍ਹਾਂ ਦਾ ਅਪਮਾਨ ਕਰੋ। ਇਸੇ ਕਾਰਨ ਔਰਤਾਂ ਸ਼ੋਸ਼ਣ ਦਾ ਕੇਂਦਰ ਬਣ ਜਾਂਦੀਆਂ ਹਨ।

ਔਰਤਾਂ ਦੇ ਅਧਿਐਨ ਦੀ ਮਾਹਿਰ ਅਤੇ ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਿਜ਼ ਹੈਦਰਾਬਾਦ ਦੀ ਪ੍ਰੋਫੈਸਰ ਡਾ. ਲਕਸ਼ਮੀ ਲਿੰਗਮ ਦੱਸਦੇ ਹਨ- ਇਹ ਗਾਲ਼ਾਂ ਇਹ ਜ਼ਾਹਿਰ ਕਰਦੀਆਂ ਹਨ ਕਿ ਸਾਡਾ ਸਮਾਜ ਔਰਤਾਂ ਨਾਲ ਕਿਵੇਂ ਪੇਸ਼ ਆਉਂਦਾ ਰਿਹਾ ਹੈ। ਇਹ ਗਾਲ੍ਹਾਂ ਸ਼ੋਸ਼ਣ ਕਾਇਮ ਰੱਖਣ ਵਿੱਚ ਮਦਦ ਕਰਦੀਆਂ ਹਨ ਤੇ ਇਹ ਔਰਤਾਂ ਦੇ ਸਰੀਰ, ਉਨ੍ਹਾਂ ਦੀ ਲਿੰਗਕਤਾ, ਇੱਥੋਂ ਤੱਕ ਕਿ ਉਹਨਾਂ ਦੇ ਪ੍ਰਜਨਨ ਨੂੰ ਵੀ ਕੰਟਰੋਲ ਕਰਨ ਦੀ ਕੋਸ਼ਿਸ਼ ਕਰਦੀਆਂ ਹਨ।

ਮਰਦ ਆਪਣੀ ਹਉਮੈ ਨੂੰ ਦੂਸਰਿਆਂ ਨੂੰ ਗਾਲ਼ਾਂ ਕੱਢ ਕੇ ਸੰਤੁਸ਼ਟ ਕਰਦੇ ਹਨ। ਹੈਰਾਨੀ ਉਦੋਂ ਹੁੰਦੀ ਹੈ ਜਦੋਂ ਔਰਤਾਂ ਵੀ ਬਿਨਾਂ ਝਿਜਕ ਆਪਣੀਆਂ ਮਾਵਾਂ-ਭੈਣਾਂ ਨੂੰ ਗਾਲ਼ਾਂ ਕੱਢਦੀਆਂ ਹਨ। ਆਖ਼ਿਰ ਉਹ ਕਿਸ ਹਉਮੈ ਨੂੰ ਸੰਤੁਸ਼ਟ ਕਰਦੀਆਂ ਹਨ?

ਅੱਜ ਦਾ ਸੋਸ਼ਲ ਮੀਡੀਆ ਵੀ ਇਸ ਮਾਮਲੇ ਵਿੱਚ ਪਿੱਛੇ ਨਹੀਂ ਰਿਹਾ। ਮਾੜੀ ਸ਼ਬਦਾਵਲੀ ਦੀ ਵਰਤੋਂ ਵੈਬ ਸੀਰੀਜ਼ ਵਿੱਚ ਆਮ ਹੋ ਰਹੀ ਹੈ। ਇਹਨਾਂ ਸੀਰੀਜ਼ ਵਿੱਚ ਗਾਲ਼ਾਂ ਆਸਾਨੀ ਨਾਲ ਵਰਤਾਈਆਂ ਜਾ ਰਹੀਆਂ ਹਨ। ਕੈਰੀ ਮਿਨਾਤੀ ਵਰਗੇ ਤਾਂ ਜਾਣਬੁੱਝ ਕੇ ਆਪਣੇ ਪ੍ਰੋਗਰਾਮਾਂ ਵਿਚ ਗਾਲ਼ਾਂ ਕੱਢਦੇ ਹਨ। ਫਿਰ ਅਜਿਹੇ ਵੀਡੀਓ ਵਾਇਰਲ ਵੀ ਹੋ ਜਾਂਦੇ ਹਨ। ਕੌਣ ਜਾਣਦਾ ਹੈ ਕਿ ਸੋਸ਼ਲ ਮੀਡੀਆ 'ਤੇ ਕਿੰਨੇ ਹੋਰ ਕੈਰੀ ਮਿਨਾਤੀ ਮੌਜੂਦ ਹਨ। ਸਮਝ ਨਹੀਂ ਆਉਂਦੀ, ਅਜਿਹੀਆਂ ਗਾਲ਼ਾਂ ਸੁਣ ਕੇ ਲੋਕ ਕਿਵੇਂ ਹੱਸ ਸਕਦੇ ਹਨ! ਬਹੁਤ ਸਾਰੇ ਲੋਕ ਇਸ ਨੂੰ ਜਾਇਜ਼ ਠਹਿਰਾਉਂਦੇ ਹਨ ਕਿ ਗਾਲ਼ਾਂ ਵੀ ਪ੍ਰਗਟਾਵੇ ਦਾ ਮਾਧਿਅਮ ਹਨ।

'ਮਰਦ ਨੂੰ ਦਰਦ ਨਹੀਂ' ਅਤੇ 'ਤੂੰ ਕੁੜੀਆਂ ਵਾਂਗ ਕਿਉਂ ਰੋ ਰਹੀ ਹੈਂ' ਵਰਗੀਆਂ ਉਦਾਹਰਨਾਂ ਸਾਡੇ ਵਿਹਾਰ ਦਾ ਹਿੱਸਾ ਹਨ। ਜੇਕਰ ਕੋਈ ਚੀਜ਼ ਕਮਜ਼ੋਰ, ਨਰਮ ਅਤੇ ਛੋਟੀ ਹੈ ਤਾਂ ਉਹ ਇਸਤਰੀ ਲਿੰਗ ਦੀ ਸ਼੍ਰੇਣੀ ਵਿੱਚ ਆਉਂਦੀ ਹੈ। ਹੁਣ ਤੱਕ ਰਾਸ਼ਟਰਪਤੀ, ਪ੍ਰਧਾਨ ਮੰਤਰੀ ਵਰਗੇ ਸ਼ਬਦਾਂ ਦੇ ਬਰਾਬਰ ਕੋਈ ਇਸਤਰੀ ਜਾਂ ਲਿੰਗ ਨਿਰਪੱਖ ਸ਼ਬਦ ਦੀ ਖੋਜ ਨਹੀਂ ਹੋਈ ਹੈ। ਇਹ ਤਾਂ ਭਲਾ ਹੋਵੇ ਨਾਰੀਵਾਦੀ ਲਹਿਰਾਂ ਦਾ ਜਿਨ੍ਹਾਂ ਕਰ ਕੇ ਭਾਸ਼ਾ ਕੁਝ ਹੱਦ ਤੱਕ ਬਦਲੀ ਹੈ; ਉਦਾਹਰਨ ਵਜੋਂ ਅੰਗਰੇਜ਼ੀ ਵਿੱਚ ਚੇਅਰਮੈਨ ਦੀ ਥਾਂ ਚੇਅਰਪਰਸਨ ਵਰਗੇ ਸ਼ਬਦ ਪ੍ਰਚਲਿਤ ਹੋਏ ਹਨ। ਜੇਕਰ ਅਸੀਂ ਸਮਾਜ ਵਿੱਚ ਤਬਦੀਲੀ ਲਿਆਉਣਾ ਚਾਹੁੰਦੇ ਹਾਂ ਤਾਂ ਸਾਨੂੰ ਭਾਸ਼ਾ ਤੋਂ ਸ਼ੁਰੂਆਤ ਕਰਨੀ ਪਵੇਗੀ। ਸਿੱਠਣੀਆਂ ਨਾਲ ਵੀ ਮਨੁੱਖ ਦਾ ਅੰਦਰਲਾ ਹਲੂਣਿਆ ਜਾ ਸਕਦਾ ਹੈ।

ਜਿਵੇਂ ਜਾਤੀਗਤ ਸ਼ਬਦ ਬੋਲਣ 'ਤੇ ਪਾਬੰਦੀ ਹੈ, ਉਸੇ ਤਰ੍ਹਾਂ ਔਰਤਾਂ ਵਿਰੋਧੀ ਗਾਲ਼ਾਂ 'ਤੇ ਵੀ ਸਮਾਜਿਕ ਸੈਂਸਰਸ਼ਿਪ ਹੋਣੀ ਚਾਹੀਦੀ ਹੈ ਅਤੇ ਕਾਨੂੰਨੀ ਸ਼ਿਕੰਜਾ ਵੀ। ਲੋੜ ਹੈ, ਅਸੀਂ ਆਪਣੀ ਭਾਸ਼ਾ ਸੁਧਾਰੀਏ ਅਤੇ ਭਵਿੱਖ ਸੁਧਾਰਨ ਲਈ ਆਪਣੀ ਭੂਮਿਕਾ ਨਿਭਾਈਏ।

# ਜਿਣਸੀ ਸ਼ੋਸ਼ਣ, ਪਖੰਡੀ ਡੇਰਿਆਂ, ਅੰਧ ਵਿਸ਼ਵਾਸ਼ਾਂ ਦਾ ਜ਼ਿੰਮੇਵਾਰ ਕੌਣ?

ਲੇਖਕ : ਐਡਵੋਕੇਟ ਗੁਰਮੀਤ ਸਿੰਘ ਸੁਗਲੀ

ਜਦੋਂ ਤੋਂ ਇਸ ਧਰਤੀ 'ਤੇ ਕਬੀਲਿਆਂ ਦੇ ਰੂਪ ਵਿੱਚ ਮਨੁੱਖ ਨੇ ਜਨਮ ਲਿਆ, ਉਦੋਂ ਜ਼ਿਆਦਾ ਉਨ੍ਹਾਂ ਵਿੱਚ ਜਿਣਸੀ ਭੁੱਖ ਹੁੰਦੀ ਸੀ, ਜਿਸ ਨੂੰ ਹੌਲੀ-ਹੌਲੀ ਕਬੀਲਿਆ ਦੇ ਮੁਖੀਆਂ ਨੇ ਆਪਣੀ ਸਮਰੱਥਾ ਮੁਤਾਬਕ ਨੇਮਬੱਧ ਕਰਨ ਲਈ ਸਮੇਂ-ਸਮੇਂ ਸੰਘਰਸ਼ ਕੀਤਾ ਹੋਵੇਗਾ, ਪਰ ਅੱਜ ਤਕ ਸੰਪੂਰਨ ਸਮਾਜ ਅਜਿਹੀਆਂ ਨਮੋਸ਼ੀਯੋਗ ਘਟਨਾਵਾਂ ਤੋਂ ਪਾਕਿ ਨਹੀਂ ਹੋ ਸਕਿਆ। ਅੱਜ ਵੀ ਦੁਨੀਆ ਭਰ ਦੇ ਸਮੁੱਚੇ ਦੇਸ਼ਾਂ ਵਿੱਚੋਂ ਕੋਈ ਦੇਸ਼ ਸੰਪੂਰਨ ਛੁਟਕਾਰਾ ਨਹੀਂ ਪਾ ਸਕਿਆ।

ਅੱਜ ਦੁਨੀਆ ਦੇ ਦੇਸ਼ ਇਸ ਸ਼ਰਮਨਾਕ ਘਟਨਾਵਾਂ ਨਾਲ ਆਪੋ-ਆਪਣੇ ਤਰੀਕੇ ਨਾਲ ਲੜ ਰਹੇ ਹਨ, ਪਰ ਇਸ 'ਤੇ ਪੂਰਨ ਕਾਬੂ ਨਹੀਂ ਪਾ ਸਕੇ। ਅਜਿਹੇ ਭੱਦੇ ਦੋਸ਼ ਘਰ ਦੀਆਂ ਗਰੀਬ ਨੌਕਰਾਣੀ ਤੋਂ ਲੈ ਕੇ ਦੇਸ਼ਾਂ ਦੇ ਮੁਖੀਆਂ ਤਕ ਲਗਦੇ ਰਹੇ ਹਨ। ਇਸ ਦੋਸ਼ ਨਾਲ ਹਰ ਦੇਸ਼ ਦਾ ਉਹ ਸਮਾਂ ਵੀ ਬਚ ਨਹੀਂ ਸਕਿਆ, ਜਦੋਂ ਵਿੱਦਿਆ ਦੀ ਘਾਟ ਕਰਕੇ ਸਾਧੂ, ਸੰਤਾਂ, ਕਰਾਮਾਤੀਆ, ਜਾਦੂ-ਟੂਣਿਆਂ ਦਾ ਯੁਗ ਸੀ। ਅੱਜ ਕੱਲ੍ਹ ਦੇ ਉਨ੍ਹਾਂ ਸਾਧੂਆਂ, ਸੰਤਾਂ, ਗੁਰੂਆਂ 'ਤੇ ਜੇ ਤੁਸੀਂ ਪੂਰੀ ਨੀਝ ਨਾਲ ਝਾਤੀ ਮਾਰ ਕੇ ਸਮਝਣਾ ਚਾਹੋਗੇ ਤਾਂ ਤੁਹਾਨੂੰ ਸਭ ਜੇਲ੍ਹਾਂ ਵਿੱਚ ਬਿਰਾਜਮਾਨ ਹੋਏ ਮਿਲਣਗੇ। ਗੁਰੂ ਦਾ ਅਹੁਦਾ ਮਾਤਾ-ਪਿਤਾ ਤੋਂ ਵੀ ਉੱਪਰ ਹੁੰਦਾ ਹੈ, ਉਹ ਵੀ ਗੁਰੂ ਦਾ ਰੋਲ ਨਿਭਾਉਂਦੇ-ਨਿਭਾਉਂਦੇ ਆਖਰ ਭੇੜੀਏ ਬਣੇ ਦੇਖੋਗੇ।

ਸਮਾਜ ਵਿੱਚ ਅਜਿਹੀਆਂ ਘਟਨਾਵਾਂ ਨੂੰ ਜਨਮ ਦੇਣ ਦਾ ਜੋ ਮੁੱਖ ਕਾਰਨ ਬਣਦਾ ਹੈ, ਉਹ ਹੈ ਸਮਾਜ ਵਿੱਚ ਵਿੱਦਿਆ ਦੀ ਘਾਟ। ਅਸੀਂ ਆਪਣੇ ਬੱਚਿਆਂ ਨੂੰ ਬਣਦੇ ਮੌਕਿਆਂ 'ਤੇ ਅਜਿਹੀ ਸਿੱਖਿਆ ਨਹੀਂ ਦਿੰਦੇ। ਪੰਜਾਬੀ ਵਾਰਤਕ ਦੇ ਪਿਤਾਮਾ ਸਰਦਾਰ ਗੁਰਬਖਸ਼ ਸਿੰਘ ਪ੍ਰੀਤਲੜੀ ਆਖਿਆ ਕਰਦੇ ਸਨ ਅਤੇ ਲਿਖਦੇ ਵੀ ਸਨ ਕਿ ਜਦੋਂ ਤੁਸੀਂ ਆਪਣੇ ਡੰਗਰ ਗਊ-ਮੱਝ ਆਦਿ ਨੂੰ ਤੁਸੀਂ ਸਾਨ੍ਹਾਂ ਅਤੇ ਝੋਟਿਆਂ ਪਾਸ ਲਿਜਾਂਦੇ ਹੋ ਤਾਂ ਉਸ ਸਮੇਂ ਨਾਲ ਗਏ ਬੱਚਿਆਂ ਨੂੰ ਸਮਝਾਇਆ ਜਾਵੇ ਕਿ ਅਜਿਹਾ ਕਰਨਾ ਸਾਡੇ ਲਈ ਕਿਉਂ ਜ਼ਰੂਰੀ ਹੈ? ਅਗਰ ਉਸ ਸਮੇਂ ਬੱਚਿਆਂ ਨੂੰ ਡੀਟੇਲ ਵਿੱਚ ਸਮਝਾਅ ਦਿਉਗੇ ਤਾਂ ਬੱਚਾ ਸਮਝ ਜਾਵੇਗਾ। ਜੇਰ ਬੱਚਿਆਂ ਨੂੰ ਅਜਿਹੇ ਵਕਤ ਦੱਸਿਆ ਜਾਵੇਗਾ ਕਿ ਇਸ ਤੋਂ ਬਾਅਦ ਇਹ ਜਾਨਵਰ ਬੱਚਾ ਦੇਵੇਗਾ, ਸਾਨੂੰ ਦੁੱਧ ਦੇਵੇਗਾ, ਜਿਸ ਨੂੰ ਪੀ ਕੇ ਅਸੀਂ ਤਕੜੇ ਹੋਵਾਂਗੇ। ਇਸ ਸੰਬੰਧ ਵਿੱਚ ਸਭ ਮਾਵਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਪਿਆਰੀ ਧੀ ਨੂੰ ਆਪਣਾ ਫ਼ਰਜ਼ ਸਮਝ ਕੇ ਸਮੇਂ-ਸਮੇਂ ਸਮਝਾਉਣ ਕਿ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ?



ਜਿਣਸੀ ਸ਼ੋਸ਼ਣ ਦਾ ਰੋਗ ਫੌਜ ਦੇ ਤਿੰਨਾਂ ਅੰਗਾਂ, ਜੁਡੀਸ਼ਰੀ, ਵਿੱਦਿਅਕ ਖੇਤਰ, ਸਭ ਸਰਕਾਰੀ ਅਦਾਰਿਆਂ ਵਿੱਚ ਵਧ-ਘੱਟ ਅਨੁਪਾਤ ਨਾਲ ਫੈਲਿਆ ਹੋਇਆ ਹੈ। ਅੱਜ ਦੇ ਦਿਨ ਵੀ ਕਹਿੰਦੇ-ਕਹਾਉਂਦੇ ਧਾਰਮਕ ਡੇਰੇ ਵੀ ਇਸ ਤੋਂ ਬਿਲਕੁਲ ਮੁਕਤ ਨਹੀਂ ਹਨ। ਉਨ੍ਹਾਂ ਡੇਰਿਆਂ ਦੀ ਮਾੜੀ ਗੱਲ ਬਾਹਰ ਇਸ ਕਰਕੇ ਨਹੀਂ ਆਉਂਦੀ, ਕਿਉਂਕਿ ਉਨ੍ਹਾਂ ਨੂੰ ਸਿਆਸੀ ਪਨਾਹ ਮਿਲੀ ਹੋਈ ਹੁੰਦੀ ਹੈ। ਬਹੁਤੇ ਧਾਰਮਿਕ ਡੇਰਿਆਂ ਦੀਆਂ ਸਮੇਂ-ਸਮੇਂ ਸਿਰ ਅਜਿਹੀਆਂ ਤਸਵੀਰਾਂ ਆਮ ਛਪਦੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿੱਚ ਸਮੇਂ-ਸਮੇਂ ਰਾਜ ਕਰ ਚੁੱਕੇ ਸਿਆਸੀ ਆਗੂਆਂ ਨੂੰ ਉਨ੍ਹਾਂ ਦੇ ਡੇਰਿਆਂ ਵਿੱਚ ਪਾਖੰਡੀ ਗੁਰੂਆਂ ਦੇ ਚਰਨਾਂ ਵਿੱਚ ਬੈਠਿਆਂ ਜਾਂ ਝੁਕ ਕੇ ਅਸ਼ੀਰਵਾਦ ਲੈਂਦਿਆਂ ਆਮ ਦੇਖਿਆ ਜਾ ਸਕਦਾ ਹੈ। ਜਦੋਂ ਕਿਸੇ ਵੀ ਅਖੌਤੀ ਡੇਰੇ ਨੂੰ ਸਿਆਸੀ ਪਨਾਹ ਮਿਲ ਜਾਂਦੀ ਹੈ, ਫਿਰ ਅਜਿਹੇ ਡੇਰਿਆਂ ਵਿੱਚ ਧਰਮ ਦੇ ਉਹਲੇ ਕੁਕਰਮ ਸ਼ੁਰੂ ਹੋ ਜਾਂਦਾ ਹੈ। ਆਮ ਦੇਖਿਆ ਗਿਆ ਹੈ ਕਿ ਅਜਿਹੇ ਡੇਰਿਆਂ ਦੇ ਮੁਖੀ ਜਦੋਂ ਸੀਖਾਂ ਪਿੱਛੇ ਵੀ ਹੁੰਦੇ ਹਨ, ਤਦ ਵੀ ਉਨ੍ਹਾਂ ਦੇ ਚੇਲੇ ਮੰਨਣ ਤੋਂ ਇਨਕਾਰੀ ਹੋਣ ਦੀ ਬਜਾਏ ਉਨ੍ਹਾਂ ਨੂੰ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਨਾਲ ਜੋੜਦੇ ਹਨ ਕਿ ਉਹ ਵੀ ਜੇਲ੍ਹ ਵਿੱਚ ਰਹੇ ਸਨ। ਇਸ ਸਭ ਵਿੱਦਿਆ ਅਤੇ ਤਰਕਸ਼ੀਲਤਾ ਦੀ ਘਾਟ ਕਰਕੇ ਹੈ। ਬੱਚਿਆਂ ਨੂੰ ਬਣਦੀ ਉਮਰ ਸਮੇਂ ਸਹੀ ਜਾਣਕਾਰੀ ਹਾਸਲ ਕਰਾਉਣੀ ਚਾਹੀਦੀ ਹੈ। ਜਿਣਸੀ ਸ਼ੋਸ਼ਣ ਦੀ ਦੌੜ ਵਿੱਚ ਸਭ ਸ਼ਾਮਲ ਹਨ। ਇਸ ਦੌੜ ਵਿੱਚ ਇੱਕ ਬਾਪ (ਮਤਰੇਆ ਪਿਓ) ਤੋਂ ਲੈ ਕੇ ਗੁਰੂ ਤਕ ਸ਼ਾਮਲ ਹਨ।, ਜਿਸ ਨੂੰ ਪੜ੍ਹ ਕੇ ਆਮ ਮਨੁੱਖ ਪੂਰੇ ਦਾ ਪੂਰਾ ਹਿੱਲ ਜਾਂਦਾ ਹੈ। ਅਜਿਹੀਆਂ ਖ਼ਬਰਾਂ ਪੜ੍ਹ ਕੇ ਮਨੁੱਖ ਸੋਚਦਾ ਹੈ ਕਿ ਮਨੁੱਖ ਯਕੀਨ ਕਰੇ ਤਾਂ ਕਿਸ 'ਤੇ ਕਰੇ? ਅਜਿਹੀਆਂ ਹਰਕਤਾਂ ਬਾਰੇ ਜਾਣਨ ਲਈ ਜਦੋਂ ਲੇਖਕ ਨੇ ਪਸ਼ੂਆਂ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਹੈਰਾਨੀ ਦਾ ਕੋਈ ਟਿਕਾਣਾ ਨਾ ਰਿਹਾ। ਜਦੋਂ ਲੇਖਕ ਊਠਾਂ-ਊਠਣੀਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਪੜ੍ਹ ਰਿਹਾ ਸੀ ਤਾਂ ਪਤਾ ਲੱਗਾ ਕਿ ਇੱਕ ਵਾਰ ਜਦੋਂ ਊਠਣੀ ਸਾਹੇ ਤੋਂ ਬਾਅਦ ਊਠ ਪਾਸ ਲਿਆਂਦੀ ਗਈ। ਊਠ ਨੂੰ ਊਠਣੀ ਨਾਲ ਸੰਬੰਧ ਬਣਾਉਣ ਤੋਂ ਪਹਿਲਾਂ ਊਠ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ ਗਈ। ਜਦੋਂ ਬਾਅਦ ਵਿੱਚ ਊਠ ਦੀਆਂ ਅੱਖਾਂ 'ਤੇ ਪੱਟੀ ਖੋਲ੍ਹੀ ਗਈ ਤਾਂ ਊਠ ਨੇ ਦੇਖਿਆ ਕਿ ਸੰਬੰਧਤ ਊਠਣੀ ਰਿਸ਼ਤੇ ਤੋਂ ਉਸ ਦੀ ਮਾਂ ਲਗਦੀ ਸੀ। ਫਿਰ ਕੀ ਸੀ, ਉਹ ਬਹੁਤ ਦਹਾੜਿਆ, ਖਾਣਾ-ਪੀਣਾ ਪ੍ਰਾਣ ਤਿਆਗਣ ਤਕ ਉਸ ਨੇ ਤਿਆਗਿਆ, ਇਹ ਹੈ ਕਿ ਇੱਕ ਜਾਨਵਰ ਦਾ ਵਧੀਆ ਰਵੱਈਆ ਆਪਣੇ ਪਰਿਵਾਰ ਬਾਰੇ, ਪਰ ਮਨੁੱਖ ਅੱਜ ਵੀਹਵੀਂ ਸਦੀ ਵਿੱਚ ਸਭ ਹੱਦਾਂ ਟੱਪ ਜਾਂਦਾ ਹੈ ਜਾਂ ਟੱਪਣ ਨੂੰ ਤਿਆਰ ਰਹਿੰਦਾ ਹੈ।

ਜਦੋਂ ਅਸੀਂ ਜਿਣਸੀ ਸ਼ੋਸ਼ਣ ਬਾਰੇ ਲਿਖ ਰਹੇ ਹਾਂ ਤਾਂ ਇੱਕ ਬਹੁਤ ਵੱਡੀ ਖ਼ਬਰ ਆ ਰਹੀ ਹੈ ਕਿ ਭਾਰਤ ਦੇ ਇੰਦੌਰ ਸ਼ਹਿਰ ਵਿੱਚ ਦੋ ਫੌਜੀ ਅਤੇ ਉਨ੍ਹਾਂ ਦੀਆਂ ਦੋ ਮਹਿਲਾ ਮਿੱਤਰ ਆਪਣੇ ਤੌਰ 'ਤੇ ਪਿਕਨਿਕ ਮਨਾ ਰਹੇ ਸਨ। ਉਨ੍ਹਾਂ ਨੂੰ ਛੇ ਬਦਮਾਸ਼ਾਂ ਰੋਕ ਕੇ ਲੁੱਟ ਲਿਆ ਅਤੇ ਇੱਕ ਮਹਿਲਾ ਨਾਲ ਸਮੂਹਿਕ ਬਲਾਤਕਾਰ ਕੀਤਾ। ਦੋ ਬਲਾਤਕਾਰੀ ਫੜੇ ਗਏ। ਜੇ ਇਹ ਹਾਲ ਇੰਦੌਰ ਦਾ ਹੈ, ਫਿਰ ਅਸੀਂ ਸੁਰੱਖਿਅਤ ਕਿੱਥੇ ਹਾਂ? ਜਿੰਨਾ ਅਸੀਂ ਵੱਖ-ਵੱਖ ਖੇਤਰਾਂ ਵਿੱਚ ਤਰੱਕੀ ਕਰਨ ਲਈ ਯਤਨਸ਼ੀਲ ਹਾਂ, ਓਨਾ ਅਸੀਂ ਕਈ ਮਾਮਲਿਆਂ ਵਿੱਚ ਨਿਵਾਣਾ ਛੂਹ ਰਹੇ ਹਾਂ। ਖ਼ਬਰਾਂ ਮੁਤਾਬਕ ਛੱਤੀਸਗੜ੍ਹ ਸੂਬੇ ਦੇ ਸਕੂਲਾਂ ਵਿੱਚ ਵਿਦਿਆਰਥੀ ਅਤੇ ਵਿਦਿਆਰਥਣਾਂ ਬੀਅਰ ਅਤੇ ਸ਼ਰਾਬ ਪੀਣ ਤਕ ਪਹੁੰਚ ਗਏ ਹਨ। ਅਜਿਹੇ ਹਾਲਤਾਂ ਵਿੱਚ ਤੁਸੀਂ ਆਉਣ ਵਾਲੀ ਪੀੜ੍ਹੀ ਤੋਂ ਕੀ ਆਸ ਰੱਖ ਸਕਦੇ ਹੋ।

ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਅਜਿਹੀਆਂ ਘਿਨਾਉਣੀਆਂ ਆਦਤਾਂ ਫੈਲੀਆਂ ਹੋਈਆਂ ਹਨ, ਉਨ੍ਹਾਂ ਨੂੰ ਨੱਥ ਪਾਉਣ ਲਈ ਸਭ ਵੱਲੋਂ ਸਾਂਝੇ ਯਤਨ ਸ਼ੁਰੂ ਕਰਨੇ ਪੈਣਗੇ। ਅੰਧ-ਵਿਸ਼ਵਾਸਾਂ ਖ਼ਿਲਾਫ਼ ਸਾਂਝੇ ਤੌਰ 'ਤੇ ਯਤਨ ਕਰਨੇ ਹੋਣਗੇ। ਉਂਝ ਵੀ ਭਾਰਤੀ ਸੰਵਿਧਾਨ ਦੇ ਅਨੁਛੇਦ '51-ਏ' ਮੁਤਾਬਕ ਸਭ ਦੇਸ਼ ਵਾਸੀਆਂ ਨੂੰ ਅੰਧ-ਵਿਸ਼ਵਾਸ ਅਤੇ ਪਾਖੰਡ ਦੇ ਖ਼ਿਲਾਫ਼ ਲਿਖਣ ਅਤੇ ਬੋਲਣੇ ਦਾ ਸੰਪੂਰਨ ਹੱਕ ਹੈ। ਸਾਨੂੰ ਸਭ ਨੂੰ ਸਮਾਜ ਨੂੰ ਜਾਗ੍ਰਿਤ ਕਰਨ ਲਈ ਇਸ ਅਧਿਕਾਰ ਦਾ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ ਤਾਂ ਕਿ ਸਾਡਾ ਵੀ ਆਪਣੇ ਵਿੱਤ ਮੁਤਾਬਕ ਹਿੱਸਾ ਪੈਂਦਾ ਰਹੇ। ਲੰਮੀ ਲੜਾਈ ਬਹੁਤ ਲੜਨ ਦੀ ਲੋੜ ਹੈ। ਅਗਰ ਬਹੁਤਿਆਂ ਵੱਲੋਂ ਰਲ ਕੇ ਹੰਭਲਾ ਮਾਰਿਆ ਜਾਵੇ ਤਾਂ ਇਸ ਨਾ-ਮੁਰਾਦ ਬਿਮਾਰੀ ਨੂੰ ਘਟਾਉਣ ਵਿੱਚ ਅਸੀਂ ਆਪਣਾ ਹਿੱਸਾ ਪਾ ਕੇ ਮਾਣ ਮਹਿਸੂਸ ਕਰਾਂਗੇ।

ਲੇਖਕ : ਡਾ. ਕੁਲਦੀਪ ਸਿੰਘ
ਸੰਪਰਕ: 98151-15429

# ਬੌਧਿਕ ਖੇਤਰ ਲਈ ਸੋਸ਼ਲ ਮੀਡੀਆ ਦੀ ਚੁਣੌਤੀ



ਪ੍ਰਸਿੱਧ ਪੱਤਰਕਾਰ ਪੀ ਸਾਈਨਾਥ ਜਦੋਂ ਉਹ ਪੰਜਾਬ ਦੇ ਪਿੰਡਾਂ ਵਿਚ ਖੁਦਕਸ਼ੀ ਕਰ ਗਏ ਕਿਸਾਨਾਂ ਅਤੇ ਮਜ਼ਦੂਰਾਂ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤਾਂ ਕਰਨ ਲਈ ਆਏ ਤਾਂ ਫੋਟੋ ਖਿੱਚਣ ਤੋਂ ਪਹਿਲਾਂ ਪਰਿਵਾਰ ਦੇ ਜੀਅ ਨੂੰ ਪੁੱਛਦੇ, "ਜੇ ਤੁਸੀਂ ਮੈਨੂੰ ਆਗਿਆ ਦਿਓ ਤਾਂ ਮੈਂ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਫੋਟੋ ਖਿੱਚ ਸਕਦਾ ਹਾਂ।" ਮਸਲਾ ਨੈਤਿਕਤਾ ਦਾ ਹੈ, ਉਨ੍ਹਾਂ ਆਪਣੀ ਸੰਸਥਾ 'ਪੀਪਲਜ਼ ਆਰਕਾਈਵਜ਼ ਫਾਰ ਰੂਰਲ ਇੰਡੀਆ' ਵਿਚ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ 700 ਫੋਟੋਗ੍ਰਾਫਰ ਪੱਤਰਕਾਰਾਂ ਲਈ ਇਹ ਪਿਰਤ ਪਾਈ ਹੋਈ ਹੈ: ਜਦੋਂ ਵੀ ਕਿਸੇ ਇਨਸਾਨ ਦੀ ਫੋਟੋ ਖਿੱਚਣੀ ਹੋਵੇ ਤਾਂ ਉਸ ਤੋਂ ਪਹਿਲਾਂ ਆਗਿਆ ਲੈਣੀ ਹੈ। ਜਦੋਂ ਵੀ ਕੋਈ ਇੰਟਰਵਿਊ ਰਿਕਾਰਡ ਕਰਨੀ ਹੋਵੇ ਤਾਂ ਉਸ ਦੀ ਆਗਿਆ ਵੀ ਲਈ ਜਾਵੇ। ਇਕ ਪਾਸੇ ਇਹ ਪੱਧਰ ਅਤੇ ਦੂਸਰੇ ਪਾਸੇ ਰੋਜ਼ਾਨਾ ਵੱਖ ਵੱਖ ਸੋਸ਼ਲ ਮੀਡੀਆ ਵਿਚ ਪਤਾ ਨਹੀਂ ਕਦੋਂ ਕੋਈ ਕਿਸੇ ਦੀ ਫੋਟੋ ਬਿਨਾ ਪੁੱਛਿਆਂ ਖਿੱਚ ਕੇ ਪਾ ਦੇਵੇ ਅਤੇ ਮੀਡੀਆ ਵਿਚ ਉਛਾਲ ਦੇਵੇ! ਇਸ ਦਾ ਜਿੰਨਾ ਭਿਆਨਕ ਨੁਕਸਾਨ ਸਮਾਜ ਵਿਚ ਹੋ ਰਿਹਾ ਹੈ, ਉਸ ਤੋਂ ਹਰ ਸੰਜੀਦਾ ਸ਼ਖ਼ਸ ਪ੍ਰੇਸ਼ਾਨ ਅਤੇ ਚਿੰਤਤ ਹੈ। ਹਾਲ ਹੀ ਵਿਚ ਪ੍ਰਾਈਵੇਟ ਅਦਾਰੇ, ਚੰਡੀਗੜ੍ਹ ਯੂਨੀਵਰਸਿਟੀ ਵਿਚ ਵਾਪਰੀ ਘਟਨਾ ਨੇ ਹਰ ਸੰਜੀਦਾ ਸ਼ਖ਼ਸ ਨੂੰ ਸੋਚਣ ਲਈ ਮਜਬੂਰ ਕੀਤਾ ਹੈ ਕਿ ਅਸੀਂ ਕਿਹੋ ਜਿਹੇ ਸਮਿਆਂ ਵਿਚ ਦਾਖ਼ਲ ਹੋ ਚੁੱਕੇ ਹਾਂ।

ਯੂਨੀਵਰਸਿਟੀਆਂ ਵਿਚ ਕਿਸ ਕਿਸਮ ਦੇ ਵਿਚਾਰ ਪਨਪਣੇ ਚਾਹੀਦੇ ਹਨ, ਇਸ ਬਾਰੇ ਪ੍ਰਸਿੱਧ ਵਿਗਿਆਨੀ ਪ੍ਰੋ. ਯਸ਼ਪਾਲ ਨੇ ਲਿਖਿਆ, "ਯੂਨੀਵਰਸਿਟੀਆਂ ਵਿਚ ਵਿਚਾਰਾਂ ਦੇ ਵਿਕਾਸ ਤੋਂ ਮੇਰਾ ਭਾਵ ਹੈ, ਇਹ ਅਜਿਹਾ ਸਥਾਨ ਹੁੰਦਾ ਹੈ ਜਿਥੇ ਨਵੇਂ ਵਿਚਾਰਾਂ ਦੇ ਵਿਕਸਿਤ ਹੋਣ ਲਈ ਤਾਕਤਵਰ ਜੜ੍ਹਾਂ ਲੱਗਦੀਆਂ ਹਨ ਅਤੇ ਸਮੁੱਚੀ ਦੁਨੀਆ ਦਾ ਗਿਆਨ ਅਗਾਂਹ ਵਿਕਸਿਤ ਹੁੰਦਾ ਹੈ। ਖ਼ੂਬਸੂਰਤ ਮਨ ਨਵੇਂ ਵਿਚਾਰਾਂ ਨੂੰ ਲੈ ਕੇ ਨਵੀਂ ਦੁਨੀਆ ਉਸਾਰਨ ਦੇ ਸੁਪਨੇ ਹੀ ਨਹੀਂ ਲੈਂਦੇ ਬਲਕਿ ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਤੋਂ ਸੰਸਾਰ ਸਿਰਜਣ ਲਈ ਕਾਰਜ ਕਰਦੇ ਹਨ।" ਉਚੇਰੀ ਸਿੱਖਿਆ ਦੇ ਖੇਤਰ ਵਿਚ ਜਿਸ ਪੱਧਰ 'ਤੇ ਲੜਕੀਆਂ ਨੇ ਪ੍ਰਵੇਸ਼ ਕੀਤਾ ਹੈ, ਉਸ ਨੇ ਸਭ ਦੇ ਹੌਸਲੇ ਬੁਲੰਦ ਕੀਤੇ ਹਨ। ਯੂਨੈਸਕੋ ਨੇ 2010 ਵਿਚ ਇਕ ਅਧਿਐਨ ਦੌਰਾਨ ਸਾਹਮਣੇ ਲਿਆਂਦਾ ਸੀ ਕਿ 'ਭਾਰਤ ਵਿਚ ਸਭ ਤੋਂ ਵੱਧ ਉਚੇਰੀ ਸਿੱਖਿਆ ਵਿਚ ਪੜ੍ਹਨ ਵਾਲੀਆਂ ਲੜਕੀਆਂ ਦੀ ਗਿਣਤੀ 54 ਫ਼ੀਸਦ ਚੰਡੀਗੜ੍ਹ ਵਿਚ ਹੈ ਅਤੇ ਸਭ ਤੋਂ ਘੱਟ ਝਾਰਖੰਡ ਵਿਚ 7 ਫ਼ੀਸਦ ਹੈ।' 1970 ਵਿਚ ਜਿਥੇ 11 ਲੱਖ ਲੜਕੀਆਂ ਅਤੇ 18 ਲੱਖ ਲੜਕੇ ਪੜ੍ਹਦੇ ਸਨ, ਉਥੇ 2007 ਵਿਚ 75 ਲੱਖ ਲੜਕੀਆਂ ਅਤੇ 78 ਲੱਖ ਲੜਕੇ ਪੜ੍ਹਦੇ ਸਨ। ਇਹ ਵਰਤਾਰਾ ਇਸ ਤਰ੍ਹਾਂ ਵਾਪਰਿਆ ਕਿ ਅੱਜ ਮੁਲਕ ਦੀਆਂ ਵਿਦਿਅਕ ਸੰਸਥਾਵਾਂ ਵਿਚ ਲੜਕੀਆਂ ਦੀ ਫ਼ੀਸਦ 50 ਤੋਂ ਵੀ ਵਧ ਗਈ ਹੈ; ਕਹਿਣ ਦਾ ਭਾਵ, ਜਿਸ ਪੱਧਰ 'ਤੇ ਉਚੇਰੀ ਸਿੱਖਿਆ ਵਿਚ ਲੜਕੀਆਂ ਨੇ ਪ੍ਰਵੇਸ਼ ਕੀਤਾ ਹੈ, ਇਹ ਦਰਸਾਉਂਦਾ ਹੈ ਕਿ ਅੱਜ ਦੀ ਦੁਨੀਆ ਵਿਚ ਲੜਕੀਆਂ ਹਰ ਖੇਤਰ ਵਿਚ ਆਪਣੀ ਸ਼ਖ਼ਸੀਅਤ ਨਿਖਾਰ ਰਹੀਆਂ ਹਨ, ਨਾਲ ਹੀ ਉਨ੍ਹਾਂ ਅੰਦਰ ਆਪਣੀ ਹੋਂਦ ਦਾ ਅਹਿਸਾਸ ਵੀ ਵਧ ਰਿਹਾ ਹੈ।

ਪਿਛਲੇ ਡੇਢ ਦਹਾਕੇ ਤੋਂ ਜਿਸ ਤਰ੍ਹਾਂ ਸੋਸ਼ਲ ਮੀਡੀਆ ਦੇ ਨਵੇਂ ਪਲੇਟਫਾਰਮ ਆਏ ਹਨ, ਉਨ੍ਹਾਂ ਨੇ ਵੱਡੇ ਪੱਧਰ 'ਤੇ ਕਈ ਕਿਸਮ ਦੀ ਤਬਦੀਲੀ ਨੂੰ ਜਨਮ ਦਿੱਤਾ ਹੈ। 2004 ਵਿਚ ਜਦੋਂ ਫੇਸਬੁੱਕ ਸ਼ੁਰੂ ਹੋਈ ਤਾਂ ਉਨ੍ਹਾਂ ਆਪਣਾ ਮਕਸਦ ਮਿਥਿਆ ਸੀ, "ਲੋਕਾਂ ਨੂੰ ਤਾਕਤ ਇਸ ਪਲੇਟਫਾਰਮ ਰਾਹੀਂ ਦਿੱਤੀ ਜਾ ਰਹੀ ਹੈ ਕਿ ਉਹ ਹੋਰ ਖੁੱਲ੍ਹ ਕੇ ਵਿਚਰਨ, ਜੁੜਨ ਅਤੇ ਆਪਸੀ ਲੈਣ-ਦੇਣ ਕਰਨ।" 2005 ਵਿਚ ਯੂਟਿਊਬ ਨੇ ਸ਼ੁਰੂਆਤ ਵੇਲੇ ਆਪਣਾ ਮਾਟੋ ਰੱਖਿਆ: "ਬੁਰੇ ਨਾ ਬਣੋ, ਖੁਸ ਨੂੰ ਪ੍ਰਸਤੁਤ ਕਰੋ।" ਟਵਿਟਰ ਨੇ 2006 ਵਿਚ ਸ਼ੁਰੂਆਤ ਵੇਲੇ ਕਿਹਾ: "ਵਿਚਾਰ ਸਿਰਜੋ ਅਤੇ ਉਨ੍ਹਾਂ ਦਾ ਲੈਣ-ਦੇਣ ਕਰੋ ਤਾਂ ਕਿ ਇਹ ਜਾਣਕਾਰੀ ਤੁਰੰਤ ਸਭ ਹੱਦਾਂ ਬੰਨੇ ਤੋੜ ਕੇ ਪਹੁੰਚ ਸਕੇ।" ਇਨ੍ਹਾਂ ਵੱਡੇ ਸੋਸ਼ਲ ਮੀਡੀਆ ਮੰਚਾਂ ਬਾਰੇ 2006 ਵਿਚ ਕਾਰਪੋਰੇਟ ਘਰਾਣਿਆਂ ਦੇ ਪ੍ਰਸਿੱਧ ਮੈਗਜ਼ੀਨ 'ਟਾਈਮ' ਨੇ ਅਮਰੀਕਾ ਦੀ ਸਿਲੀਕਾਨ ਵੈਲੀ ਜਿਥੋਂ ਤਕਨਾਲੋਜੀ ਦਾ ਇਹ ਵੱਡਾ ਦੌਰ ਸ਼ੁਰੂ ਹੋਇਆ, ਬਾਰੇ ਕਿਹਾ, "2006 ਦਾ ਸਭ ਤੋਂ ਵੱਡਾ ਖ਼ਿਤਾਬ 'ਤੁਹਾਨੂੰ' ਦਿੰਦੇ ਹਾਂ ਕਿਉਂਕਿ ਤੁਸੀਂ ਅਜੋਕੀ ਜਾਣਕਾਰੀ ਭਰਪੂਰ ਸਦੀ ਨੂੰ ਕੰਟਰੋਲ ਕਰ ਰਹੇ ਹੋ ਅਤੇ ਤੁਹਾਡੇ ਉਸਾਰੇ ਸੰਸਾਰ ਨੂੰ ਜੀ ਆਇਆਂ ਆਖਦੇ ਹਾਂ।"

ਹਕੀਕਤ ਵਿਚ ਵੀ ਇਹੀ ਵਾਪਰਿਆ ਕਿ ਅਜੋਕੀ ਦੁਨੀਆ ਵਿਚ ਸੋਸ਼ਲ ਮੀਡੀਆ ਪਲੇਟਫਾਰਮਾਂ ਉਪਰ ਪੰਜ ਵੱਡੇ ਨਾਂ ਛਾਏ ਹੋਏ ਹਨ ਜਿਨ੍ਹਾਂ ਵਿਚ ਗੂਗਲ, ਐਪਲ, ਫੇਸਬੁੱਕ, ਐਮਾਜ਼ੋਨ ਅਤੇ ਮਾਈਕਰੋਸਾਫਟ ਜਿਨ੍ਹਾਂ ਦੇ ਸੰਸਾਰ ਪੱਧਰ 'ਤੇ ਫੈਲੇ ਤਕਨਾਲੋਜੀ ਦੇ ਖੇਤਰ ਵਾਲੇ ਹਰ ਹਿੱਸੇ ਰਾਹੀਂ ਪੰਜ ਟ੍ਰਿਲੀਅਨ ਡਾਲਰ ਤੋਂ ਵੱਧ ਦੀ ਪੂੰਜੀ ਇਕੱਤਰ ਹੋ ਚੁੱਕੀ ਹੈ ਅਤੇ ਅਗਾਂਹ ਵਧ ਰਹੀ ਹੈ। ਇਸ ਕਾਰਨ ਸਿਆਸੀ ਅਤੇ ਆਰਥਿਕ ਦੁਨੀਆ ਦੀਆਂ ਗਤੀਵਿਧੀਆਂ ਵਿਚ ਵੀ ਵੱਡੀ ਤਬਦੀਲੀ ਵਾਪਰ ਰਹੀ ਹੈ; ਇਥੋਂ ਤੱਕ ਸੱਭਿਆਚਾਰਕ ਕਦਰਾਂ ਕੀਮਤਾਂ ਤੋਂ ਲੈ ਕੇ ਰੋਜ਼ਾਨਾ ਜੀਵਨ ਦੇ ਜਿਊਣ ਢੰਗਾਂ ਵਿਚ ਵੀ ਇਹ ਸਭ ਕੁਝ ਪ੍ਰਵੇਸ਼ ਕਰ ਚੁੱਕਾ ਹੈ। ਕਰੋੜਾਂ ਲੋਕ ਜੋ ਸੋਸ਼ਲ ਮੀਡੀਆ ਨਾਲ ਜੁੜੇ ਹਨ, ਵੱਖੋ-ਵੱਖਰੇ ਮੁਲਕਾਂ ਵਿਚ ਆਪੋ-ਆਪਣੀਆਂ ਸੋਚਣ ਢੰਗ ਗਤੀਵਿਧੀਆਂ, ਨਸਲੀ ਇੱਛਾਵਾਂ, ਸੈਕਸ ਦੇ ਪੱਧਰ ਦੇ ਰੁਝਾਨ, ਵੱਖ ਵੱਖ ਲਾਲਸਾਵਾਂ ਅਤੇ ਜੀਵਨ ਜਾਚ ਦੇ ਵੱਖਰੋ-ਵੱਖਰੇ ਢੰਗ ਹਾਸਲ ਕਰਨ ਲਈ ਪ੍ਰਤੀ ਵਿਅਕਤੀ 144 ਮਿੰਟ ਵੱਖ ਵੱਖ ਸੋਸ਼ਲ ਮੀਡੀਏ ਦੇ ਪਲੇਟਫਾਰਮ 'ਤੇ ਜਾ ਕੇ ਲਗਾਉਂਦਾ ਹੈ। ਇਸ ਵਿਚ ਸਕਰੋਲਿੰਗ, ਵਿਚਾਰ ਪ੍ਰਗਟ, ਲਿਖਣਾ, ਪੋਸਟਾਂ ਪਾਉਣੀਆਂ, ਪੜ੍ਹਨਾ, ਪਸੰਦ ਕਰਨਾ, ਲੈਣ-ਦੇਣ ਕਰਨਾ ਆਦਿ ਸ਼ਾਮਿਲ ਹਨ।

ਤੱਥ ਇਹ ਹਨ ਕਿ 2005 ਵਿਚ 5 ਫ਼ੀਸਦ ਅਮਰੀਕੀ ਨੌਜਵਾਨ ਸੋਸ਼ਲ ਪਲੇਟਫਾਰਮਾਂ 'ਤੇ ਜਾਂਦੇ ਸਨ, ਇਨ੍ਹਾਂ ਦੀ ਗਿਣਤੀ 2011 ਵਿਚ 50 ਫ਼ੀਸਦ ਹੋ ਗਈ ਅਤੇ ਅੱਜ 2022 ਵਿਚ ਇਹ 80 ਫ਼ੀਸਦ ਤੋਂ ਵੱਧ ਤੱਕ ਪਹੁੰਚ ਗਈ ਹੈ। 2020 ਵਿਚ 4.5 ਅਰਬ ਲੋਕ ਸੰਸਾਰ ਪੱਧਰ 'ਤੇ ਇੰਟਰਨੈਟ ਦੀ ਵਰਤੋਂ ਕਰਨ ਲੱਗੇ ਜਿਨ੍ਹਾਂ ਵਿਚੋਂ 3.8 ਅਰਬ ਕਿਸੇ ਨਾ ਕਿਸੇ ਸਮਾਜਿਕ ਪਲੇਟਫਾਰਮ ਦੀ ਵਰਤੋਂ ਕਰਦੇ ਹਨ। ਇਸ ਤੋਂ ਵੀ ਅਗਾਂਹ, ਇਕ ਸੈਕਿੰਡ ਵਿਚ ਟਵਿਟਰ ਪਲੇਟਫਾਰਮ 'ਤੇ 8952 ਨਵੀਆਂ ਟਵੀਟ ਹੁੰਦੀਆਂ ਹਨ ਅਤੇ ਯੂਟਿਊਬ ਉਪਰ ਇਕ ਸੈਕਿੰਡ ਵਿਚ 83831 ਵੀਡੀਓ ਲੋਡ ਕੀਤੀਆਂ ਜਾਂਦੀਆਂ ਹਨ। ਇਕ ਮਿੰਟ ਵਿਚ 317,000 ਜਣੇ ਆਪਣਾ ਸਟੇਟਸ ਅਪਡੇਟ ਕਰਦੇ ਹਨ। ਇਸੇ ਤਰ੍ਹਾਂ 147,000 ਨਵੀਆਂ ਫੋਟੋਆਂ ਪਾਉਂਦੇ ਹਨ ਅਤੇ 54000 ਇਕ ਦੂਸਰੇ ਨਾਲ ਆਪਣੀ ਪਸੰਦ ਸਾਂਝੀ ਕਰਦੇ ਹਨ। ਇਸ ਕਰਕੇ ਹੀ ਅਜੋਕੇ ਦੌਰ ਨੂੰ ਕਈ 'ਸਾਈਬਰ ਯੂਟੋਪੀਅਨ' ਦਾ ਸਮਾਂ ਆਖਦੇ ਹਨ।

ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਦੀ ਦਿਸ਼ਾ ਅਤੇ ਦਸ਼ਾ ਵੀ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕੀ ਹੈ। ਕਰੋਨਾ ਦੇ ਦੌਰ ਵਿਚ ਆਈ ਨਵੀਂ ਸਿੱਖਿਆ ਨੀਤੀ-2020 ਨੇ ਸਿੱਖਿਆ ਦੇ ਖੇਤਰ ਵਿਚ ਪੜ੍ਹਨ ਪੜ੍ਹਾਉਣ ਦੀ ਕਿਰਿਆ ਨੂੰ ਤਕਨਾਲੋਜੀ ਦੇ ਢੰਗ-ਤਰੀਕਿਆਂ ਨਾਲ ਤਬਦੀਲ ਕਰ ਦਿੱਤਾ। ਜਿਸ ਤਰ੍ਹਾਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਕਲਾਸ ਰੂਮ ਤਬਾਹ ਹੋਏ ਹਨ, ਅਧਿਆਪਨ ਵਾਲਾ ਸਭਿਆਚਾਰ ਸੰਕਟ ਵਿਚ ਘਿਰ ਗਿਆ ਹੈ। ਇਸ ਦੇ ਨਾਲ ਹੀ ਜੋ ਸਭਿਆਚਾਰ ਦੇ ਕਾਇਦੇ ਕਾਨੂੰਨ ਅਤੇ ਮਨੁੱਖੀ ਕਦਰਾਂ ਕੀਮਤਾਂ ਨਾਲ ਜੁੜੇ ਹੋਏ ਸਨ, ਉਹ ਸੰਕਟਗ੍ਰਸਤ ਹੋ ਗਏ ਹਨ।

ਅਧਿਆਪਕ ਅਤੇ ਵਿਦਿਆਰਥੀ ਦਾ ਮਿਲ ਬੈਠ ਕੇ ਪੜ੍ਹਨ ਪੜ੍ਹਾਉਣ ਦਾ ਸਿਲਸਿਲਾ ਬੁਰੀ ਤਰ੍ਹਾਂ ਤਬਾਹ ਹੋ ਚੁੱਕਾ ਹੈ। ਸਿੱਖਿਅਕ ਕਿਸਮ ਦਾ ਸਭਿਆਚਾਰ ਉਸਾਰਨ ਦੀ ਸਪੇਸ ਵੀ ਘਟ ਗਈ ਹੈ। ਪਿਛਲੇ ਦੌਰ ਵਿਚ ਵੱਖ ਵੱਖ ਖੋਜਾਂ ਨੇ ਸਿੱਧ ਕੀਤਾ ਹੈ ਕਿ ਨੌਜਵਾਨ ਪੀੜ੍ਹੀ ਵਿਚ ਜੋ ਵੀਡੀਓਜ਼ ਦੇਖੀਆਂ ਜਾ ਰਹੀਆਂ ਹਨ, ਉਹ ਕਿਸੇ ਨਾ ਕਿਸੇ ਰੂਪ ਵਿਚ ਅਪਰਾਧ ਵਧਾਉਣ ਅਤੇ ਕੀਤੇ ਅਪਰਾਧ ਦਿਖਾਉਣ ਵਾਲੀਆਂ ਹਨ। ਇਸੇ ਤਰ੍ਹਾਂ ਸੈਕਸ ਨੂੰ ਉਤੇਜਤ ਕਰਨ ਵਾਲੀਆਂ ਵੀਡੀਓ ਨੌਜਵਾਨਾਂ 'ਤੇ ਅਸਰ ਪਾ ਰਹੀਆਂ ਹਨ। ਇਸ ਕਰਕੇ ਜਦੋਂ ਵੀ ਕੋਈ ਘਟਨਾ ਸੋਸ਼ਲ ਮੀਡੀਆ ਵਿਚ ਕਿਸੇ ਦੀ ਨਿੱਜੀ ਜ਼ਿੰਦਗੀ ਅਤੇ ਨਿੱਜਤਾ ਨੂੰ ਪ੍ਰਭਾਵਤ ਕਰਨ ਵਾਲੀ ਬਾਹਰ ਆਉਂਦੀ ਹੈ ਤਾਂ ਇਹ ਸਮੁੱਚੇ ਰੂਪ ਵਿਚ ਸਮਾਜ ਦੇ ਵੱਖ ਵੱਖ ਵਰਗਾਂ ਨੂੰ ਪ੍ਰਭਾਵਤ ਕਰਦੀ ਹੈ।

ਇਸ ਕਰਕੇ ਜਦੋਂ ਵੀ ਪੰਜਾਬ ਵਿਚ ਲੜਕੀਆਂ ਦੇ ਹੱਕਾਂ ਤੋਂ ਲੈ ਕੇ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਨਾਲ ਸਬੰਧਿਤ ਕੋਈ ਵੀ ਘਟਨਾਕ੍ਰਮ ਸਾਹਮਣੇ ਆਉਂਦਾ ਹੈ ਤਾਂ ਉਹ ਇਕਦਮ ਹਰਕਤ ਵਿਚ ਆ ਜਾਂਦੀਆਂ ਹਨ। ਪ੍ਰਾਈਵੇਟ ਅਦਾਰੇ ਇਨ੍ਹਾਂ ਨੂੰ ਜਿੰਨਾ ਮਰਜ਼ੀ ਲਕੋਈ ਜਾਣ, ਇਹ ਲੁਕੇ ਨਹੀਂ ਰਹਿੰਦੇ, ਬਾਹਰ ਆ ਹੀ ਜਾਂਦੇ ਹਨ। ਅੱਜ ਦੇ ਦੌਰ ਵਿਚ ਨਿੱਜੀ ਆਜ਼ਾਦੀਆਂ ਤੋਂ ਲੈ ਕੇ ਸਮਾਜਿਕ ਅਤੇ ਸਿਆਸੀ ਆਜ਼ਾਦੀਆਂ ਵਾਲੀਆਂ ਪਹਿਲਕਦਮੀਆਂ ਆਪੋ-ਆਪਣੇ ਢੰਗ ਨਾਲ ਦੁਨੀਆ ਦੇ ਹਰ ਹਿੱਸੇ ਵਿਚ ਵਾਪਰ ਰਹੀਆਂ ਹਨ। ਹੁਣ ਮਸਲਾ ਇਹ ਹੈ ਕਿ ਨਵੀਂ ਪੀੜ੍ਹੀ ਆਪਣੇ ਵਿਚਾਰਾਂ, ਜੀਵਨ ਜਾਚ ਅਤੇ ਹੱਦਬੰਦੀਆਂ ਦੇ ਪ੍ਰਸੰਗ ਵਿਚ ਸੋਸ਼ਲ ਮੀਡੀਆ ਨੂੰ ਕਿਵੇਂ ਲੈਂਦੀ ਹੈ ਅਤੇ ਨਵੀਂ ਸੋਚ ਦੇ ਪੈਮਾਨੇ ਉਚੇਰੀਆਂ ਵਿਦਿਅਕ ਸੰਸਥਾਵਾਂ ਵਿਚ ਕਿਵੇਂ ਖੜ੍ਹੀ ਕਰਦੀ ਹੈ ਜਿਨ੍ਹਾਂ ਨਾਲ ਸਮਾਜਿਕ ਚੇਤਨਾ ਅਤੇ ਸਰੋਕਾਰਾਂ ਨਾਲ ਜੁੜੇ ਹੋਣ। ਅਜਿਹੀ ਆਸ ਨੌਜਵਾਨ ਪੀੜ੍ਹੀ ਤੋਂ ਹੈ।

ਲੇਖਕ : ਗੁਰਤੇਜ ਸਿੰਘ ਖੁਡਾਲ,
ਬਠਿੰਡਾ, ਸੰਪਰਕ : 9464129118

# ਮਾਪਿਆਂ ਦਾ ਸਤਿਕਾਰ



ਸਾਡੇ ਮਾਪੇ ਸਾਡੇ ਲਈ ਬਹੁਤ ਹੀ ਅਨਮੋਲ ਹਨ। ਇਹ ਆਪਣੇ ਬੱਚਿਆਂ ਦੀ ਤਰੱਕੀ ਅਤੇ ਕਾਮਯਾਬੀ ਲਈ ਪਤਾ ਨਹੀਂ ਆਪਣੇ ਪਿੰਡੇ 'ਤੇ ਕਿੰਨੀਆਂ ਮੁਸੀਬਤਾਂ ਝੱਲਦੇ ਹਨ। ਅਸੀਂ ਆਪਣੇ ਬਜ਼ੁਰਗਾਂ ਅਤੇ ਮਾਪਿਆਂ ਵੱਲੋਂ ਕੀਤੇ ਹੋਏ ਪਰਉਪਕਾਰਾਂ ਨੂੰ ਕਦੀ ਵੀ ਕਿਸੇ ਪੈਮਾਨੇ ਨਾਲ ਤੋਲ ਨਹੀਂ ਸਕਦੇ।

ਮਾਪੇ ਆਪਣੇ ਬੱਚਿਆਂ ਨੂੰ ਕਦੀ ਕਿਸੇ ਚੀਜ਼ ਦੀ ਕਮੀ ਨਹੀਂ ਆਉਣ ਦਿੰਦੇ। ਪਰ ਅੱਜ-ਕੱਲ੍ਹ ਜ਼ਿਆਦਾ ਬੱਚੇ ਆਪਣੇ ਮਾਪਿਆਂ ਦੀਆਂ ਉਮੀਦਾਂ 'ਤੇ ਪੂਰੇ ਨਹੀਂ ਉੱਤਰਦੇ। ਬਹੁਤ ਸਾਰੇ ਬੱਚੇ ਜਦੋਂ ਕੋਈ ਨੌਕਰੀ ਜਾਂ ਕੋਈ ਕਾਰੋਬਾਰ ਕਰ ਕੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਜਾਂਦੇ ਹਨ ਤਾਂ ਮਾਪਿਆਂ ਨੂੰ ਇਸ ਗੱਲ ਦੀ ਬਹੁਤ ਖ਼ੁਸ਼ੀ ਹੁੰਦੀ ਹੈ।

ਪਰ ਕੁਝ ਬੱਚੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਆਪਣੇ ਮਾਪਿਆਂ ਤੋਂ ਦੂਰੀ ਬਣਾਉਣੀ ਸ਼ੁਰੂ ਕਰ ਦਿੰਦੇ ਹਨ। ਉਹ ਆਪਣੇ ਮਾਪਿਆਂ ਦੀ ਹਰ ਗੱਲ ਅਣਸੁਣੀ ਕਰ ਕੇ ਮਾਪਿਆਂ ਦੀ ਅਣਦੇਖੀ ਕਰਨ ਲੱਗ ਜਾਂਦੇ ਹਨ। ਕਈ ਵਾਰ ਹੁੰਦਾ ਹੈ ਕਿ ਬੱਚਿਆਂ ਦੇ ਮਨ ਵਿਚ ਸ਼ੱਕ ਪੈਦਾ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਬਜ਼ੁਰਗ ਜਾਂ ਮਾਪੇ ਦੂਜੇ ਭੈਣ ਜਾਂ ਭਰਾ ਨੂੰ ਵੱਧ ਪਿਆਰ ਕਰਦੇ ਹਨ।

ਇਸ ਤਰ੍ਹਾਂ ਦੀ ਸੋਚ ਵਾਲੇ ਲੋਕ ਮਾਪਿਆਂ ਨੂੰ ਬੁਰਾ ਭਲਾ ਵੀ ਬੋਲਦੇ ਰਹਿੰਦੇ ਹਨ। ਜੇਕਰ ਮਾਪਿਆਂ ਦੀ ਗੱਲ ਕਰੀਏ ਤਾਂ ਮਾਪਿਆਂ ਨੂੰ ਸਾਰੇ ਬੱਚੇ ਇੱਕੋ ਜਿਹੇ ਪਿਆਰੇ ਹੁੰਦੇ ਹਨ। ਪਰ ਕੁਝ ਅਜਿਹੇ ਬੱਚੇ ਵੀ ਹੁੰਦੇ ਹਨ ਜੋ ਆਪਣੇ ਮਾਪਿਆਂ ਨਾਲ ਅਜਿਹਾ ਵਿਵਹਾਰ ਕਰਦੇ ਹਨ ਜਿਸ ਨੂੰ ਸੁਣ-ਦੇਖ ਕੇ ਸਾਰਾ ਸਮਾਜ ਸ਼ਰਮਸਾਰ ਹੋ ਜਾਂਦਾ ਹੈ। ਅਜਿਹੇ ਬੱਚਿਆਂ ਦਾ ਪਿਆਰ ਸਿਰਫ਼ ਪੈਸੇ ਨਾਲ ਹੁੰਦਾ ਹੈ।

ਉਹ ਚਾਹੁੰਦੇ ਹਨ ਕਿ ਸਾਰੀ ਧਨ-ਦੌਲਤ ਮਾਪੇ ਜਲਦ ਤੋਂ ਜਲਦ ਸਾਡੇ ਨਾਂ ਕਰ ਦੇਣ। ਜੇਕਰ ਸਾਰੇ ਬੱਚੇ ਆਪਣੇ ਮਾਪਿਆਂ ਦਾ ਦਿਲੋਂ ਸਤਿਕਾਰ ਕਰਦੇ ਹੁੰਦੇ ਤਾਂ ਸ਼ਹਿਰ-ਸ਼ਹਿਰ ਬਿਰਧ ਆਸ਼ਰਮ ਨਾ ਖੁੱਲ੍ਹਦੇ। ਇਹ ਬਿਰਧ ਆਸ਼ਰਮ ਸਾਡੇ ਅੱਜ ਦੇ ਸਮਾਜ ਦੀ ਅਸਲ ਤਸਵੀਰ ਪੇਸ਼ ਕਰਦੇ ਹਨ। ਜੇਕਰ ਸਾਰੇ ਲੋਕ ਆਪਣੇ ਬਜ਼ੁਰਗਾਂ ਅਤੇ ਮਾਪਿਆਂ ਦਾ ਘਰ ਵਿਚ ਪੂਰਾ ਖਿਆਲ ਰੱਖਦੇ ਫਿਰ ਇਹ ਬਿਰਧ ਆਸ਼ਰਮ ਕਿਉਂ ਖੁੱਲ੍ਹਦੇ..? ਕੁਝ ਬੱਚੇ ਆਪਣੇ ਬਜ਼ੁਰਗ ਮਾਪਿਆਂ ਨੂੰ ਘਰੋਂ ਕੱਢ ਰਹੇ ਹਨ ਜਾਂ ਬਿਰਧ ਆਸ਼ਰਮਾਂ ਵਿਚ ਛੱਡ ਰਹੇ ਹਨ। ਇਹ ਬਹੁਤ ਦੁੱਖ ਦੀ ਗੱਲ ਹੈ।

ਸਰਕਾਰ ਨੂੰ ਵੀ ਕੋਈ ਕਾਨੂੰਨ ਬਣਾਉਣਾ ਚਾਹੀਦਾ ਹੈ ਕਿ ਜਿਨ੍ਹਾਂ ਦੇ ਬੱਚੇ ਆਪਣੇ ਮਾਪਿਆਂ ਦੀ ਦੇਖਭਾਲ ਨਹੀਂ ਕਰਦੇ ਤਾਂ ਉਨ੍ਹਾਂ ਬੱਚਿਆਂ ਦੀ ਆਮਦਨ ਵਿਚੋਂ ਪੈਸੇ ਕੱਟ ਕੇ ਬਜ਼ੁਰਗ ਮਾਪਿਆਂ ਦੇ ਖਾਤੇ ਵਿਚ ਪਾਉਣੇ ਚਾਹੀਦੇ ਹਨ। ਇਸ ਨਾਲ ਉਹ ਆਪਣੀ ਦਵਾਈ ਵਗੈਰਾ ਜਾਂ ਕੋਈ ਹੋਰ ਜ਼ਰੂਰਤ ਦਾ ਸਾਮਾਨ ਆਸਾਨੀ ਨਾਲ ਲੈ ਸਕਣਗੇ।

ਆਓ ਅਸੀਂ ਸਾਰੇ ਰਲ ਕੇ ਆਪਣੇ ਬਜ਼ੁਰਗਾਂ ਅਤੇ ਮਾਪਿਆਂ ਦੀ ਦੇਖਭਾਲ ਦਾ ਪ੍ਰਣ ਲਈਏ। ਜੋ ਲੋਕ ਆਪਣੇ ਬਜ਼ੁਰਗਾਂ ਦਾ ਧਿਆਨ ਨਹੀਂ ਰੱਖਦੇ ਉਨ੍ਹਾਂ ਨੂੰ ਸਮਝਾਈਏ। ਕੋਸ਼ਿਸ਼ ਕਰੀਏ ਸਾਰੇ ਬਜ਼ੁਰਗ ਮਾਪੇ ਆਪਣੇ ਘਰ ਆਪਣੇ ਬੱਚਿਆਂ ਨਾਲ ਖ਼ੁਸ਼ ਰਹਿਣ।




# ਨੋਬੇਲ ਪੁਰਸਕਾਰ ਦਾ ਜਨਮਦਾਤਾ ਅਲਫਰੈੱਡ ਨੋਬਲ

ਵਿਗਿਆਨ ਦੀ ਚਿੰਗਾਰੀ ਨੇ ਮਨੁੱਖ ਦੇ ਸਦੀਆਂ ਤੋਂ ਕੁਦਰਤੀ ਵਰਤਾਰਿਆਂ ਪ੍ਰਤੀ ਪਏ ਹੋਏ ਭਰਮ ਭੁਲੇਖਿਆਂ ਨੂੰ ਦੂਰ ਕਰ ਕੇ ਇਕ ਨਵੀਂ ਅਤੇ ਚਿੰਤਨ ਕਰਨ ਯੋਗ ਵਿਚਾਰਧਾਰਾ ਨੂੰ ਜਨਮ ਦਿੱਤਾ ਹੈ, ਜਿਸ ਨੇ ਮਨੁੱਖ ਦੇ ਰਹਿਣ-ਸਹਿਣ ਦੇ ਨਾਲ-ਨਾਲ ਉਸ ਦੀ ਸੋਚ ਨੂੰ ਵੀ ਬਦਲ ਕੇ ਰੱਖ ਦਿੱਤਾ ਹੈ। ਵਿਗਿਆਨ ਦੀਆਂ ਖੋਜਾਂ ਵਿਚ ਦਿਨ ਰਾਤ ਰੁੱਝੇ ਹੋਏ ਵਿਗਿਆਨੀਆਂ ਦੀ ਅਣਥੱਕ ਮਿਹਨਤ ਸਦਕਾ ਹੀ ਇਹ ਸੰਭਵ ਹੋਇਆ ਹੈ ਕਿ ਅੱਜ ਵਿਗਿਆਨ ਅਤੇ ਤਕਨਾਲੋਜੀ ਦੇ ਨਿਰੰਤਰ ਵਿਕਾਸ ਕਰਕੇ ਪੂਰੀ ਦੁਨੀਆ ਇਕ ਗਲੋਬਲ ਪਿੰਡ ਬਣ ਗਈ ਹੈ। ਵਿਗਿਆਨੀਆਂ ਨੂੰ ਉਨ੍ਹਾਂ ਦੀਆਂ ਖੋਜਾਂ ਬਦਲੇ ਬਹੁਤ ਸਾਰੇ ਪੁਰਸਕਾਰ ਅਤੇ ਮਾਣ-ਸਨਮਾਨਾਂ ਨਾਲ ਨਿਵਾਜਿਆ ਜਾਂਦਾ ਹੈ ਪਰ ਕੁਝ ਪੁਰਸਕਾਰ ਅਜਿਹੇ ਹੁੰਦੇ ਹਨ ਜਿਨ੍ਹਾਂ ਦੇ ਮਿਲਣ ਨਾਲ ਵਿਅਕਤੀ ਰਾਤੋ-ਰਾਤ ਪੂਰੀ ਦੁਨੀਆ ਵਿਚ ਪ੍ਰਸਿੱਧ ਹੋ ਕੇ ਨਾਮ ਕਮਾ ਜਾਂਦਾ ਹੈ, ਅਜਿਹਾ ਹੀ ਇਕ ਪੁਰਸਕਾਰ ਹੈ ਨੋਬੇਲ ਪੁਰਸਕਾਰ। ਆਉ! ਇਸ ਬਾਰੇ ਕੁਝ ਜਾਣਕਾਰੀ ਹਾਸਲ ਕਰੀਏ। ਨੋਬੇਲ ਪੁਰਸਕਾਰ ਸਵੀਡਨ ਦੇ ਮਹਾਨ ਵਿਗਿਆਨੀ ਅਤੇ ਡਾਈਨਾਮਾਈਟ ਦੇ ਪਿਤਾ ਕਹੇ ਜਾਂਦੇ ਅਲਫਰੈੱਡ ਨੋਬੇਲ ਦੀ ਯਾਦ ਵਿਚ ਦਿੱਤਾ ਜਾਂਦਾ ਹੈ। ਅਲਫਰੈੱਡ ਨੋਬੇਲ ਦੁਆਰਾ ਕੀਤੀਆਂ ਗਈਆਂ ਖੋਜਾਂ ਅਤੇ ਮਾਣਸਨਮਾਨਾਂ ਦੁਆਰਾ ਇਕੱਠੇ ਕੀਤੇ ਗਏ ਪੈਸੇ ਨੂੰ ਉਨ੍ਹਾਂ ਨੇ ਆਪਣੇ ਅਖੀਰਲੇ ਸਮੇਂ ਵਿਚ ਦਾਨ ਕਰ ਦਿੱਤਾ। ਦਾਨ ਕੀਤੇ ਪੈਸੇ ਤੋਂ ਹੀ ਨੋਬੇਲ ਪੁਰਸਕਾਰ ਦੀ ਸ਼ੁਰੂਆਤ ਹੁੰਦੀ ਹੈ। ਅਲਫਰੈਡ ਨੋਬੇਲ ਦੀ ਮੌਤ ਤੋਂ ਪੰਜ ਸਾਲ ਬਾਅਦ ਭਾਵ 1901 ਤੋਂ ਨੋਬੇਲ ਪੁਰਸਕਾਰ ਰਸਾਇਣਕ ਵਿਗਿਆਨ, ਭੌਤਿਕ ਵਿਗਿਆਨ, ਜੀਵ ਵਿਗਿਆਨ, ਸਹਿਤ ਅਤੇ ਵਿਸ਼ਵ ਵਿਚ ਸ਼ਾਂਤੀ ਨੂੰ ਸਥਾਪਿਤ ਕਰਨ ਲਈ ਪਾਏ ਵਡਮੁੱਲੇ ਯੋਗਦਾਨ ਲਈ ਦਿੱਤਾ ਜਾਂਦਾ ਹੈ। ਇਨ੍ਹਾਂ ਖੇਤਰਾਂ ਤੋਂ ਇਲਾਵਾ ਇਕ ਖੇਤਰ ਅਜਿਹਾ ਹੈ ਜਿਸਨੂੰ ਸ਼ੁਰੂਆਤੀ ਦੌਰ ਵਿਚ ਪੁਰਸਕਾਰ ਲਈ ਨਹੀਂ ਚੁਣਿਆ ਜਾਂਦਾ ਸੀ ਪਰ ਸਵੀਡਨ ਦੇ ਕੇਂਦਰੀ ਬੈਂਕ ਦੁਆਰਾ 1968 ਤੋਂ ਅਰਥ-ਸ਼ਾਸਤਰ ਦੇ ਖੇਤਰ ਵਿਚ ਵੀ ਇਹ ਪੁਰਸਕਾਰ ਦਿੱਤਾ ਜਾਣ ਲੱਗਾ। ਭਾਰਤੀ ਕਵੀ, ਨਾਵਲਕਾਰ ਅਤੇ ਭਾਰਤ ਦੇ ਰਾਸ਼ਟਰੀ ਗਾਣ ਦੇ ਰਚੇਤਾ ਗੁਰੂਦੇਵ ਰਵਿੰਦਰ ਨਾਥ ਟੈਗੋਰ ਜੀ ਏਸ਼ੀਆ ਦੇ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੂੰ ਸਾਹਿਤ ਦੇ ਖੇਤਰ ਵਿਚ ਉਨ੍ਹਾਂ ਦੀ ਲਿਖੀ ਰਚਨਾ ਗੀਤਾਂਜਲੀ ਦੇ ਲਈ ਨੋਬੇਲ ਪੁਰਸਕਾਰ ਨਾਲ ਨਿਵਾਜਿਆ ਗਿਆ। ਵਿਗਿਆਨ ਦੇ ਖੇਤਰ ਵਿਚ ਡਾ ਸੀ ਵੀ ਰਮਨ, ਡਾ. ਸੁਬਰਮਨੀਅਮ ਚੰਦਰਸ਼ੇਖਰ, ਡਾ. ਹਰਗੋਬਿੰਦ ਖੁਰਾਣਾ, ਅਰਥ-ਸ਼ਾਸਤਰ ਵਿਚ ਡਾ. ਅਮਰਿੱਤਯ ਸੇਨ ਅਤੇ ਸ਼ਾਂਤੀ ਦੇ ਖੇਤਰ ਵਿਚ ਕੈਲਾਸ਼ ਸਤਿਆਰਥੀ ਅਤੇ ਪਾਕਿਸਤਾਨ ਦੀ ਸਮਾਜਿਕ ਕਾਰਕੁਨ ਮਲਾਲਾ ਯੂਸਫਜ਼ਈ ਨੂੰ ਸਾਂਝੇ ਤੌਰ 'ਤੇ ਨਿਵਾਜਿਆ ਜਾ ਚੁੱਕਾ ਹੈ। ਇਨ੍ਹਾਂ ਪੁਰਸਕਾਰਾਂ ਦਾ ਐਲਾਨ ਅਕਤੂਬਰ ਮਹੀਨੇ ਵਿਚ ਕੀਤਾ ਜਾਂਦਾ ਹੈ ਅਤੇ ਦਸੰਬਰ ਮਹੀਨੇ ਵੰਡ ਕੀਤੀ ਜਾਂਦੀ ਹੈ। ਇਹ ਪੁਰਸਕਾਰ ਇਕੋ ਸਮੇਂ ਵਿਚ ਇਕ ਜਾਂ ਇਕ ਤੋਂ ਵੱਧ ਵਿਅਕਤੀਆਂ ਨੂੰ ਵੀ ਦਿੱਤਾ ਜਾ ਸਕਦਾ ਹੈ। 1901 ਤੋਂ ਬਾਅਦ ਕਈ ਵਾਰ ਅਜਿਹਾ ਸਮਾਂ ਵੀ ਆਇਆ ਹੈ ਜਦੋਂ ਨੋਬੇਲ ਪੁਰਸਕਾਰਾਂ ਦਾ ਐਲਾਨ ਨਹੀਂ ਕੀਤਾ ਗਿਆ। ਨੋਬੇਲ ਪੁਰਸਕਾਰ ਦੁਨੀਆਂ ਦਾ ਸਰਵ ਉੱਤਮ ਅਤੇ ਸਰਵਉੱਚ ਪੁਰਸਕਾਰ ਮੰਨਿਆ ਜਾਂਦਾ ਹੈ ਜਿਸਦੇ ਬਰਾਬਰ ਦਾ ਹੋਰ ਕੋਈ ਸਾਹਨੀ ਨਹੀਂ ਮਿਲਦਾ। ਨੋਬੇਲ ਪੁਰਸਕਾਰ ਰਚੇਤਾ ਨੂੰ ਸਾਡਾ ਸਲਾਮ। ਜਿੰਨਾ ਸਮਾਂ ਨੋਬੇਲ ਪੁਰਸਕਾਰ ਰਹੇਗਾ ਉਨਾ ਸਮਾਂ ਅਲਫਰੈੱਡ ਨੋਬੇਲ ਵੀ ਜਿਉਂਦਾ ਰਹੇਗਾ। ਨੋਬਲ ਪੁਰਸਕਾਰ ਨੇ ਅਲਫਰੈੱਡ ਨੋਬੇਲ ਨੂੰ ਵੀ ਅਮਰ ਕਰ ਦਿੱਤਾ ਹੈ।




# ਮਨੁੱਖੀ ਸਰੀਰ ਦੇ ਦਿਲਚਸਪ ਤੱਥ

**ਲਿਖਤ : ਰਜਵਿੰਦਰ ਪਾਲ ਸ਼ਰਮਾ, ਮੋਬਾਇਲ-7087367969**



1. ਮਨੁੱਖੀ ਸਰੀਰ ਦੀ ਸਭ ਤੋਂ ਵੱਡੀ ਹੱਡੀ ਫੀਮਰ ਅਤੇ ਛੋਟੀ ਸਟੇਪੀਜ ਹੁੰਦੀ ਹੈ ਜ਼ੋ ਕ੍ਰਮਵਾਰ ਪੱਟ ਅਤੇ ਕੰਨ ਵਿੱਚ ਮੌਜੂਦ ਹੁੰਦੀਆਂ ਹਨ।
2. ਨਹੁੰ ਸਰੀਰ ਦੇ ਮਰੇ ਹੋਏ ਸੈੱਲ ਹੁੰਦੇ ਹਨ ਇਸ ਕਰਕੇ ਇਹਨਾਂ ਨੂੰ ਕੱਟਦੇ ਸਮੇਂ ਦਰਦ ਨਹੀਂ ਹੁੰਦਾ।
3. ਅੱਖ,ਕੰਨ,ਨੱਕ, ਚਮੜੀ ਅਤੇ ਜੀਭ ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਹਨ।
4. ਨੱਕ ਵਿੱਚ ਮੌਜੂਦ ਵਾਲ ਸਾਹ ਲੈਂਦੇ ਸਮੇਂ ਧੂੜ ਕਣਾਂ ਨੂੰ ਰੋਕਣ ਦਾ ਕੰਮ ਕਰਦੇ ਹਨ।
5. ਮਨੁੱਖੀ ਦਿਲ ਸਧਾਰਨ ਸਥਿਤੀ ਵਿੱਚ 70-72 ਵਾਰ ਧੜਕਦਾ ਹੈ।
6. ਸਰੀਰ ਦੀ ਛੋਟੀ ਤੋਂ ਛੋਟੀ ਕਾਰਜਨਾਤਮਕ ਅਤੇ ਰਚਨਾਤਮਕ ਇਕਾਈ ਸੈੱਲ ਹੁੰਦੀ ਹੈ।
7. ਹਾਰਮੋਨ ਹੀ ਮਰਦ ਅਤੇ ਔਰਤਾਂ ਵਿਚਲੇ ਫ਼ਰਕ ਲਈ ਜ਼ਿੰਮੇਵਾਰ ਹੁੰਦੇ ਹਨ।
8. ਆਇਓਡੀਨ ਦੀ ਕਮੀਂ ਕਰਕੇ ਗਿੱਲੜ ਰੋਗ ਹੋ ਜਾਂਦਾ ਹੈ ਜਿਸ ਵਿੱਚ ਗਲੇ ਦੀ ਥਾਇਰਾਇਡ ਗ੍ਰੰਥੀ ਸੁੱਜ ਜਾਂਦੀ ਹੈ।
9. ਵਿਟਾਮਿਨ ਏ ਦੀ ਕਮੀ ਕਰਕੇ ਹੋਣ ਵਾਲੇ ਰੋਗ ਨੂੰ ਅੰਧਰਾਤਾ ਕਿਹਾ ਜਾਂਦਾ ਹੈ।
10. ਛੋਟੀ ਆਂਦਰ ਦੀ ਲੰਬਾਈ ਵੱਡੀ ਆਂਦਰ ਨਾਲੋਂ ਜ਼ਿਆਦਾ ਹੁੰਦੀ ਹੈ।

## ਰਸਤਾ ਲੱਭੋ



## ਬਿੰਦੂ ਮਿਲਾਓ



# ਆਸ ਦਾ ਸਿੱਕਾ

**ਬਾਲ ਕਹਾਣੀ**

**ਲੇਖਕ : ਹਰਕੀਰਤ ਕੌਰ, 9779118066**

ਇੱਕ ਵਾਰ ਦੋ ਦੇਸ਼ਾਂ ਵਿੱਚ ਮੱਤਭੇਦ ਹੋ ਗਏ ਅਤੇ ਜੰਗ ਲੱਗਣ ਦੇ ਆਸਾਰ ਬਣ ਗਏ। ਉਸ ਜੰਗ ਵਿੱਚ ਇੱਕ ਦੇਸ਼ ਦਾ ਰਾਜਾ ਬਹੁਤ ਹੀ ਸ਼ਕਤੀਸ਼ਾਲੀ ਸੀ। ਜਿਸ ਕੋਲ ਹਰ ਤਰ੍ਹਾਂ ਦੇ ਹਥਿਆਰ, ਜੰਗੀ ਸਮਾਨ, ਉੱਚ ਕੋਟੀ ਦੇ ਬਲਸ਼ਾਲੀ ਜਰਨੈਲ ਸਨ ਤੇ ਲੱਖਾਂ ਦੀ ਗਿਣਤੀ ਵਿੱਚ ਸੈਨਾ ਸੀ। ਦੂਸਰੇ ਪਾਸੇ ਰਾਜੇ ਕੋਲ ਨਾ ਤਾਂ ਵਧੇਰੇ ਜੰਗੀ ਸਮਾਨ ਤੇ ਨਾ ਹੀ ਦੂਸਰੇ ਦੇਸ਼ ਦੇ ਮੁਕਾਬਲੇ ਸੈਨਾ ਸੀ, ਦੇਸ਼ ਦੀ ਅਜਿਹੀ ਹਾਲਤ ਵੇਖ ਗਰੀਬ ਦੇਸ਼ ਦੇ ਸੈਨਾਪਤੀ ਰਾਜੇ ਨੂੰ ਕਹਿਣ ਲੱਗੇ, ਮਹਾਰਾਜ ਸਾਡੀ ਹਾਰ ਯਕੀਨੀ ਹੈ, ਦੂਸਰਾ ਦੇਸ਼ ਬਹੁਤ ਹੀ ਤਾਕਤਵਰ ਹੈ, ਉਸ ਕੋਲ ਤਾਂ ਲੱਖਾਂ ਦੀ ਸੈਨਾ ਹੈ ਤੇ ਸਾਡੇ ਕੋਲ ਮੁੱਠੀ ਭਰ ਫੌਜ, ਅਜਿਹੇ ਵਿੱਚ ਅਸੀਂ ਕਿਸੇ ਵੀ ਕੀਮਤ 'ਤੇ ਜਿੱਤ ਨਹੀਂ ਸਕਦੇ, ਏਹ ਤਾਂ ਸਿੱਧਾ ਮੌਤ ਦੇ ਮੂੰਹ ਵਿੱਚ ਜਾਣਾ ਹੈ , ਸਾਨੂੰ ਜੰਗ 'ਚ ਜਾਣ ਤੋਂ ਪਹਿਲਾਂ ਹੀ ਗੋਡੇ ਟੇਕ ਲੈਣੇ ਚਾਹੀਦੇ ਹਨ। ਆਪਣੀ ਆਰਥਿਕ ਹਾਲਤ ਤੋਂ ਜਾਣੂ ਰਾਜਾ ਉਸ ਸਮੇਂ ਆਪਣੇ ਸੈਨਾਪਤੀਆਂ ਨੂੰ ਕੋਈ ਜਵਾਬ ਨਾ ਦੇ ਸਕਿਆ। ਪਰ ਉਹ ਇੱਕ ਅਣਖੀ ਰਾਜਾ ਸੀ। ਉਸਨੂੰ ਜੰਗ ਵਿੱਚ ਮਰਨਾ ਤਾਂ ਮੰਨਜ਼ੂਰ ਸੀ, ਪਰ ਉਹ ਜੰਗ ਦੇ ਮੈਦਾਨ ਵਿੱਚ ਪੈਰ ਰੱਖੇ ਬਿਨਾਂ ਹਾਰ ਨਹੀਂ ਸੀ ਮੰਨਣਾ ਚਾਹੁੰਦਾ। ਸਾਰੀ ਰਾਤ ਰਾਜਾ ਉੱਸਲ ਵੱਟੇ ਭੰਨਦਾ ਰਿਹਾ, ਇੱਕ ਪਲ ਵੀ ਉਸਦੀ ਅੱਖ ਨਾ ਲੱਗੀ। ਸਾਰੀ ਰਾਤ ਸੋਚਾਂ ਵਿੱਚ ਕੱਢਣ ਤੋਂ ਬਾਅਦ, ਉਹ ਸਵੇਰੇ ਉੱਠਿਆ ਅਤੇ ਆਪਣੇ ਅੰਗ ਰੱਖਿਅਕ ਤੇ ਸੈਨਾਪਤੀਆਂ ਨੂੰ ਨਾਲ ਲੈ ਜੰਗਲ ਵੱਲ ਨੂੰ ਹੋ ਤੁਰਿਆ। ਰਸਤੇ ਵਿੱਚ ਜਾਂਦਿਆਂ ਉਹਨਾਂ ਨੂੰ ਇੱਕ ਕੁਟੀਆ ਦਿਖਾਈ ਦਿੱਤੀ। ਉਸ ਕੁਟੀਆ ਦੀ ਦਿਖ ਤੋਂ ਲੱਗਦਾ ਸੀ ਕਿ ਉੱਥੇ ਜਰੂਰ ਕੋਈ ਸਾਧੂ ਸੰਤ ਤਪੱਸਿਆ ਕਰ ਰਿਹਾ ਹੈ, ਰਾਜੇ ਨੇ ਆਪਣਾ ਰੱਥ ਰੁਕਵਾਇਆ ਤੇ ਸਾਧੂ ਦੀ ਕੁਟੀਆ ਵੱਲ ਚੱਲ ਪਿਆ, ਪਿੱਛੇ ਪਿੱਛੇ ਸੈਨਾਪਤੀ ਤੇ ਸਿਪਾਹੀ ਵੀ ਆ ਗਏ। ਰਾਜੇ ਨੂੰ ਆਪਣੀ ਕੁਟੀਆ ਵਿੱਚ ਵੇਖ ਸਾਧੂ ਨੇ ਕਿਹਾ ਕੀ ਗੱਲ ਮਹਾਰਾਜ ਤੁਹਾਡੇ ਚਿਹਰੇ ਤੇ ਰਵਾਨਗੀ ਤੇ ਤੇਜ਼ ਕਿਉਂ ਨਹੀਂ? ਸਾਧੂ ਦੀ ਗੱਲ ਸੁਣ ਰਾਜੇ ਨੇ ਕਿਹਾ, ਹੇ ਭਲੇ ਸਾਧੂ ਮੈਂ ਬਹੁਤ ਦੁਚਿੱਤੀ ਵਿੱਚ ਫਸਿਆਂ ਹਾਂ, ਨੇੜਲਾ ਰਾਜਾ ਸਾਡੇ ਉੱਪਰ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਹੈ ਤੇ ਸਾਡੇ ਕੋਲ ਨਾ ਤਾਂ ਸੈਨਾ ਹੈ ਨਾ ਹੀ ਉਨ੍ਹੇ ਹਥਿਆਰ ਕਿ ਉਸ ਤਾਕਤਵਰ ਰਾਜੇ ਦਾ ਮੁਕਬਲਾ ਕਰ ਸਕੀਏ, ਮੇਰੇ ਸੈਨਾਪਤੀ ਤੇ ਸੈਨਾ ਵੀ ਦਿਲ ਛੱਡ ਚੁੱਕੇ ਹਨ, ਇਹ ਜੰਗ ਵਿੱਚ ਜਾਣ ਤੋਂ ਪਹਿਲਾਂ ਹੀ ਹਾਰ ਮੰਨ ਚੁੱਕੇ ਹਨ, ਪਰ ਮੇਰੀ ਜ਼ਮੀਰ ਨਹੀਂ ਮੰਨਦੀ, ਤੁਸੀਂ ਦੱਸੋਂ ਸਾਨੂੰ ਕੀ ਕਰਨਾ ਚਾਹੀਦਾ ਹੈ, ਸਾਧੂ ਕੁਝ ਸਮਾਂ ਸ਼ਾਤ ਰਿਹਾ ਅਤੇ ਫਿਰ ਰਾਜੇ ਨੂੰ ਕਿਹਾ ਕਿ ਤੁਸੀਂ ਮੇਰੇ ਨਾਲ ਮੰਦਿਰ ਚੱਲੋ ਇਸ ਗੱਲ ਦਾ ਫੈਸਲਾ ਅਸੀਂ ਰੱਬ ਕੋਲੋ ਕਰਵਾਉਂਦੇ ਹਾਂ, ਸਾਰੇ ਜਣੇ ਸਾਧੂ ਦੇ ਪਿੱਛੇ ਪਿੱਛੇ ਮੰਦਿਰ ਵੱਲ ਨੂੰ ਹੋ ਤੁਰੇ। ਉੱਥੇ ਜਾ ਕੇ ਸਾਧੂ ਨੇ ਆਪਣੇ ਖੀਸੇ ਚੋਂ ਇੱਕ ਸਿੱਕਾ ਕੱਢਿਆ ਤੇ ਕਿਹਾ ਕਿ ਮੈਂ ਪਰਮਾਤਮਾ ਅੱਗੇ ਬੇਨਤੀ ਕਰਕੇ ਇੱਹ ਸਿੱਕਾ ਉੱਪਰ ਸੁੱਟਾਂਗਾ, ਜੇਕਰ ਇਹ ਸਿੱਕਾ ਧਰਤੀ ਤੇ ਸਿੱਧਾ ਡਿੱਗਾ ਤਾਂ ਤੁਹਾਡੀ ਜਿੱਤ ਯਕੀਨੀ ਹੋਵੇਗੀ ਅਤੇ ਇਸ ਗੱਲ ਦਾ ਵੀ ਸੰਕੇਤ ਮਿਲ ਜਾਵੇਗਾ ਕਿ ਪਰਮਾਤਮਾ ਤੁਹਾਡੇ ਨਾਲ ਹੈ। ਸਾਰਿਆਂ ਨੂੰ ਇਹ ਗੱਲ ਬਹੁਤ ਚੰਗੀ ਲੱਗੀ ਤੇ ਅੱਖਾਂ ਬੰਦ ਕਰ ਬੇਨਤੀ ਵਿੱਚ ਖੜੇ ਹੋ ਗਏ, ਜਦੋਂ ਸਾਧੂ ਨੇ ਸਿੱਕਾ ਉੱਪਰ ਵੱਲ ਨੂੰ ਸੁੱਟਿਆ ਤਾਂ ਸਿੱਕਾ ਘੁੰਮਦਾ ਘੁੰਮਦਾ ਸਿੱਧਾ ਹੋਕੇ ਧਰਤੀ ਤੇ ਆ ਡਿੱਗਾ, ਸਿੱਕੇ ਦੇ ਡਿੱਗਣ ਦੇ ਸਾਰ ਹੀ ਸਾਰਿਆਂ ਦੇ ਚਿਹਰਿਆਂ ਤੇ ਇੱਕ ਚਮਕ ਆ ਗਈ, ਸਾਧੂ ਨੇ ਕਿਹਾ ਤੁਹਾਨੂੰ ਕੋਈ ਨਹੀਂ ਹਰਾ ਸਕਦਾ, ਪਰਮਾਤਮਾ ਤੁਹਾਡੇ ਨਾਲ ਹੈ, ਭਾਵੇਂ ਕਿੰਨੀ ਵੱਡੀ ਫ਼ੌਜ ਹੋਵੇ, ਤੁਹਾਡੀ ਜਿੱਤ ਯਕੀਨੀ ਹੈ। ਇਹਨਾਂ ਸੁਣਦਿਆਂ ਹੀ ਸਾਰਿਆਂ ਵਿੱਚ ਇੱਕ ਆਸ ਦੀ ਕਿਰਨ ਜਾਗ ਗਈ। ਸਾਰੇ ਸੈਨਾਪਤੀ ਜੋਸ਼ ਨਾਲ ਭਰ ਗਏ ਅਤੇ ਰਾਜੇ ਨੂੰ ਕਹਿਣ ਲੱਗੇ ਮਹਾਰਾਜ ਆਪਾਂ ਜਾਕੇ ਜੰਗ ਦੀ ਤਿਆਰੀ ਕਰੀਏ, ਸੈਨਾਪਤੀ ਕੋਲੋਂ ਇਹ ਬੋਲ ਸੁਣ ਰਾਜਾ ਬਹੁਤ ਖੁਸ਼ ਹੋਇਆ, ਰਾਜੇ ਨੇ ਸਾਧੂ ਨੂੰ ਬੇਨਤੀ ਕੀਤੀ ਕਿ ਤੁਸੀਂ ਵੀ ਸਾਡੇ ਨਾਲ ਚੱਲੋ, ਰਾਜੇ ਦੀ ਬੇਨਤੀ ਸਵੀਕਾਰ ਕਰ ਸਾਧੂ ਵੀ ਰਾਜੇ ਨਾਲ ਚੱਲ ਪਿਆ। ਤਿਆਰੀਆਂ ਆਰੰਭੀਆਂ ਗਈਆਂ ਅਤੇ ਜੰਗ ਦਾ ਐਲਾਨ ਕੀਤਾ ਗਿਆ। ਪੂਰੇ ਸੱਤ ਦਿਨ ਬਹੁਤ ਘਮਸਾਣ ਯੁੱਧ ਹੋਇਆ, ਕਮਜ਼ੋਰ ਰਾਜੇ ਦੀ ਫੌਜ ਤਕੜੇ ਰਾਜੇ ਦੀ ਫੌਜ ਉੱਤੇ ਭਾਰੂ ਹੋਈ ਪਈ ਸੀ, ਆਖਰ ਆਰਥਿਕ ਪੱਖੋਂ ਕਮਜ਼ੋਰ ਰਾਜੇ ਦੀ ਮੁੱਠੀ ਭਰ ਫ਼ੌਜ ਨੇ ਜੰਗ ਜਿੱਤ ਲਈ। ਰਾਜਾ ਤੇ ਸੈਨਾਪਤੀ ਬਹੁਤ ਖੁਸ਼ ਸਨ, ਸਾਰੇ ਸਾਧੂ ਕੋਲ ਆਏ ਤੇ ਜੰਗ ਦਾ ਹਾਲ ਦੱਸਿਆ, ਸਾਧੂ ਨੇ ਖੁਸ਼ ਹੋਕੇ ਕਿਹਾ, ਸਾਨੂੰ ਸਾਰਿਆਂ ਨੂੰ ਫਿਰ ਮੰਦਿਰ ਜਾਕੇ ਪਰਮਾਤਮਾ ਦਾ ਸ਼ੁਕਰ ਕਰਨਾ ਚਾਹੀਦਾ ਹੈ, ਸਾਰਿਆਂ ਨੇ ਹਾਮੀ ਭਰੀ ਤੇ ਮੰਦਿਰ ਜਾਣ ਲਈ ਰਵਾਨਾ ਹੋ ਗਏ। ਬੇਨਤੀ ਕਰਨ ਤੋਂ ਬਾਅਦ ਸਾਧੂ ਨੇ ਆਪਣੇ ਖੀਸੇ ਵਿਚੋਂ ਫਿਰ ਉਹੀਓ ਸਿੱਕਾ ਕੱਢਿਆ ਤੇ ਆਪਣੇ ਹੱਥ ਦੀ ਹਥੇਲੀ ਤੇ ਰੱਖਦਿਆਂ ਹੋਇਆਂ ਕਿਹਾ, ਦੇਖੋ ਇਹ ਸਿੱਕਾ ਦੋਨੋਂ ਪਾਸਿਆਂ ਤੋਂ ਸਿੱਧਾ ਸੀ, ਜਿੱਤ ਪਰਮਾਤਮਾ ਦੇ ਸਹਾਈ ਹੋਣ ਨਾਲ ਨਹੀਂ ਤੁਹਾਡੇ ਅੰਦਰ ਭਰੀ ਆਸ ਨਾਲ ਹੋਈ ਹੈ, ਤੁਹਡੀ ਜਿੱਤ ਦਾ ਕਾਰਣ ਤੁਹਾਡੇ ਅੰਦਰ ਉੱਪਜੀ ਆਸ ਕਰਕੇ ਹੋਈ ਹੈ। ਇਹ ਸਿੱਕਾ ਕੋਈ ਆਮ ਸਿੱਕਾ ਨਹੀਂ ਇਹ ਆਸ ਦਾ ਸਿੱਕਾ ਸੀ, ਜਿਸ ਨੇ ਮੁੱਠੀ ਭਰ ਫ਼ੌਜ ਨੂੰ ਲੱਖਾਂ ਉੱਪਰ ਭਾਰੂ ਕੀਤਾ ਤੇ ਤੁਹਾਡੇ ਸਿਰ ਜਿੱਤ ਦਾ ਸਿਹਰਾ ਬੰਨ੍ਹ ਦਿੱਤਾ। ਏਨੀ ਗੱਲ ਸੁਣ ਰਾਜਾ ਬਹੁਤ ਖੁਸ਼ ਹੋਇਆ ਤੇ ਸਾਧੂ ਨੂੰ ਨਮਸਕਾਰ ਕਰ ਆਪਣੇ ਸੈਨਾਪਤੀਆਂ ਨੂੰ ਸਿੱਖਿਆ ਦਿੰਦਿਆਂ ਕਿਹਾ ਕਿ ਸਾਨੂੰ ਕਦੇ ਆਸ ਨਹੀਂ ਛੱਡਣੀ ਚਾਹੀਦੀ,ਅਸੀਂ ਆਸ ਰੱਖਣ ਨਾਲ ਪੂਰੀ ਦੁਨੀਆਂ ਜਿੱਤ ਸਕਦੇ ਹਾਂ, ਏਨਾਂ ਕਹਿ ਰਾਜਾ ਤੇ ਸੈਨਾਪਤੀ ਖੁਸ਼ੀ ਖੁਸ਼ੀ ਆਪਣੇ ਦਰਬਾਰ ਵੱਲ ਨੂੰ ਚੱਲ ਪਏ।

# ਵਿਰਾਸਤ



ਲੇਖਕ : ਰਾਮ ਸਵਰਨ ਲੱਖੇਵਾਲੀ
ਸੰਪਰਕ: 95010-06626

ਪਹੁ ਫੁਟਾਲਾ ਜੀਵਨ ਸਵੇਰ ਨੂੰ ਜੀ ਆਇਆਂ ਨੂੰ ਆਖਦਾ ਹੈ। ਸੂਰਜ ਦੀ ਲੋਅ ਰਾਹ ਰਸਤਾ ਰੌਸ਼ਨ ਕਰਦੀ। ਜਿਊਣ ਦੀ ਚਾਹ ਕਦਮਾਂ ਦੀ ਰਵਾਨੀ ਬਣਦੀ। ਮਨ ਦੇ ਅੰਬਰ 'ਤੇ ਜਿਊਣ ਤਾਂਘ ਦੀ ਇਬਾਰਤ ਲਿਖਦੀ। ਸੁਫਨੇ ਬੁਣਦਾ ਮਨ ਅੰਬਰੀਂ ਉਡਾਰੀ ਭਰਨਾ ਦੀ ਚਾਹਤ ਰੱਖਦਾ। ਖਿਆਲਾਂ ਦੀ ਸਤਰੰਗੀ ਪੀਂਘ ਸ਼ੋਖ ਰੰਗਾਂ ਨੂੰ ਜ਼ਿੰਦਗੀ ਦੀ ਬੁੱਕਲ ਵਿੱਚ ਸਮੋਣਾ ਲੋਚਦੀ। ਸਫਲ ਕਦਮਾਂ ਦੀਆਂ ਪੈੜ ਬਣਨ ਲਈ ਉੱਦਮ ਰਾਹ ਦਿਖਾਉਂਦਾ। ਕਲਾ ਪ੍ਰੇਰਨਾ ਦੇ ਦਰ ਖੋਲ੍ਹਦੀ। ਸਬਕ ਹੌਸਲਾ ਬਣਦੇ। ਪਲ-ਪਲ ਤੁਰਦੀ ਜ਼ਿੰਦਗੀ ਵਹਿੰਦੇ ਪਾਣੀਆਂ ਦੀ ਤੋਰ ਬਣਨ ਦੀ ਤਾਂਘ ਰਖਦੀ। ਚੇਤਨਾ ਸੁਨਿਹਰੀ ਭਵਿੱਖ ਦੀ ਆਸ ਦਾ ਸਿਤਾਰਾ ਬਣਦੀ। ਵਕਤ ਵਿਛੜ ਗਿਆਂ ਦੀਆਂ ਯਾਦਾਂ ਨੂੰ ਜੀਵੰਤ ਕਰਦਾ।

ਸਤੰਬਰ ਮਹੀਨਾ ਬਦਲਦੇ ਮੌਸਮ ਨਾਲ ਜੀਵਨ ਤੋਰ ਬਦਲਦਾ। ਆਪਣੀ ਬੁੱਕਲ ਵਿੱਚ ਨਾਇਕਾਂ ਤੇ ਕਲਾ ਖੇਤਰ ਦੇ ਸੂਰਜਾਂ ਦੀਆਂ ਯਾਦਾਂ ਦੀ ਝਲਕ ਦਿਖਾਉਂਦਾ। ਸਵੇਰੇ ਸਵਖਤੇ ਤਾਰਿਆਂ ਨਾਲ ਭਰੇ ਅੰਬਰ ਵੱਲ ਨਜ਼ਰ ਮਾਰਦਾ ਹਾਂ। ਤਾਰਿਆਂ ਦੀ ਲੋਏ ਸ਼ਾਂਤ ਵਗਦੀ ਪੌਣ ਸਵਾਗਤ ਕਰਦੀ ਨਜ਼ਰ ਆਉਂਦੀ ਹੈ। ਚੁੱਪ-ਚਾਪ ਖੜ੍ਹੇ ਰੁੱਖਾਂ ਦੇ ਪੱਤਿਆਂ ਦੀ ਸਰਸਰਾਹਟ ਜਾਗਣ ਦਾ ਸੁਨੇਹਾ ਪ੍ਰਤੀਤ ਹੁੰਦੀ। ਤਾਰਿਆਂ ਦੇ ਝੁੰਡ ਵਿੱਚ ਵਿਚਕਾਰ ਜਗਦੇ ਧਰੂ ਤਾਰੇ ਦੀ ਰੌਸ਼ਨ ਲੀਹ ਦੇਖਦਾ ਹਾਂ। 'ਲੋਹ ਕਥਾ' ਦਾ ਅਕਸ ਨਜ਼ਰ ਆਉਂਦਾ ਹੈ। ਸ਼ਬਦ, ਕਲਾ ਦੀ ਇਬਾਰਤ ਦਾ ਪੰਨਾ ਪਲਟਦਾ ਹੈ। ਮਨ ਦੇ ਅੰਬਰ 'ਤੇ ਉੱਕਰੇ ਸੁਨਿਹਰੀ ਸ਼ਬਦ ਨਜ਼ਰ ਚੜ੍ਹਦੇ ਹਨ। 9 ਸਤੰਬਰ: ਕਵਿਤਾ ਦਿਵਸ। ਖੇਤਾਂ ਦੇ ਪੁੱਤ ਕਵੀ ਪਾਸ਼ ਦਾ ਜਨਮ ਦਿਹਾੜਾ। ਸ਼ਬਦਾਂ, ਬੋਲਾਂ ਤੇ ਸੁਫਨਿਆਂ ਨੂੰ ਜ਼ਿੰਦਗੀ ਦੀ ਝੋਲੀ ਵਿੱਚ ਸਾਂਭਣ ਦਾ ਦਿਨ। ਕਵਿਤਾ ਦੀ ਲੋਅ ਢਾਰਿਆਂ ਤੱਕ ਪੁੱਜਦਾ ਕਰਨਾ ਦਾ ਦਿਨ। ਕਵਿਤਾ ਦੇ ਬੁਲੰਦ ਬੋਲਾਂ ਨਾਲ ਜ਼ਿੰਦਗੀ ਦੇ ਨਕਸ਼ ਸੰਵਾਰਨ ਦਾ ਦਿਹਾੜਾ।

ਪਾਸ਼ ਦੇ ਚਾਨਣ ਰੰਗੇ ਜਨਮ ਦਿਨ ਸਮਾਰੋਹ ਦਾ ਹਿੱਸਾ ਬਣਨ ਲਈ ਬੱਸ ਫੜਦਾ ਹਾਂ। ਸ਼ਹੀਦ-ਏ-ਆਜ਼ਮ ਦੇ ਪਿੰਡ ਦੀ ਜੂਹ ਬੰਗਾ ਕਾਲਜ ਵਿੱਚ ਚਿੰਤਨ, ਮੰਥਨ ਲਈ ਭਰਿਆ ਆਡੀਟੋਰੀਅਮ। ਜੁੜ ਬੈਠੇ ਸ਼ਾਇਰ ਬੁੱਧੀਜੀਵੀ, ਵਿਦਿਆਰਥੀ, ਕਿਸਾਨ, ਮਜ਼ਦੂਰ ਤੇ ਸਮਾਜ ਦੇ ਫ਼ਿਕਰਾਂ ਦੀ ਬਾਂਹ ਫੜਨ ਵਾਲੇ ਚੇਤੰਨ ਲੋਕ। ਮੰਚ ਤੋਂ ਸਾਡੇ ਸਮਿਆਂ ਵਿੱਚ ਦਰਪੇਸ਼ ਚੁਣੌਤੀਆਂ ਨੂੰ ਸਰ ਕਰਨ ਲਈ ਚਰਚਾ ਸ਼ੁਰੂ ਹੋਈ। ਪਾਸ਼ ਦੀ ਕਵਿਤਾ ਦੇ ਨਾਲ-ਨਾਲ 'ਤਲਵੰਡੀ ਸਲੇਮ ਨੂੰ ਜਾਂਦੀ ਸੜਕ' ਤੋਂ ਜ਼ਿੰਦਗੀ ਦੇ ਰਾਹ ਰੁਸ਼ਨਾਉਂਦੀ ਵਾਰਤਕ ਦੀ ਗੱਲ ਤੁਰੀ। ਸ਼ਾਇਰ ਦੀ ਪਹੁੰਚ ਤੇ ਪ੍ਰਤੀਬੱਧਤਾ ਦੇ ਦਰ ਖੁੱਲ੍ਹੇ ਜਿਸ ਅੰਦਰ ਕਿਰਤ, ਵਿਰਾਸਤ, ਹੱਕ ਸੱਚ ਦੇ ਰੌਸ਼ਨ ਰਾਹ ਨਜ਼ਰ ਆਏ। ਸਭ ਕੁਝ ਸੱਚੀਂ ਮੁੱਚੀਂ ਦਾ ਲੋਚਦੇ ਪਾਸ਼ ਨੂੰ ਸਿਜਦਾ ਕਰਦਿਆਂ ਮੰਚ ਤੋਂ ਸੁਣਾਏ ਕਾਵਿ ਬੋਲਾਂ ਨੇ ਕਵਿਤਾ ਦੇ ਬੁਲੰਦੀ ਇਰਾਦਿਆਂ ਦੀ ਬਾਤ ਪਾਈ। ਜੀਣ ਦੀ ਅਥਾਹ ਲੋਚਾ ਰੱਖਦਾ ਪਾਸ਼ ਅੰਗ-ਸੰਗ ਨਜ਼ਰ ਆਇਆ।

16 ਸਤੰਬਰ ਨੂੰ ਪਹੁ ਫੁਟਾਲੇ ਨੇ ਪੌਣਾਂ ਹੱਥ ਸੁਨੇਹਾ ਭੇਜਿਆ। ਪਤਾ ਹੈ, ਅੱਜ ਨਾਟ ਕਲਾ ਨਾਲ ਬਰਾਬਰੀ ਦੇ ਸਮਾਜ ਲਈ ਰਾਹ ਦਰਸਾਵੇ ਦੀਆਂ ਪੈੜਾਂ ਦਾ ਦਿਨ ਹੈ। ਭਾਅ ਜੀ ਗੁਰਸ਼ਰਨ ਸਿੰਘ ਦੇ ਜੀਵਨ ਦੀ ਪਹਿਲੀ ਦਸਤਕ ਦਾ ਦਿਨ। ਫਿਜ਼ਾ ਵਿੱਚੋਂ ਬੁਲੰਦ ਬੋਲਾਂ ਸ਼ਬਦਾਂ ਦੀ ਗੂੰਜ ਸੁਣਾਈ ਦਿੱਤੀ- 'ਜੇਕਰ ਦਰਿਆਵਾਂ ਦੇ ਵਹਿਣ ਮੋੜੇ ਜਾ ਸਕਦੇ ਹਨ ਤਾਂ ਜ਼ਿੰਦਗੀ ਤੇ ਸਮਾਜ ਨੂੰ ਕਿਉਂ ਨਹੀਂ ਬਦਲਿਆ ਜਾ ਸਕਦਾ!' ਸਿਰੜੀ, ਸਿਦਕਵਾਨ ਇੰਜਨੀਅਰ ਨੇ ਭਾਖੜਾ ਡੈਮ 'ਤੇ ਖਲੋ ਕੇ ਇਹ ਸੋਚਿਆ। ਆਪਣਾ ਜੀਵਨ ਰੰਗਮੰਚ ਨਾਲ ਲੋਕਾਈ ਨੂੰ ਜਗਾਉਣ ਦੇ ਲੇਖੇ ਲਾਉਣ ਦਾ ਅਹਿਦ ਕੀਤਾ। ਆਪਣੇ ਸਿਰੜੀ ਕਲਾਕਾਰਾਂ ਨਾਲ ਪਿੰਡ-ਪਿੰਡ ਚੇਤਨਾ ਦੀ ਮਸ਼ਾਲ ਜਗਾਈ। ਆਖਿਆ- 'ਜੇਕਰ ਸਮਾਜ ਦਾ ਕੋਈ ਮੁੱਦਾ ਹੀ ਨਹੀਂ ਉਠਾਉਣਾ ਤਾਂ ਨਾਟਕ ਕਰਨ ਦਾ ਕੀ ਮਤਲਬ?' ਦੂਰ-ਦੁਰਾਡੇ ਪਿੰਡਾਂ ਦੀਆਂ ਸੱਥਾਂ, ਵਿਹੜਿਆਂ ਵਿੱਚ ਨਾਟ ਕਲਾ ਨਾਲ ਆਪਣੇ ਨਾਇਕ ਸ਼ਹੀਦ ਭਗਤ ਸਿੰਘ ਦੇ ਸੁਫਨਿਆਂ ਦੀ ਬਾਤ ਪਾਈ। ਕਿਰਤ ਕਰਨ ਵਾਲੇ ਅਣਗੌਲੇ, ਵਿਸਾਰੇ ਉੱਦਮੀਆਂ ਨੂੰ ਆਪਣੇ ਨਾਟਕਾਂ ਦੇ ਨਾਇਕ ਬਣਾਇਆ। ਸਾਲਾਂ ਬੱਧੀ ਨਿੱਤ ਦਾ ਲੰਮਾ ਸਫ਼ਰ ਉਸ ਦੇ ਕਦਮਾਂ ਨੂੰ ਥਕਾ ਨਾ ਸਕਿਆ।

ਕਾਵਿ ਅਤੇ ਨਾਟ ਕਲਾ ਨਾਲ ਜੀਵਨ ਰਾਹ ਨੂੰ ਰੁਸ਼ਨਾਉਂਦੇ ਬੋਲ ਉਸੇ ਆਦਰਸ਼ ਨੂੰ ਪ੍ਰਨਾਏ ਹਨ ਜਿਸ ਲਈ ਰੰਗ ਦੇ ਬਸੰਤੀ ਵਾਲਾ ਸ਼ਹੀਦ-ਏ-ਆਜ਼ਮ ਕੁਰਬਾਨ ਹੋ ਗਿਆ। 27 ਸਤੰਬਰ ਨੂੰ ਭਾਅ ਜੀ ਗੁਰਸ਼ਰਨ ਸਿੰਘ ਦਾ ਜੀਵਨ ਪੰਧ ਮੁੱਕਿਆ, ਉਦੈ ਹੋਈ ਅਗਲੀ ਸਵੇਰ ਸ਼ਹੀਦ ਭਗਤ ਸਿੰਘ ਦੇ ਜਨਮ ਦੀ ਸੂਹੀ ਰੌਸ਼ਨੀ ਲੈ ਕੇ ਆਈ। ਦੇਸ਼ ਲਈ ਜਿਊਣ ਮਰਨ ਦੀ ਗੁੜਤੀ ਵਿਰਸੇ ਵਿੱਚੋਂ ਮਿਲੀ। ਪਗੜੀ ਸੰਭਾਲ ਲਹਿਰ ਦਾ ਨਾਇਕ ਚਾਚਾ ਅਜੀਤ ਸਿੰਘ ਰਾਹ ਦਰਸਾਵਾ ਬਣਿਆ। ਲਾਹੌਰ ਪੜ੍ਹਦਿਆਂ ਚੇਤਨਾ ਬੁਲੰਦੀ 'ਤੇ ਪਹੁੰਚੀ। ਦੇਸ਼ ਭਗਤ ਨੌਜਵਾਨਾਂ ਦੇ ਕਾਫ਼ਲੇ ਦਾ ਅੰਗ ਬਣਿਆ। ਅਧਿਐਨ, ਚਿੰਤਨ ਤੇ ਚੇਤਨਾ ਨੇ ਇਰਾਦਿਆਂ ਨੂੰ ਬਲ ਦਿੱਤਾ। ਉਹ ਪੁਸਤਕਾਂ ਨੂੰ ਜ਼ਿੰਦਗੀ ਜਿੰਨੀ ਮੁਹੱਬਤ ਕਰਦਾ। ਦੇਸ਼ ਦੁਨੀਆ ਦੇ ਲੇਖਕਾਂ ਨੂੰ ਪੜ੍ਹਦਾ ਇਤਿਹਾਸ ਨੂੰ ਵਾਚਦਾ ਦੇਸ਼ ਦੁਨੀਆ ਦੀ ਸਿਆਸਤ ਨੂੰ ਸਮਝਣ ਲੱਗਾ। ਗ਼ਦਰੀ ਜਰਨੈਲ ਕਰਤਾਰ ਸਿੰਘ ਸਰਾਭਾ ਉਸ ਦੇ ਸੁਫਨਿਆਂ ਵਿੱਚ ਵਸਦਾ। ਬੋਲ਼ੇ ਗੋਰੇ ਹਾਕਮਾਂ ਨੂੰ ਜਗਾਉਣ ਲਈ ਅਸੈਂਬਲੀ ਵਿੱਚ ਬੰਬ ਸੁੱਟਿਆ। ਜੇਲ੍ਹ ਵਿੱਚ ਜੱਜਾਂ ਨੂੰ ਨਿਰਉੱਤਰ ਕਰ ਆਜ਼ਾਦੀ ਦਾ ਪੱਖ ਪੂਰਦਿਆਂ ਭਾਰਤੀਆਂ 'ਤੇ ਹੁੰਦੇ ਜ਼ੁਲਮਾਂ ਦੀ ਕਥਾ ਦੇਸ਼ ਦੁਨੀਆ ਸਾਹਵੇਂ ਰੱਖੀ। ਮਨੁੱਖ ਦੀ ਮਨੁੱਖ ਹੱਥੋਂ ਲੁੱਟ ਬੰਦ ਕਰਨ ਵਾਲੀ ਖਰੀ ਆਜ਼ਾਦੀ ਲੋਚਦਾ ਫਾਂਸੀ ਦਾ ਰੱਸਾ ਚੁੰਮ ਗਿਆ। ਉਸ ਨਾਇਕ ਦੇ ਬੋਲ ਹੱਕਾਂ ਹਿਤਾਂ ਲਈ ਜੂਝਦੇ ਕਿਰਤੀ ਕਿਸਾਨਾਂ ਦੇ ਸੰਘਰਸ਼ਾਂ ਤੇ ਕਲਾ ਦੇ ਸਭਨਾਂ ਰੂਪਾਂ ਵਿੱਚ ਗੂੰਜਦੇ ਹਨ।

ਮਨ ਦੀ ਦਹਿਲੀਜ਼ ਤੋਂ ਪਾਸ਼ ਦੇ ਬੋਲਾਂ ਦੀ ਦਸਤਕ ਸੁਣਦਾ ਹਾਂ- 'ਸਾਡੇ ਸ਼ਹੀਦ ਸਾਥੋਂ ਕੁਸ਼ ਆਸ ਰੱਖਦੇ ਨੇ। ਪੰਜਾਬ ਦੀ ਜਵਾਨੀ ਨੂੰ ਸ਼ਹੀਦ ਭਗਤ ਸਿੰਘ ਦਾ ਫਾਂਸੀ ਚੜ੍ਹਨ ਤੋਂ ਪਹਿਲਾਂ ਪੁਸਤਕ ਦਾ ਮੋੜਿਆ ਵਰਕਾ ਖੋਲ੍ਹ ਕੇ ਅਗਾਂਹ ਤੁਰਨਾ ਚਾਹੀਦਾ ਹੈ। ਕਲਾ ਨਾਲ ਜ਼ਿੰਦਗੀ ਤੇ ਸਮਾਜ ਦਾ ਰਾਹ ਰੌਸ਼ਨ ਕਰਨਾ ਸਾਡੇ ਸਮਿਆਂ ਦਾ ਅਹਿਦ ਹੈ। ਸਭਨਾਂ ਵਿਤਕਰਿਆਂ ਤੋਂ ਮੁਕਤ ਬਰਾਬਰੀ ਦਾ ਸਮਾਜ, ਪ੍ਰਬੰਧ ਸ਼ਹੀਦ-ਏ-ਆਜ਼ਮ ਦੇ ਸੁਫਨਿਆਂ ਦੀ ਵਿਰਾਸਤ ਹੈ ਜਿਸ ਵਿੱਚ ਸੁਨਿਹਰੇ ਭਵਿੱਖ ਦੀ ਬੁਲੰਦ ਆਸ ਜਿਊਂਦੀ ਹੈ।'

# ਪਾਣੀ ਦਾ ਮੁੱਲ



ਲੇਖਕ : ਪ੍ਰਿੰਸੀਪਲ ਵਿਜੈ ਕੁਮਾਰ
ਸੰਪਰਕ: 98726-27136

ਇਹ ਘਟਨਾ ਭਾਵੇਂ ਮੇਰੇ ਵਿਦਿਆਰਥੀ ਜੀਵਨ ਦੀ ਹੈ ਪਰ ਇਸ ਦੀ ਸਾਰਥਕਤਾ ਦਾ ਜ਼ਿਕਰ ਸਦਾ ਹੁੰਦਾ ਰਹੇਗਾ। ਉਦੋਂ ਪਾਣੀ ਦੀ ਬੱਚਤ ਅਤੇ ਇਸ ਦੀ ਵਰਤੋਂ ਸੋਚ ਸਮਝ ਕੇ ਕਰਨ ਬਾਰੇ ਨਾ ਲੋਕਾਂ ਦੇ ਮੂੰਹੋਂ ਕਦੀ ਸੁਣਨ ਨੂੰ ਮਿਲਦਾ ਸੀ ਤੇ ਨਾ ਹੀ ਮੀਡੀਆ ਵਿੱਚ ਇਸ ਬਾਰੇ ਖਬਰਾਂ ਇਸ਼ਤਿਹਾਰ ਹੀ ਆਉਂਦੇ ਸਨ। ਮੈਂ ਜੇਬੀਟੀ ਦਾ ਡਿਪਲੋਮਾ ਕਰ ਰਿਹਾ ਸਾਂ। ਸਾਡੀ ਜੇਬੀਟੀ ਸੰਸਥਾ ਵਿੱਚ ਪਾਣੀ ਦੀ ਸਪਲਾਈ ਬੀਬੀਐੱਮਬੀ ਵਿਭਾਗ ਦੀ ਹੁੰਦੀ ਸੀ। ਸੰਸਥਾ ਦੀ ਇਮਾਰਤ ਬੀਬੀਐੱਮਬੀ ਦੀ ਹੋਣ ਕਰ ਕੇ ਪਾਣੀ ਦਾ ਬਿੱਲ ਵੀ ਕੋਈ ਨਹੀਂ ਸੀ ਆਉਂਦਾ। ਸੱਤ ਅੱਠ ਟੂਟੀਆਂ ਹਰ ਵੇਲੇ ਚਲਦੀਆਂ ਰਹਿੰਦੀਆਂ।

ਜੇਬੀਟੀ ਦਾ ਮੇਰਾ ਪਹਿਲਾ ਸਾਲ ਸੀ। ਸੰਸਥਾ ਵਿੱਚ ਲੰਮਾ ਝੰਮਾ, ਚੰਗਾ ਨਰੋਆ ਬੰਦਾ ਦਰਜਾ ਚਾਰ ਦੀ ਅਸਾਮੀ ਉੱਤੇ ਭਰਤੀ ਹੋ ਕੇ ਆਇਆ। ਉਹ ਫੌਜ ਤੋਂ ਸੇਵਾ ਮੁਕਤ ਹੋਇਆ ਸੀ। ਨਾਂ ਰੌਸ਼ਨ ਲਾਲ। ਹਿਮਾਚਲ ਪ੍ਰਦੇਸ਼ ਦੇ ਦੂਰ-ਦੁਰਾਡੇ ਇਲਾਕੇ ਨਾਲ ਸਬੰਧ ਰੱਖਦਾ ਸੀ। ਆਪਣੇ ਕੰਮਕਾਰ ਕਰ ਕੇ ਉਹ ਦੋ ਮਹੀਨਿਆਂ ਵਿਚ ਹੀ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਖਿੱਚ ਦਾ ਪਾਤਰ ਬਣ ਗਿਆ। ਬੋਲਬਾਣੀ ਦਾ ਬਹੁਤ ਮਿੱਠਾ ਸੀ ਪਰ ਕੋਈ ਉਹਦੀ ਗੱਲ ਨਾ ਮੰਨੇ ਤਾਂ ਥੋੜ੍ਹਾ ਕੌੜਾ ਵੀ ਹੋ ਜਾਂਦਾ ਸੀ। ਸਾਨੂੰ ਖੇਤੀਬਾੜੀ ਦਾ ਵਿਸ਼ਾ ਵੀ ਲੱਗਿਆ ਹੋਇਆ ਸੀ ਜੋ ਡਰਾਇੰਗ ਅਧਿਆਪਕ ਨੂੰ ਦਿੱਤਾ ਹੋਇਆ ਸੀ ਜਿਸ ਨੂੰ ਖੇਤੀਬਾੜੀ ਦਾ ਇੱਲ ਤੇ ਕੁੱਕੜ ਵੀ ਨਹੀਂ ਸੀ ਆਉਂਦਾ।

ਖੇਤੀਬਾੜੀ ਦੀ ਲਿਖਤੀ ਪ੍ਰੀਖਿਆ ਦੇ ਨਾਲ-ਨਾਲ ਪ੍ਰਯੋਗੀ ਪ੍ਰੀਖਿਆ ਵੀ ਹੁੰਦੀ ਸੀ। ਖੇਤੀਬਾੜੀ ਦਾ ਗਿਆਨ ਦੇਣ ਲਈ ਸੰਸਥਾ ਵਿੱਚ ਬਾਕਾਇਦਾ ਥਾਂ ਸੀ। ਸਿੱਖਿਆ ਵਿਭਾਗ ਦੀਆਂ ਹਦਾਇਤਾਂ ਸਨ ਕਿ ਇਸ ਥਾਂ ਵਿੱਚ ਬੱਚਿਆਂ ਨੂੰ ਖੇਤੀਬਾੜੀ ਬਾਰੇ ਸਿਖਾਉਣ ਲਈ ਉਨ੍ਹਾਂ ਤੋਂ ਹੱਥੀਂ ਕੰਮ ਕਰਵਾਇਆ ਜਾਵੇ। ਡਰਾਇੰਗ ਅਧਿਆਪਕ ਨੇ ਕਿਤਾਬ ਪੜ੍ਹਾਉਣ ਤੋਂ ਇਲਾਵਾ ਕਦੇ ਕੁਝ ਨਹੀਂ ਸੀ ਕਰਵਾਇਆ। ਇਉਂ ਸਾਨੂੰ ਖੇਤੀਬਾੜੀ ਦੀ ਪ੍ਰਯੋਗੀ ਪ੍ਰੀਖਿਆ ਦਾ ਕੁਝ ਨਹੀਂ ਸੀ ਆਉਂਦਾ। ਉਂਝ ਵੀ ਖੇਤੀਬਾੜੀ ਵਾਲੀ ਥਾਂ ਉਜਾੜ ਪਈ ਸੀ।

ਰੌਸ਼ਨ ਲਾਲ ਨੂੰ ਜਦੋਂ ਖੇਤੀਬਾੜੀ ਵਾਲੀ ਥਾਂ ਅਤੇ ਵਿਸ਼ੇ ਬਾਰੇ ਖ਼ਬਰ ਹੋਈ ਤਾਂ ਉਹਨੇ ਝੱਟ ਡਰਾਇੰਗ ਵਾਲੇ ਅਧਿਆਪਕ ਅਤੇ ਪ੍ਰਿੰਸੀਪਲ ਨਾਲ ਗੱਲ ਕਰ ਕੇ ਆਪ ਜ਼ਿੰਮੇਵਾਰੀ ਲੈ ਲਈ। ਉਹਨੇ ਵਿਦਿਆਰਥੀਆਂ ਦੀ ਸਹਾਇਤਾ ਨਾਲ ਥਾਂ ਐਨ ਤਿਆਰ ਕਰ ਲਈ। ਉਹ ਸਕੂਲ ਲੱਗਣ ਤੋਂ ਘੰਟਾ ਪਹਿਲਾਂ ਆ ਜਾਂਦਾ ਤੇ ਖੇਤੀਬਾੜੀ ਦੇ ਕੰਮ ਵਿੱਚ ਰੁਝ ਜਾਂਦਾ। ਇਸ ਥਾਂ ਨੂੰ ਪਾਣੀ ਚੰਗੀ ਤਰ੍ਹਾਂ ਨਹੀਂ ਸੀ ਲੱਗਦਾ। ਰੌਸ਼ਨ ਲਾਲ ਨੇ ਉਸ ਥਾਂ ਲਈ ਪਾਣੀ ਦੇ ਪ੍ਰਬੰਧ ਖ਼ਾਤਿਰ ਸਭ ਤੋਂ ਪਹਿਲਾਂ ਤਾਂ ਹਰ ਵਕਤ ਚੱਲਦੀਆਂ ਟੂਟੀਆਂ ਬੰਦ ਕਰਵਾਈ। ਬੱਚੇ ਟੂਟੀਆਂ 'ਤੇ ਜਾ ਕੇ ਓਕ ਨਾਲ ਪਾਣੀ ਪੀਂਦੇ ਸਨ, ਇਸ ਨਾਲ ਵੀ ਪਾਣੀ ਬਰਬਾਦੀ ਹੁੰਦੀ ਸੀ। ਬੱਚਿਆਂ ਨੂੰ ਟੂਟੀਆਂ 'ਤੇ ਜਾਣ ਤੋਂ ਰੋਕਣ ਲਈ ਉਨ੍ਹਾਂ ਲਈ ਪਾਣੀ ਦੀਆਂ ਬਾਲਟੀਆਂ, ਘੜਿਆਂ ਅਤੇ ਗਿਲਾਸਾਂ ਦਾ ਪ੍ਰਬੰਧ ਕੀਤਾ। ਜਿਹੜੇ ਬੱਚੇ ਟੂਟੀਆਂ ਤੋਂ ਹੀ ਪਾਣੀ ਪੀਂਦੇ, ਉਨ੍ਹਾਂ ਲਈ ਟੂਟੀਆਂ ਥੱਲੇ ਬਾਲਟੀਆਂ ਰੱਖੀਆਂ ਤਾਂ ਕਿ ਵਾਧੂ ਪਾਣੀ ਬਾਲਟੀਆਂ ਵਿਚ ਪੈਂਦਾ ਰਹੇ। ਬਾਲਟੀਆਂ ਭਰ ਜਾਂਦੀਆਂ ਤਾਂ ਪਾਣੀ ਟੂਟੀਆਂ ਕੋਲ ਰੱਖੇ ਢੋਲਾਂ ਵਿਚ ਪਾ ਦਿੱਤਾ ਜਾਂਦਾ ਤੇ ਢੋਲਾਂ ਦਾ ਪਾਣੀ ਖੇਤੀਬਾੜੀ ਵਾਲੀ ਥਾਂ ਲਈ ਵਰਤ ਲਿਆ ਜਾਂਦਾ। ਜਿਹੜਾ ਵੀ ਕੋਈ ਟੂਟੀ ਖੁੱਲ੍ਹੀ ਛੱਡਦਾ ਜਾਂ ਪਾਣੀ ਦੀ ਬਰਬਾਦੀ ਕਰਦਾ, ਰੌਸ਼ਨ ਲਾਲ ਉਹਨੂੰ ਫੱਟ ਟੋਕ ਦਿੰਦਾ, ਉਹ ਭਾਵੇਂ ਅਧਿਆਪਕ ਹੁੰਦੇ ਜਾਂ ਵਿਦਿਆਰਥੀ। ਉਸ ਦੀ ਟੋਕਾ-ਟਾਕੀ ਦਾ ਬੁਰਾ ਮਨਾਇਆ ਜਾਂਦਾ, ਆਲੋਚਨਾ ਵੀ ਹੁੰਦੀ ਪਰ ਉਹ ਕਦੇ ਕਿਸੇ ਦਾ ਗੁੱਸਾ ਨਾ ਮਨਾਉਂਦਾ। ਚੁੱਪ-ਚਾਪ ਆਪਣੇ ਕੰਮ ਲੱਗਿਆ ਰਹਿੰਦਾ। ਉਹਨੇ ਟੂਟੀਆਂ ਦੇ ਇਸ ਪਾਣੀ ਨਾਲ ਕਿਆਰੀਆਂ ਵਿਚ ਫੁੱਲ ਹੀ ਫੁੱਲ ਉਗਾ ਦਿੱਤੇ। ਉਹਦੀ ਆਲੋਚਨਾ ਕਰਨ ਵਾਲੇ ਉਹਦੇ ਪ੍ਰਸ਼ੰਸਕ ਬਣ ਗਏ। ਸਕੂਲ ਵਿੱਚ ਜਿਹੜਾ ਵੀ ਅਫਸਰ ਆਉਂਦਾ, ਫੁੱਲਾਂ ਦੀ ਰੌਣਕ ਤੇ ਸੁੰਦਰਤਾ ਦੇਖ ਕੇ ਸਭ ਤੋਂ ਪਹਿਲਾਂ ਰੌਸ਼ਨ ਲਾਲ ਨੂੰ ਸ਼ਾਬਾਸ਼ ਦਿੰਦਾ। ਖੇਤੀਬਾੜੀ ਵਾਲੀ ਥਾਂ 'ਤੇ ਲੱਗੀਆਂ ਸਬਜ਼ੀਆਂ ਅਤੇ ਫੁੱਲਾਂ ਕਰ ਕੇ ਸਾਰੇ ਰੌਸ਼ਨ ਲਾਲ ਦੇ ਗੁਣ ਗਾਉਂਦੇ।

ਇੱਕ ਦਿਨ ਪ੍ਰਾਰਥਨਾ ਸਭਾ ਵਿੱਚ ਪ੍ਰਿੰਸੀਪਲ ਨੇ ਦੱਸਿਆ ਕਿ ਰੌਸ਼ਨ ਲਾਲ ਨੂੰ ਉਸ ਦੇ ਘਰ ਨੇੜੇ ਹੀ ਬੈਂਕ ਵਿਚ ਨੌਕਰੀ ਮਿਲ ਗਈ ਹੈ। ਉਹ ਕੁਝ ਦਿਨਾਂ ਬਾਅਦ ਇੱਥੋਂ ਚਲਾ ਜਾਵੇਗਾ। ਅੱਜ ਉਹ ਤੁਹਾਨੂੰ ਆਪਣਾ ਕੋਈ ਸੁਨੇਹਾ ਦੇਣਾ ਚਾਹੁੰਦਾ ਹੈ।

...ਤੇ ਰੌਸ਼ਨ ਲਾਲ ਨੇ ਸਾਨੂੰ ਆਪਣਾ ਸੁਨੇਹਾ ਦਿੱਤਾ, "ਬੱਚਿਓ, ਸਾਡੇ ਇੱਕ ਫੌਜੀ ਅਫਸਰ ਨੇ ਪਾਣੀ ਦੇ ਮੁੱਲ ਬਾਰੇ ਦੱਸਦਿਆਂ ਕਿਹਾ ਸੀ ਕਿ ਉਸ ਦਾ ਸਬੰਧ ਅਜਿਹੇ ਇਲਾਕੇ ਨਾਲ ਹੈ ਜਿੱਥੇ ਲੋਕਾਂ ਨੂੰ ਪਾਣੀ ਦੀ ਬੂੰਦ-ਬੂੰਦ ਲਈ ਤਰਸਣਾ ਪੈਂਦਾ ਹੈ। ਪਿੰਡ ਦੇ ਟੋਭੇ ਦੇ ਪਾਣੀ ਨਾਲ ਨਹਾਉਣਾ ਪੈਂਦਾ ਸੀ ਜਿੱਥੇ ਮੀਂਹ ਵਾਲਾ ਪਾਣੀ ਇਕੱਠਾ ਹੁੰਦਾ ਸੀ। ਉਹ ਆਪਣੇ ਲਈ ਸਾਫ ਪਾਣੀ ਚਾਰ ਪੰਜ ਕਿਲੋਮੀਟਰ ਤੋਂ ਲੈਣ ਜਾਂਦੇ ਸੀ।... ਤੁਸੀਂ ਇੱਕ ਗੱਲ ਆਪਣੇ ਦਿਮਾਗ ਵਿਚ ਬਿਠਾ ਲਓ ਕਿ ਜੇਕਰ ਅਸੀਂ ਪਾਣੀ ਦੀ ਸੰਭਾਲ ਨਾ ਕੀਤੀ ਤਾਂ ਆਉਣ ਵਾਲਾ ਸਮਾਂ ਬਹੁਤ ਭਿਆਨਕ ਹੋਵੇਗਾ। ਮੈਂ ਉਸ ਅਫਸਰ ਦੀ ਕਹੀ ਗੱਲ ਇਸ ਲਈ ਗੱਠ ਬੰਨ੍ਹ ਲਈ ਕਿਉਂਕਿ ਸਾਡੇ ਇਲਾਕੇ 'ਚ ਵੀ ਪਾਣੀ ਦੀ ਬਹੁਤ ਤੰਗੀ ਹੈ। ਮੈਂ ਤੁਹਾਨੂੰ ਪਾਣੀ ਦੇ ਮੁੱਲ ਦਾ ਇਹ ਸੁਨੇਹਾ ਦੇਣਾ ਚਾਹੁੰਦਾ ਹਾਂ।"

ਰੌਸ਼ਨ ਲਾਲ ਨੂੰ ਉਨ੍ਹਾਂ ਫੁੱਲਾਂ ਦੇ ਹਾਰਾਂ ਨਾਲ ਹੀ ਵਿਦਾਇਗੀ ਦਿੱਤੀ ਗਈ ਜਿਹੜੇ ਉਹਨੇ ਖ਼ੁਦ ਕਿਆਰੀਆਂ ਵਿੱਚ ਉਗਾਏ ਹੋਏ ਸਨ। ਰੌਸ਼ਨ ਲਾਲ ਤਾਂ ਪਤਾ ਨਹੀਂ, ਇਸ ਦੁਨੀਆ ਵਿਚ ਹੈ ਕਿ ਨਹੀਂ ਪਰ ਉਸ ਦੇ ਵਡਮੁੱਲੇ ਸੁਨੇਹੇ ਨੇ ਉਹਨੂੰ ਜਿਊਂਦਾ ਰੱਖਿਆ ਹੋਇਆ ਹੈ।

# ਸਿਹਤ ਸੰਸਾਰ



# ਸਿਰ ਦੇ ਦਰਦ ਨੂੰ ਨਾ ਕਰਿਓ ਅਖੋਂ ਪਰੋਖੇ

## ਬ੍ਰੇਨ ਟਿਊਮਰ ਦੌਰਾਨ ਵੀ ਅਜਿਹੇ ਹੀ ਹੁੰਦੇ ਹਨ ਲੱਛਣ

ਸਿਹਤ ਦੇ ਮਾਮਲੇ ਵਿਚ ਸਾਵਧਾਨੀ ਬਹੁਤ ਜ਼ਰੂਰੀ ਹੈ। ਕਈ ਵਾਰ ਅਸੀਂ ਛੋਟੀਆਂ-ਮੋਟੀਆਂ ਸਮੱਸਿਆਵਾਂ ਤੋਂ ਬਚ ਜਾਂਦੇ ਹਾਂ ਤੇ ਬਾਅਦ ਵਿਚ ਉਹ ਸਮੱਸਿਆ ਗੰਭੀਰ ਹੋ ਜਾਂਦੀ ਹੈ। ਅਜਿਹੀ ਹੀ ਇਕ ਗੰਭੀਰ ਬਿਮਾਰੀ ਹੈ ਬ੍ਰੇਨ ਟਿਊਮਰ, ਜਿਸ ਦੇ ਲੱਛਣ ਸ਼ੁਰੂ ਵਿਚ ਆਮ ਲੱਗਦੇ ਹਨ ਪਰ ਇਸ ਦੇ ਇਲਾਜ 'ਚ ਦੇਰੀ ਕਰਨਾ ਖਤਰਨਾਕ ਹੋ ਸਕਦਾ ਹੈ। ਸ਼ੁਰੂਆਤ ਵਿਚ ਸਿਰ ਵਿਚ ਹਲਕਾ ਜਿਹਾ ਦਰਦ ਹੁੰਦਾ ਹੈ, ਪਰ ਜਿਵੇਂ-ਜਿਵੇਂ ਸਮਾਂ ਬੀਤਦਾ ਹੈ, ਦਰਦ ਵਧਣ ਲੱਗਦਾ ਹੈ। ਦੱਸ ਦੇਈਏ ਕਿ ਬ੍ਰੇਨ ਟਿਊਮਰ ਦਾ ਕੋਈ ਇਲਾਜ ਨਹੀਂ ਹੈ।

ਦੱਸ ਦੇਈਏ ਕਿ ਬ੍ਰੇਨ ਟਿਊਮਰ ਦਾ ਕੋਈ ਇਲਾਜ ਨਹੀਂ ਹੈ। ਜੇਕਰ ਸ਼ੁਰੂਆਤੀ ਅਵਸਥਾ 'ਚ ਇਸ ਦਾ ਪਤਾ ਲੱਗ ਜਾਵੇ ਤਾਂ ਇਸ ਦਾ ਇਲਾਜ ਸਰਜਰੀ ਜਾਂ ਹੋਰ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ ਪਰ ਜੇਕਰ ਤੁਸੀਂ ਇਸ ਦੇ ਲੱਛਣਾਂ 'ਤੇ ਧਿਆਨ ਨਹੀਂ ਦਿੰਦੇ ਤਾਂ ਸਥਿਤੀ ਗੰਭੀਰ ਬਣ ਸਕਦੀ ਹੈ ਤਾਂ ਆਓ ਅਸੀਂ ਤੁਹਾਨੂੰ ਇਸ ਬਿਮਾਰੀ ਬਾਰੇ ਵਿਸਥਾਰ ਨਾਲ ਦੱਸਦੇ ਹਾਂ।

### ਕੀ ਹੁੰਦਾ ਹੈ ਬ੍ਰੇਨ ਟਿਊਮਰ ?

ਕਿਸੇ ਵੀ ਟਿਊਮਰ ਦਾ ਮਤਲਬ ਹੈ ਕੁਝ ਟਿਸ਼ੂਜ਼ ਦਾ ਤੇਜ਼ੀ ਨਾਲ ਵਾਧਾ। ਜੇਕਰ ਇਹ ਸਰੀਰ ਦੇ ਬਾਕੀ ਹਿੱਸਿਆਂ 'ਚ ਵਧ ਜਾਵੇ ਤਾਂ ਇਸ ਦਾ ਇਲਾਜ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਪਰ ਜੇ ਬੰਦ ਖੋਪੜੀ 'ਚ ਟਿਸ਼ੂਜ਼ ਅਸਧਾਰਨ ਤੌਰ 'ਤੇ ਵਧਣ ਲੱਗਦੇ ਹਨ ਤਾਂ ਦਿਮਾਗ ਨੂੰ ਕਾਫ਼ੀ ਨੁਕਸਾਨ ਹੋ ਸਕਦਾ ਹੈ। ਨਾਲ ਹੀ, ਦਿਮਾਗ ਦੀ ਸਰਜਰੀ ਬਹੁਤ ਮੁਸ਼ਕਲ ਹੁੰਦੀ ਹੈ। ਇਕ ਮਾਮੂਲੀ ਗਲਤੀ ਘਾਤਕ ਹੋ ਸਕਦੀ ਹੈ। ਇਸੇ ਲਈ ਬ੍ਰੇਨ ਟਿਊਮਰ ਨੂੰ ਬਹੁਤ ਗੰਭੀਰ ਬਿਮਾਰੀ ਮੰਨਿਆ ਜਾਂਦਾ ਹੈ।

### ਬ੍ਰੇਨ ਟਿਊਮਰ ਦੇ ਲੱਛਣ

ਇਸ 'ਚ ਪਹਿਲਾਂ ਸਿਰ 'ਚ ਲਗਾਤਾਰ ਹਲਕਾ ਦਰਦ ਰਹਿੰਦਾ ਹੈ ਜੋ ਸਮੇਂ ਦੇ ਨਾਲ ਵਧਦਾ ਜਾਂਦਾ ਹੈ। ਇਸ ਲਈ ਗੋਲੀਆਂ ਖਾ ਕੇ ਸਿਰਦਰਦ ਦੀ ਸਮੱਸਿਆ ਨੂੰ ਦਬਾਉਣ ਦੀ ਕੋਸ਼ਿਸ਼ ਨਾ ਕਰੋ। ਸਿਰਦਰਦ ਵਧਣ ਦੇ ਨਾਲ ਬਾਅਦ ਵਿੱਚ ਲੱਛਣ ਜਿਵੇਂ ਕਿ ਚੱਕਰ ਆਉਣੇ, ਉਲਟੀਆਂ ਆਉਣਾ, ਨਜ਼ਰ ਘਟਣਾ, ਧੁੰਦਲਾ ਨਜ਼ਰ ਆਉਣਾ, ਹੱਥਾਂ-ਪੈਰਾਂ 'ਚ ਸੰਵੇਦਨਾ ਘਟਣਾ, ਬੋਲਣ ਜਾਂ ਸਮਝਣ ਵਿਚ ਮੁਸ਼ਕਲ ਆ ਸਕਦੀ ਹੈ। ਅਜਿਹੀ ਸਥਿਤੀ 'ਚ ਇਸ ਤੋਂ ਬਚਾਅ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਜੇਕਰ ਸਿਰਦਰਦ ਦੀ ਸ਼ਿਕਾਇਤ ਲਗਾਤਾਰ ਰਹਿੰਦੀ ਹੈ ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ।

### ਬ੍ਰੇਨ ਟਿਊਮਰ ਦਾ ਇਲਾਜ

ਬ੍ਰੇਨ ਟਿਊਮਰ ਦਾ ਇਲਾਜ ਸਰਜਰੀ ਰਾਹੀਂ ਹੀ ਸੰਭਵ ਹੈ। ਪਰ ਇਹ ਸਰਜਰੀ ਉਦੋਂ ਹੀ ਕੀਤੀ ਜਾ ਸਕਦੀ ਹੈ ਜਦੋਂ ਟਿਊਮਰ ਦਾ ਆਕਾਰ ਛੋਟਾ ਹੋਵੇ। ਨਾਲ ਹੀ, ਇਹ ਬਹੁਤ ਦੂਰ ਨਾ ਫੈਲਿਆ ਹੋਵੇ। ਅੱਜਕੱਲ੍ਹ, ਐਕਸ-ਰੇ ਜਾਂ ਪ੍ਰੋਟੋਨ ਵਰਗੇ ਰੇਡੀਏਸ਼ਨ ਵੀ ਟਿਊਮਰ ਦੇ ਟਿਸ਼ੂਜ਼ ਨੂੰ ਮਾਰਨ ਲਈ ਵਰਤੇ ਜਾਂਦੇ ਹਨ। ਕੁਝ ਮਾਮਲਿਆਂ 'ਚ ਕੀਮੋਥੈਰੇਪੀ ਦੀ ਵਰਤੋਂ ਟਿਊਮਰ ਟਿਸ਼ੂਜ਼ ਨੂੰ ਨਸ਼ਟ ਕਰਨ ਲਈ ਵੀ ਕੀਤੀ ਜਾਂਦੀ ਹੈ। ਅਜਿਹੇ 'ਚ ਡਾਕਟਰਾਂ ਦਾ ਮੰਨਣਾ ਹੈ ਕਿ ਜਿੰਨੀ ਜਲਦੀ ਇਸ ਬਿਮਾਰੀ ਦਾ ਪਤਾ ਲੱਗ ਜਾਵੇ, ਓਨਾ ਹੀ ਚੰਗਾ ਹੈ। ਤੁਸੀਂ ਵੀ ਇਸੇ ਗੱਲ ਦਾ ਧਿਆਨ ਰੱਖਣਾ ਹੈ।

## ਕਾਬੂ ਰੱਖੋ ਕੋਲੈਸਟ੍ਰੋਲ 'ਤੇ



ਕੋਲੈਸਟ੍ਰੋਲ ਦਾ ਵਧਣਾ ਸਾਡੀ ਰੋਜ਼ਮਰਾ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਕੀ ਖਾਂਦੇ ਹਾਂ, ਕਿੰਨਾ ਖਾਂਦੇ ਹਾਂ ਅਤੇ ਕਿੰਨੀ ਮਿਹਨਤ ਕਰਦੇ ਹਾਂ। ਜੇਕਰ ਅਸੀਂ ਪੌਸ਼ਟਿਕ ਭੋਜਨ ਤਾਂ ਲੈਂਦੇ ਹਾਂ ਪਰ ਸਰੀਰਕ ਮਿਹਨਤ ਨਹੀਂ ਕਰਦੇ ਤਾਂ ਇਸ ਦਾ ਪ੍ਰਭਾਵ ਸਾਡੇ ਸਰੀਰ 'ਤੇ ਪਵੇਗਾ। ਜੇਕਰ ਅਸੀਂ ਕਾਫੀ ਮਿਹਨਤ ਕਰਦੇ ਹਾਂ ਪਰ ਭੋਜਨ 'ਤੇ ਧਿਆਨ ਨਹੀਂ ਦਿੰਦੇ ਤਾਂ ਵੀ ਸਾਡਾ ਸਰੀਰ ਕਮਜ਼ੋਰੀ ਮਹਿਸੂਸ ਕਰੇਗਾ। ਇਸ ਦਾ ਅਰਥ ਹੈ ਕਿ ਤੰਦਰੁਸਤ ਜੀਵਨ ਸ਼ੈਲੀ ਦੇ ਨਾਲ ਸਹੀ ਖਾਣ-ਪੀਣ ਦਾ ਸੇਵਨ ਕਰਕੇ ਹੀ ਅਸੀਂ ਸਿਹਤਮੰਦ ਰਹਿ ਸਕਦੇ ਹਾਂ।

- ਕੋਲੈਸਟ੍ਰੋਲ ਦਾ ਪੱਧਰ ਸਿਗਰਟਨੋਸ਼ੀ ਨਾਲ, ਅਲਕੋਹਲ ਦੇ ਸੇਵਨ ਨਾਲ ਅਤੇ ਸਰੀਰ ਮੋਟਾ ਹੋਣ ਨਾਲ ਵੀ ਵਧਦਾ ਹੈ। ਜਦੋਂ ਕੋਲੈਸਟ੍ਰੋਲ ਵਧਦਾ ਹੈ ਤਾਂ ਸਰੀਰ ਹੋਰ ਕਈ ਬਿਮਾਰੀਆਂ ਨਾਲ ਘਿਰਨਾ ਸ਼ੁਰੂ ਹੋ ਜਾਂਦਾ ਹੈ, ਇਸ ਲਈ ਕੋਲੈਸਟ੍ਰੋਲ ਪੱਧਰ 'ਤੇ ਕਾਬੂ ਪਾਉਣਾ ਜ਼ਰੂਰੀ ਹੈ।
- ਹਰੀਆਂ ਪੱਤੇਦਾਰ ਸਬਜ਼ੀਆਂ ਦਾ ਨਿਯਮਤ ਸੇਵਨ ਕਰੋ।
- ਰਾਤ ਨੂੰ ਬਦਾਮ ਭਿਉਂ ਦਿਓ ਅਤੇ ਸਵੇਰੇ ਉਨ੍ਹਾਂ ਨੂੰ ਛਿੱਲ ਕੇ ਤਿੰਨ ਹਫਤੇ ਤੱਕ ਨਿਯਮਤ ਖਾਣ ਨਾਲ ਮਾੜੇ ਕੋਲੈਸਟ੍ਰੋਲ ਵਿਚ 10 ਫੀਸਦੀ ਦੇ ਕਰੀਬ ਕਮੀ ਆਉਂਦੀ ਹੈ।
- ਆਪਣੇ ਐੱਚ. ਡੀ. ਐੱਲ. (ਚੰਗੇ ਕੋਲੈਸਟ੍ਰੋਲ) ਨੂੰ ਵਧਾਉਣ ਲਈ ਨਿਯਮਤ ਤੌਰ 'ਤੇ 3-4 ਕਲੀਆਂ ਲਸਣ ਦੀਆਂ ਲਓ।
- ਕੋਲੈਸਟ੍ਰੋਲ ਨੂੰ ਕਾਬੂ ਰੱਖਣ ਲਈ ਆਪਣੇ ਭੋਜਨ ਵਿਚ ਨਾਰੀਅਲ ਤੇਲ ਦੀ ਵਰਤੋਂ ਕਰੋ। ਕੁੱਲ 1 ਟੇਬਲਸਪੂਨ ਤੱਕ ਹਰ ਰੋਜ਼ ਤੁਸੀਂ ਨਾਰੀਅਲ ਤੇਲ ਸਬਜ਼ੀਆਂ ਰਾਹੀਂ ਲੈ ਸਕਦੇ ਹੋ।
- ਐੱਲ. ਡੀ. ਐੱਲ. (ਮਾੜਾ ਕੋਲੈਸਟ੍ਰੋਲ) ਨੂੰ ਕਾਬੂ ਰੱਖਣ ਲਈ ਸੁੱਕਾ ਧਨੀਆ ਪਾਊਡਰ ਲਗਪਗ 2 ਛੋਟੇ ਚਮਚ ਇਕ ਕੱਪ ਪਾਣੀ ਵਿਚ ਉਬਾਲ ਕੇ ਚਾਹ ਦੀ ਜਗ੍ਹਾ ਇਸ ਦਾ ਸੇਵਨ ਦਿਨ ਵਿਚ ਦੋ ਵਾਰ ਕਰ ਸਕਦੇ ਹੋ। ਇਸ ਦੇ ਸਵਾਦ ਨੂੰ ਵਧਾਉਣ ਲਈ ਤੁਸੀਂ ਦੁੱਧ, ਇਲਾਇਚੀ ਪਾਊਡਰ ਅਤੇ ਥੋੜ੍ਹੀ ਚੀਨੀ ਵੀ ਮਿਲਾ ਸਕਦੇ ਹੋ।
- ਇਕ ਗਿਲਾਸ ਕੋਸੇ ਪਾਣੀ ਵਿਚ ਸੇਬ ਦਾ ਸਿਰਕਾ 1 ਛੋਟਾ ਚਮਚ ਅਤੇ ਸ਼ਹਿਦ ਮਿਲਾ ਕੇ ਪੀ ਸਕਦੇ ਹੋ।
- ਖਾਣੇ ਵਿਚ ਉਨ੍ਹਾਂ ਖਾਧ ਪਦਾਰਥਾਂ ਦਾ ਸੇਵਨ ਜ਼ਿਆਦਾ ਕਰੋ, ਜਿਨ੍ਹਾਂ ਵਿਚ ਘੁਲਣਸ਼ੀਲ ਫਾਈਬਰ ਦੀ ਮਾਤਰਾ ਜ਼ਿਆਦਾ ਹੋਵੇ, ਜਿਵੇਂ ਆਪਣੀ ਖੁਰਾਕ ਵਿਚ ਓਟਸ ਨੂੰ ਸ਼ਾਮਿਲ ਕਰੋ। ਉਸ ਵਿਚ ਸਟ੍ਰਾਬੇਰੀ, ਕੇਲਾ, ਅਖਰੋਟ ਆਦਿ ਵੀ ਮਿਲਾ ਕੇ ਲੈ ਸਕਦੇ ਹੋ।
- ਇਕ ਛੋਟਾ ਚਮਚ ਪਿਆਜ਼ ਦੇ ਰਸ ਵਿਚ ਇਕ ਛੋਟਾ ਚਮਚ ਸ਼ਹਿਦ ਮਿਲਾ ਕੇ ਸਵੇਰੇ ਇਕ ਵਾਰ ਨਿਯਮਤ ਲਓ।
- ਅਧਰਕ ਦੇ ਨਿਯਮਤ ਸੇਵਨ ਨਾਲ ਵੀ ਕੋਲੈਸਟ੍ਰੋਲ ਦਾ ਪੱਧਰ ਘੱਟ ਹੁੰਦਾ ਹੈ। ਸਬਜ਼ੀ ਵਿਚ ਇਸ ਦੀ ਵਰਤੋਂ ਕਰੋ। ਥੋੜ੍ਹਾ ਜਿਹਾ ਟੁਕੜਾ ਤੁਸੀਂ ਰੁੱਖਾ ਵੀ ਖਾ ਸਕਦੇ ਹੋ।
- ਪਿਆਜ਼ ਦੀ ਮਾਤਰਾ ਨੂੰ ਆਪਣੇ ਭੋਜਨ ਵਿਚ ਵਧਾਓ।
- ਸਰਦੀਆਂ ਵਿਚ ਸੰਤਰੇ ਦਾ ਖੂਬ ਸੇਵਨ ਕਰੋ। ਇਸ ਵਿਚ ਫਾਈਬਰ ਵੀ ਮਿਲੇਗਾ। ਇਸ ਤੋਂ ਇਲਾਵਾ ਵਿਟਾਮਿਨ 'ਸੀ', ਫਲੇਵੋਨਾਈਡਸ ਅਤੇ ਫਾਲੇਟ ਦੇ ਗੁਣਾਂ ਨਾਲ ਭਰਪੂਰ ਹੁੰਦਾ ਹੈ।
- ਟਮਾਟਰ ਵਿਚ ਲਾਈਕੋਪੀਨ ਦੀ ਭਰਪੂਰ ਮਾਤਰਾ ਹੁੰਦੀ ਹੈ। ਇਸ ਨੂੰ ਸਲਾਦ, ਚਟਣੀ, ਸਬਜ਼ੀ, ਜੂਸ ਦੇ ਰੂਪ ਵਿਚ ਨਿਯਮਤ ਲੈਂਦੇ ਰਹੋ।
- ਘੱਟ ਤੋਂ ਘੱਟ ਅੱਧੇ ਘੰਟੇ ਦੀ ਸੈਰ ਜ਼ਰੂਰ ਕਰੋ। ਇਸ ਨਾਲ ਐੱਚ. ਡੀ. ਐੱਲ. ਦਾ ਪੱਧਰ ਵਧਦਾ ਹੈ।
- ਭਾਰ ਨੂੰ ਕਾਬੂ ਵਿਚ ਰੱਖਣਾ ਜ਼ਰੂਰੀ ਹੈ।
- ਕੋਲੈਸਟ੍ਰੋਲ ਨੂੰ ਕਾਬੂ ਵਿਚ ਰੱਖਣ ਲਈ ਨਿਯਮਤ ਇਕ ਤੋਂ ਦੋ ਚਮਚ ਫਲੈਕਸ ਸੀਡਸ ਪਾਣੀ ਦੇ ਨਾਲ ਫੱਕ ਲੈਣੇ ਚਾਹੀਦੇ ਹਨ ਜਾਂ ਫਿਰ ਅਖਰੋਟ ਦਾ ਨਿਯਮਤ ਸੇਵਨ ਕਰੋ।
- ਮੇਥੀਦਾਣਾ ਇਕ ਚਮਚ ਰਾਤ ਨੂੰ ਭਿਉਂ ਕੇ ਰੱਖੋ। ਸਵੇਰੇ ਉਸ ਦੇ ਦਾਣੇ ਚਬਾਅ ਕੇ ਪਾਣੀ ਪੀ ਲਓ। ਮਦਦ ਮਿਲੇਗੀ।

-ਸਾਰਿਕਾ

## ਲੱਖਾਂ ਦਵਾਈਆਂ ਦੀ ਇਕ ਦਵਾਈ ਹੈ



## ਗਾਜਰ

ਗਾਜਰ ਨੂੰ ਫਲ, ਸਬਜ਼ੀ ਅਤੇ ਸਲਾਦ ਦੇ ਰੂਪ ਵਿਚ ਖਾਧਾ ਜਾਂਦਾ ਹੈ। ਇਸ ਨੂੰ ਇਕ ਸੰਤੁਲਿਤ ਆਹਾਰ ਮੰਨਿਆ ਜਾਂਦਾ ਹੈ। ਇਸ ਵਿਚ ਸਾਰੇ ਤਰ੍ਹਾਂ ਦੇ ਪੋਸ਼ਕ ਤੱਤ ਮਿਲਦੇ ਹਨ ਪਰ ਇਸ ਵਿਚ ਹੋਰ ਤੱਤਾਂ ਦੇ ਮੁਕਾਬਲੇ ਪ੍ਰੋਟੀਨ ਦੀ ਮਾਤਰਾ ਕੁਝ ਘੱਟ ਹੁੰਦੀ ਹੈ। ਇਸੇ ਕਾਰਨ ਇਸ ਨੂੰ ਪੂਰਨ ਅਤੇ ਸਰਬੋਤਮ ਆਹਾਰ ਮੰਨਿਆ ਜਾਂਦਾ ਹੈ।

ਗਾਜਰ ਬਹੁਤ ਸਵਾਦੀ ਅਤੇ ਸਰਦੀਆਂ ਵਿਚ ਬਹੁਤ ਸਸਤੀ ਹੁੰਦੀ ਹੈ, ਇਸੇ ਕਾਰਨ ਇਸ ਨੂੰ ਹਰੇਕ ਵਰਗ ਆਸਾਨੀ ਨਾਲ ਖਰੀਦ ਸਕਦਾ ਹੈ। ਖਾਸ ਤੌਰ 'ਤੇ ਗਾਜਰ ਦੋ ਤਰ੍ਹਾਂ ਦੀ ਹੁੰਦੀ ਹੈ-ਇਕ ਕਾਲੀ ਗਾਜਰ, ਦੂਜੀ ਲਾਲ ਗਾਜਰ। ਦੋਵੇਂ ਹੀ ਸਿਹਤ ਲਈ ਬਹੁਤ ਲਾਭਦਾਇਕ ਹੁੰਦੀਆਂ ਹਨ। ਕਾਲੀ ਗਾਜਰ ਅਕਸਰ ਘੱਟ ਹੀ ਪੈਦਾ ਹੁੰਦੀ ਹੈ। ਇਸ ਦੀ ਵਰਤੋਂ ਵੀ ਘੱਟ ਹੁੰਦੀ ਹੈ ਪਰ ਹਾਜ਼ਮੇ ਲਈ ਕਾਲੀ ਗਾਜਰ ਬਹੁਤ ਵਰਤੋਂ ਵਿਚ ਆਉਂਦੀ ਹੈ। ਲਾਲ ਗਾਜਰ ਕਿਉਂਕਿ ਜ਼ਿਆਦਾ ਮਾਤਰਾ ਵਿਚ ਪੈਦਾ ਹੁੰਦੀ ਹੈ, ਇਸ ਲਈ ਆਮ ਤੌਰ 'ਤੇ ਇਸ ਨੂੰ ਹੀ ਵਰਤੋਂ ਵਿਚ ਲਿਆਇਆ ਜਾਂਦਾ ਹੈ। ਕੱਚੀ ਗਾਜਰ ਦਾ ਸੇਵਨ ਬੱਚਿਆਂ, ਜਵਾਨਾਂ, ਬਜ਼ੁਰਗਾਂ ਦੀ ਸਿਹਤ ਲਈ ਬਹੁਤ ਲਾਭਦਾਇਕ ਹੈ।

ਘਰ ਵਿਚ ਸਬਜ਼ੀ ਬਣਾਉਣ ਤੋਂ ਇਲਾਵਾ ਗਾਜਰ ਦਾ ਹਲਵਾ ਵੀ ਬਣਾਇਆ ਜਾਂਦਾ ਹੈ। ਇਸ ਨਾਲ ਹੀ ਗਾਜਰ ਪਾਕ ਵੀ ਬਣਾਇਆ ਜਾਂਦਾ ਹੈ, ਜੋ ਮਠਿਆਈ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਇਸ ਦਾ ਰਾਇਤਾ ਵੀ ਬਣਾਇਆ ਜਾਂਦਾ ਹੈ। ਹੋਰ ਵੀ ਕਈ ਤਰ੍ਹਾਂ ਦੀਆਂ ਚੀਜ਼ਾਂ ਬਣਾਈਆਂ ਜਾਂਦੀਆਂ ਹਨ। ਗਾਜਰ ਦਾ ਮੁਰੱਬਾ ਬਹੁਤ ਲਾਭਦਾਇਕ ਹੁੰਦਾ ਹੈ।

ਗਾਜਰ ਦਾ ਮੁਰੱਬਾ ਘਰੇਲੂ ਔਰਤਾਂ ਘਰ ਵਿਚ ਹੀ ਬਣਾ ਸਕਦੀਆਂ ਹਨ। ਇਸ ਦਾ ਮੁਰੱਬਾ ਖਾਣ ਨਾਲ ਸਾਹ ਅਤੇ ਦਮੇ ਦੇ ਮਰੀਜ਼ਾਂ ਨੂੰ ਕਾਫੀ ਲਾਭ ਹੁੰਦਾ ਹੈ।

ਗਾਜਰ ਦਾ ਰਸ ਵੀ ਬਹੁਤ ਲਾਭਦਾਇਕ ਹੁੰਦਾ ਹੈ। ਇਹ ਕਿਸੇ ਵੀ ਉਮਰ ਵਿਚ ਕਿਸੇ ਵੀ ਸਮੇਂ ਪੀਤਾ ਜਾ ਸਕਦਾ ਹੈ। ਜਿਨ੍ਹਾਂ ਮਾਵਾਂ ਵਿਚ ਦੁੱਧ ਦੀ ਕਮੀ ਪਾਈ ਜਾਂਦੀ ਹੈ, ਉਹ ਗਾਜਰ ਦਾ ਰਸ ਰੋਜ਼ਾਨਾ ਸੇਵਨ ਕਰਕੇ ਇਸ ਕਮੀ ਨੂੰ ਦੂਰ ਕਰ ਸਕਦੀਆਂ ਹਨ। ਇਹ ਰਸ ਕੈਂਸਰ ਦੇ ਰੋਗੀਆਂ ਨੂੰ ਪਿਲਾਇਆ ਜਾਵੇ ਤਾਂ ਬਹੁਤ ਰਾਹਤ ਮਿਲਦੀ ਹੈ। ਇਸ ਦਾ ਰਸ ਅੱਖਾਂ ਅਤੇ ਦੰਦਾਂ ਲਈ ਬਹੁਤ ਲਾਭਦਾਇਕ ਹੈ।

ਗਾਜਰ ਦਾ ਰਸ ਭੁੱਖ ਵਧਾ ਕੇ ਸਰੀਰ ਵਿਚ ਲੋਹ ਤੱਤਾਂ ਦੀ ਕਮੀ ਨੂੰ ਪੂਰਾ ਕਰਦਾ ਹੈ। ਜਿਨ੍ਹਾਂ ਰੋਗੀਆਂ ਵਿਚ ਖੂਨ ਦੀ ਕਮੀ ਪਾਈ ਜਾਂਦੀ ਹੈ, ਉਨ੍ਹਾਂ ਰੋਗੀਆਂ ਨੂੰ ਗਾਜਰ ਦੇ ਰਸ ਦਾ ਖੂਬ ਸੇਵਨ ਕਰਨਾ ਚਾਹੀਦਾ ਹੈ। ਇਸ ਦਾ ਰਸ ਪੀਣ ਨਾਲ ਸਰੀਰ ਵਿਚ ਖੂਨ ਦੀ ਕਮੀ ਨਹੀਂ ਰਹਿੰਦੀ। ਗਾਜਰ ਦਾ ਸੇਵਨ ਖੂਨ ਸਾਫ ਕਰਨ ਲਈ ਵੀ ਕੀਤਾ ਜਾਂਦਾ ਹੈ।

ਗਾਜਰ ਦਾ ਸੇਵਨ ਅੱਖ, ਦੰਦ, ਕੰਨ, ਪੇਟ, ਕਬਜ਼ ਆਦਿ ਰੋਗਾਂ ਦੇ ਲਈ ਬਹੁਤ ਜ਼ਰੂਰੀ ਹੈ। ਪਿਸ਼ਾਬ ਵਿਚ ਖੂਨ ਦਾ ਜਾਣਾ, ਅੰਤੜੀ ਵਿਚ ਦਰਦ ਹੋਣਾ, ਅੰਤੜੀ ਵਿਚ ਸੋਜ ਅਤੇ ਅੱਖਾਂ ਵਿਚ ਜ਼ਖਮ ਹੋਣਾ ਆਦਿ ਅਨੇਕਾਂ ਤਰ੍ਹਾਂ ਦੇ ਪੁਰਾਣੇ ਰੋਗਾਂ ਤੋਂ ਬਚਾਅ ਲਈ ਗਾਜਰ ਦਾ ਸੇਵਨ ਜ਼ਿਆਦਾ ਤੋਂ ਜ਼ਿਆਦਾ ਮਾਤਰਾ ਵਿਚ ਕਰਨਾ ਬਹੁਤ ਉੱਤਮ ਹੈ ਅਤੇ ਬਹੁਤ ਜ਼ਰੂਰੀ ਹੈ।

ਸਭ ਤੋਂ ਚੰਗੀ ਗੱਲ ਤਾਂ ਇਹ ਹੈ ਕਿ ਗਾਜਰ ਹਰੇਕ ਮੌਸਮ ਵਿਚ ਮਿਲ ਜਾਂਦੀ ਹੈ ਪਰ ਸਰਦੀਆਂ ਵਿਚ ਕੁਝ ਜ਼ਿਆਦਾ ਮਾਤਰਾ ਵਿਚ ਪੈਦਾ ਹੁੰਦੀ ਹੈ। ਸਰਦੀਆਂ ਵਿਚ ਚੰਗੀ ਅਤੇ ਤਾਜ਼ੀ ਗਾਜਰ ਘੱਟ ਕੀਮਤ 'ਤੇ ਮਿਲ ਜਾਂਦੀ ਹੈ। ਗਾਜਰ ਖਾਣ ਨਾਲ ਸਰੀਰ ਦੇ ਕਿਸੇ ਵੀ ਕੋਨੇ ਵਿਚ ਪੱਥਰੀ ਨਹੀਂ ਰਹਿੰਦੀ। ਇਹ ਹਰ ਪੱਖੋਂ ਲਾਭਦਾਇਕ ਕੁਦਰਤੀ ਔਸ਼ਧੀ ਹੈ।

# ਸ਼ਰਾਬ ਦਾ ਸਿਆਪਾ

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113



ਨਾਥੇ ਅਮਲੀ ਨੇ ਸੱਥ 'ਚ ਆਉਂਦਿਆਂ ਹੀ ਥੜ੍ਹੇ 'ਤੇ ਬੈਠੇ ਮਾਹਲੇ ਨੰਬਰਦਾਰ ਨੂੰ ਪੁੱਛਿਆ, "ਕਿਉਂ ਬਈ ਨੰਬਰਦਾਰਾ! ਆਹ ਕੱਲ੍ਹ ਮਾਈ ਰੇਲੋ ਕਿਮੇਂ ਆਵਦੇ ਘਰੇ ਈ ਇਉਂ ਟੱਪੀ ਜਾਂਦੀ ਸੀ ਜਿਮੇਂ ਜੈਨੂੰ ਘਮਿਆਰ ਦੇ ਘਰੇ ਲਾਚੜੇ ਵੇ ਗਧੇ ਕੱਛੂ ਕੁੰਮੇਂ ਨੂੰ ਵੇਖ ਕੇ ਸਾਰੀ ਰਾਤ ਹਿਣਕੀ ਗਏ ਸੀ। ਬਲ਼ਾ ਬਾਹਲ਼ਾ ਰੌਲ਼ਾ ਪਾਉਂਦੀ ਸੀ ਜਿਮੇਂ ਕਤੂਰੇ ਦੀ ਪੂੰਛ 'ਤੇ ਪੈਰ ਧਰੇ ਤੋਂ ਕਤੂਰਾ ਚਊਂ ਚਊਂ ਕਰਦਾ ਪੀਹਪਨੀਆਂ ਜੀਆਂ ਵਜਾਉਂਦਾ ਹੁੰਦੈ। ਪਤਾ ਲੱਗਿਐ ਬਈ ਕੀ ਗੱਲ ਸੀ?"

ਸੀਤਾ ਮਰਾਸੀ ਕਹਿੰਦਾ, "ਕਿਸੇ ਨਾ ਕਿਸੇ ਦੇ ਵਿਆਹ ਮੰਗਣੇ 'ਚ ਗਈ ਹੋਣੀ ਐਂ ਕੰਮ ਧੰਦਾ ਕਰਾਉਣ, ਅਗਲਿਆਂ ਨੇ ਕਾਣੇ ਬੇਰਾਂ ਵੱਟੇ ਮਨ੍ਹੀ ਪੁੱਛਿਆ ਹੋਣਾ, ਘਰੇ ਆ ਕੇ ਨੂੰਹੇਂ ਆਂਗੂੰ ਟੱਪਣ ਲੱਗ ਗੀ ਹੋਣੀ ਐ ਹੋਰ ਕਿਹੜਾ ਪੰਜੇਬਾਂ ਲਾਹ ਲੀਆਂ ਕਿਸੇ ਨੇ ਬਈ ਮੁੜ ਕੇ ਮਿਲਣੀਆਂ ਨ੍ਹੀ।"

ਬੁੱਘਰ ਦਖਾਣ ਸੀਤੇ ਮਰਾਸੀ ਨੂੰ ਕਹਿੰਦਾ, "ਪਹਿਲਾਂ ਨਾਥਾ ਸਿਉਂ ਦੀ ਗੱਲ ਦਾ ਜਵਾਬ ਦਿਉ ਸੀਤਾ ਸਿਆਂ ਫੇਰ ਘੋਟ ਲਿਓ ਆਵਦੀ ਵਕੀਲੀ।"

ਬਾਬੇ ਆਲਾ ਸਿਉਂ ਨੇ ਅਮਲੀ ਨੂੰ ਪੁੱਛਿਆ, "ਕੀ ਪੁੱਛਿਆ ਨਾਥਾ ਸਿਆਂ ਤੈਂ ?"

ਅਮਲੀ ਕਹਿੰਦਾ, "ਮੈਂ ਤਾਂ ਬਾਬਾ ਇਉਂ ਪੁੱਛਦਾਂ ਬਈ ਮਾਈ ਰੇਲੋ ਤੜਕੇ ਈ ਕਿਮੇਂ ਬੁਲਬਲੀਆਂ ਆਲੇ ਮੀਂਹ ਆਂਗੂੰ ਬੁੱੜ੍ਹਕੀ ਜਾਂਦੀ ਸੀ ਜਿਮੇਂ ਪਾਥੀਆਂ 'ਚ ਟੂਣਾ ਕਰ 'ਤਾ ਹੁੰਦਾ ਕਿਸੇ ਨੇ?"

ਅਮਲੀ ਦੀ ਗੱਲ ਸੁਣ ਕੇ ਬਾਬਾ ਆਲਾ ਸਿਉਂ ਅਮਲੀ ਨੂੰ ਕਹਿੰਦਾ, "ਪਹਿਲਾਂ ਤਾਂ ਤੂੰ ਦੱਸ ਨਾਥਾ ਸਿਆਂ ਅੱਜ ਕਿਮੇਂ ਪਛੜਿਆ ਫਿਰਦੈਂ। ਤੈਨੂੰ ਤਾਂ ਯਾਰ ਕਦੋਂ ਦੇ ਡੀਕੀ ਜਾਂਦੇ ਐ ਸੱਥ ਆਲੇ ਬਈ ਅੱਜ ਸੱਥ ਦੇ ਰੌਣਕ ਮੇਲੇ ਨੂੰ ਕੀ ਹੋ ਗਿਆ?"

ਅਮਲੀ ਬਾਬੇ ਦੀ ਗੱਲ ਤੋਂ ਇਉਂ ਨੀਵੀਂ ਪਾ ਗਿਆ ਜਿਮੇਂ ਕਤੂਰਾ ਸੂਰ ਨੂੰ ਵੇਖ ਕੇ ਧੌਣ ਸਿੱਟ ਕੇ ਬਹਿ ਗਿਆ ਹੋਵੇ। ਬਾਬੇ ਆਲਾ ਸਿਉਂ ਨੂੰ ਕਹਿੰਦਾ, "ਬਾਬਾ!ਬਾਬਾ! ਮੈਂ ਅਣਪੜ੍ਹ ਨ੍ਹੀ। ਮੈਨੂੰ ਪਤਾ ਤੂੰ ਕਿੱਥੋਂ ਬੋਲਦੈਂ?"

ਅਮਲੀ ਦਾ ਬੋਲਿਆ ਸੁਣ ਕੇ ਸਾਰੀ ਸੱਥ ਵਾਲਿਆਂ ਨੇ ਇਉਂ ਕੰਨ ਚੁੱਕ ਲਏ ਜਿਮੇਂ ਕਣਕ 'ਕੱਠੀ ਕਰਨ ਪਿੰਡ 'ਚ ਵੜੇ ਪਾਖੰਡੀ ਸਾਧਾਂ ਨੂੰ ਘੇਰ ਕੇ ਕੁੱਟੀ ਜਾਂਦਿਆਂ ਦਾ ਗੁਰਦੁਆਰੇ ਦੇ ਸਪੀਕਰ 'ਚੋਂ ਹੋਕਾ ਸੁਣ ਕੇ ਲੋਕ ਗੁਰਦੁਆਰੇ ਵੱਲ ਨੂੰ ਕੰਨ ਕਰਕੇ ਹੋਕਾ ਸੁਣੀ ਜਾਂਦੇ ਹੋਣ ਬਈ ਆਹ ਕਿਹੜੇ ਪਾਸੇ ਘੇਰ ਲੇ ਬੂਬਨੇ। ਤਾਸ਼ ਖੇਡੀ ਜਾਂਦਾ ਬੁੱਘਰ ਦਖਾਣ ਪੱਤੇ ਸੁੱਟ ਕੇ ਬਾਬੇ ਆਲਾ ਸਿਉਂ ਨੂੰ ਕੋਲੇ ਆ ਕੇ ਪੁੱਛਦਾ, "ਕੀ ਕਿਹਾ ਬਾਬਾ ਤੂੰ ਬਈ ਸੱਥ ਦੀ ਕੀਹਨੂੰ ਕੀ ਹੋ ਗਿਐ?"

ਨਾਥਾ ਅਮਲੀ ਬੁੱਘਰ ਦਖਾਣ ਦੀ ਗੱਲ ਵੀ ਸਮਝ ਗਿਆ ਸੀ ਕਿ ਉਹ ਬਾਬੇ ਤੋਂ ਇੱਕ ਵਾਰ ਫੇਰ ਕਹਾਉਣਾ ਚਾਹੁੰਦੈ ਬਈ ਅੱਜ ਸੱਥ ਦੇ ਰੌਣਕ ਮੇਲੇ ਨੂੰ ਕੀ ਹੋ ਗਿਆ।? ਜਦੋਂ ਬੁੱਘਰ ਦਖਾਣ ਨੇ ਬਾਬੇ ਤੋਂ ਇਹ ਗੱਲ ਦੋਬਾਰਾ ਪੁੱਛਣੀ ਚਾਹੀ ਤਾਂ ਨਾਥਾ ਅਮਲੀ ਬੁੱਘਰ ਦਖਾਣ ਵੱਲ ਸੁੱਖਾ ਖਾਧੇ ਗਧੇ ਵਾਂਗੂੰ ਵੇਖ ਕੇ ਬੋਲਿਆ,

"ਤੇ ਜੇ ਮਿਸਤਰੀਆ ਮੈਂ ਸੋਡੇ ਬੁੜ੍ਹੇ ਦਾ ਨਾਂਅ ਲੈਣ ਲੱਗ ਗਿਆ ਫੇਰ ਕੀ ਬਣੂ ਤੇਰਾ?"

ਨਾਥੇ ਅਮਲੀ ਨੂੰ ਹਰਖਿਆ ਵੇਖ ਕੇ ਬਾਬੇ ਆਲਾ ਸਿਉਂ ਨੇ ਬੁੱਘਰ ਦਖਾਣ ਨੂੰ ਘੂਰਿਆ, "ਚੁੱਪ ਕਰ ਓਏ ਮਿਸਤਰੀਆ। ਬਾਹਲ਼ਾ ਨਾ ਗਾਹਾਂ ਵਧਿਆ ਕਰੋ। ਆਵਦੀ ਗੱਲ ਕਰਿਆ ਕਰੋ ਗਾਹਾਂ ਬੁੜ੍ਹੇ ਬੁੜ੍ਹੀਆਂ ਤੱਕ ਨਾ ਅੱਪੜਿਆ ਕਰੋ।"

ਮਾਹਲੇ ਨੰਬਰਦਾਰ ਨੇ ਬਾਬੇ ਆਲਾ ਸਿਉਂ ਨੂੰ ਪੁੱਛਿਆ, "ਕਿਹੜੀ ਗੱਲ ਪਿੱਛੇ ਰੌਲ਼ਾ ਪੈਂਦਾ ਤਾਇਆ ਆਲਾ ਸਿਆਂ?"

ਬਾਬਾ ਆਲਾ ਸਿਉਂ ਕਹਿੰਦਾ, "ਗੱਲ ਤਾਂ ਨੰਬਰਦਾਰਾ ਕੁਸ ਮਨ੍ਹੀ। ਮੈਂ ਤਾਂ ਨਾਥਾ ਸਿਉਂ ਨੂੰ ਸਹਿ ਸਭਾਅ ਈ ਕਿਹਾ ਸੀ ਬਈ ਸੱਥ ਆਲੇ ਤੇਰੇ ਬਾਰੇ ਪੁੱਛਦੇ ਸੀ ਬਈ ਅੱਜ ਸੱਥ ਦਾ ਰੌਣਕ ਮੇਲਾ ਕਿੱਧਰ ਰਹਿ ਗਿਆ। ਇਹ ਗੱਲ ਪਿੱਛੇ ਬੁੱਘਰ ਤੇ ਨਾਥਾ ਆਪਸ 'ਚ ਮਾੜਾ ਮੋਟਾ ਤਾਹਾਂ ਠਾਹਾਂ ਹੋ ਗੇ।"

ਮਾਹਲਾ ਨੰਬਰਦਾਰ ਕਹਿੰਦਾ, "ਇਹ ਗੱਲ ਕਹਿਣ ਨਾਲ ਕੀ ਕੰਧ ਢਹਿ ਗੀ।"

ਬਾਬਾ ਆਲਾ ਸਿਉਂ ਨੰਬਰਦਾਰ ਨੂੰ ਹੱਸ ਕੇ ਕਹਿੰਦਾ, "ਕੰਧ ਛੱਡ ਇਹ ਤਾਂ ਚਬਾਰਾ ਢਹਿਣ ਆਲਾ ਹੋ ਗਿਆ।"




ਨੰਬਰਦਾਰ ਨੇ ਪੁੱਛਿਆ, "ਉਹ ਕਿਮੇਂ?"

ਸੀਤਾ ਮਰਾਸੀ ਕਹਿੰਦਾ, "ਨਾਥੇ ਦੇ ਦਾਦੇ ਦਾ ਨਾਂਅ ਰੌਣਕ ਸਿਉਂ ਸੀ ਤੇ ਪਿਉ ਦਾ ਨਾਂਅ ਮੇਲਾ ਸਿਉਂ। ਤਾਂ ਕਰਕੇ ਟੱਪਦਾ ਇਹੇ। ਹਾਂ-ਹਾਂ ਬਈ ਇਉਂ ਕਿਉਂ ਕਿਹਾ ਕਿ ਅੱਜ ਸੱਥ ਦਾ ਰੌਣਕ ਮੇਲਾ ਕਿੱਧਰ ਰਹਿ ਗਿਆ। ਵੱਸ ਐਨੀਉਂ ਈਂ ਗੱਲ ਐ। ਹੋਰ ਅਮਲੀ ਦੇ ਕਿਹੜਾ ਮਤੀਰੇ ਤੋੜ ਲੇ। ਇਹਦੇ ਬੁੜ੍ਹਿਆਂ ਦਾ ਨਾਂਅ ਲੈ ਤਾ। ਤਾਂ ਕਰਕੇ ਅਮਲੀ ਲਾਲ ਪੀਲਾ ਜਾ ਹੋ ਗਿਆ।"

ਬਾਬਾ ਆਲਾ ਸਿਉਂ ਕਹਿੰਦਾ, "ਚੱਲੋ ਛੱਡੋ ਯਾਰ ਇਹ ਗੱਲਾਂ। ਹੁਣ ਤੁਸੀਂ ਮਾਈ ਰੇਲੋ ਆਲੀ ਗੱਲ ਦੱਸੋ ਬਈ ਉਹ ਕੀ ਗੱਲ ਐ?"

ਸੀਤਾ ਮਰਾਸੀ ਕਹਿੰਦਾ, "ਮਾਈ ਰੇਲੋ ਤੇ ਗਰਜੇ ਕੇ ਲੜੇ ਲੱਗਦੇ ਐ। ਗਰਜੇ ਕੇ ਘਰੇ ਵੀ ਬਾਹਵਾ ਰੌਲਾ ਰੱਪਾ ਜਾ ਪਈ ਜਾਂਦਾ ਸੀ।"

ਨਾਥਾ ਅਮਲੀ ਕਹਿੰਦਾ, "ਗਰਜੇ ਬਾਰੇ ਤਾਂ ਮੈਂ ਦੱਸ ਦਿੰਨਾਂ ਸੋਨੂੰ ਬਈ ਕੀ ਗੱਲ ਹੋਈ ਐ? ਗਰਜੇ ਨੂੰ ਤਾਂ ਗਰਜੇ ਦੇ ਸਹੁਰੇ ਕਣਕ ਦੇ ਮੰਡਿਆਂ ਆਂਗੂੰ ਕੁੱਟ ਕੇ ਗਏ ਐ। ਸ਼ਰਾਬ ਪੀਣੋ ਗਰਜਾ ਹੱਟਦਾ ਨ੍ਹੀ, ਅਗਲਿਆਂ ਨੇ ਪਹਾੜੀ ਨੂਣ ਆਂਗੂੰ ਭੰਨਿਆਂ।"

ਬਾਬੇ ਆਲਾ ਸਿਉਂ ਨੇ ਪੁੱਛਿਆ, "ਉਨ੍ਹਾਂ ਦਾ ਕੀ ਹੱਕ ਸੀ ਬਈ ਪ੍ਰਾਹੁਣੇ ਨੂੰ ਕੁੱਟਣ ਦਾ ਬਈ?"

ਸੀਤਾ ਮਰਾਸੀ ਕਹਿੰਦਾ, "ਫੇਰ ਕੀ ਹੋ ਗਿਆ ਜੇ ਚਾਰ ਲਫੇੜੇ ਵੱਜ ਗੇ। ਏਹੋ ਜੀ ਕੁੱਟ ਤਾਂ ਗਰਜੇ ਨੇ ਟਰੱਕ 'ਤੇ ਜਾਂਦੇ ਨੇ ਵੀਹ ਵਾਰੀ ਖਾਧੀ ਐ ਜਦੋਂ ਪਾਤੜਾਂ ਆਲੇ ਮਕੰਦ ਸਿਉਂ ਕੇ ਟਰੱਕ 'ਤੇ ਡਲੈਵਰ ਸੀ।"

ਨਾਥਾ ਅਮਲੀ ਕਹਿੰਦਾ, "ਡਲੈਵਰ ਕਿੱਥੇ ਸੀ ਓਏ, ਕਲੀਂਢਰ ਸੀ।"

ਮਾਹਲਾ ਨੰਬਰਦਾਰ ਕਹਿੰਦਾ, ਚੱਲ ਕਲੀਂਢਰ ਹੋਊ, ਪਰ ਤੂੰ ਗੱਲ ਦੱਸ ਕਦੋਂ ਦੀ ਐ?"

ਨਾਥਾ ਅਮਲੀ ਕਹਿੰਦਾ, "ਪਹਿਲਾਂ ਟਰੱਕ ਆਲੀਉ ਈ ਸੁਣ ਲੋ, ਸਹੁਰਿਆਂ ਆਲੀ ਫੇਰ ਦੱਸਦਾਂ। ਇਹ ਗਰਜਾ ਜਦੋਂ ਪਾਤੜਾਂ ਆਲੇ ਮਕੰਦ ਸਿਉਂ ਸਰਦਾਰ ਦੇ ਟਰੱਕ 'ਤੇ ਕਲੀਂਢਰ ਹੁੰਦਾ ਸੀ, ਇਹ ਕਿਤੇ ਬੰਬੇ ਬੁੰਬੇ ਨੂੰ ਜਾਂਦੇ ਸੀ ਟਰੱਕ ਲਈ। ਚਾਰ ਪੰਜ ਟਰੱਕ ਸੀ ਮਗਰ ਮੂਹਰੇ। ਇਨ੍ਹਾਂ ਆਲਾ ਟਰੱਕ ਸਾਰਿਆਂ ਤੋਂ ਪਿੱਛੇ ਸੀ। ਜਦੋਂ ਇਹ ਅੱਧੀ ਰਾਤ ਨੂੰ ਜੈਪੁਰ ਜੋਧਪੁਰ ਵਿੱਚਦੀ ਨੰਘਣ ਲੱਗੇ ਤਾਂ ਉੱਥੇ ਕਿਤੇ ਪੁਲਸ ਨਾਕਾ ਲਾਈ ਖੜ੍ਹੀ ਸੀ। ਜਿਹੜੇ ਟਰੱਕ ਮੂਹਰੇ ਸੀ, ਜਦੋਂ ਉਨ੍ਹਾਂ ਨੂੰ ਪੁਲਸ ਨੇ ਰੋਕ ਲਿਆ ਤਾਂ ਇਹਦੇ ਆਲੇ ਡਲੈਵਰ ਨੇ ਟਰੱਕ ਦੂਜੇ ਟਰੱਕਾਂ ਤੋਂ ਖਾਸਾ ਸਾਰਾ ਪਿੱਛੇ ਖੜ੍ਹਾਅ ਲਿਆ। ਇਹ ਗਰਜਾ ਡਲੈਵਰ ਨੂੰ ਕਹਿੰਦਾ 'ਤੂੰ ਖੜ੍ਹ ਏਥੇ ਮੈਂ ਤੁਰ ਕੇ ਵੇਖ ਕੇ ਆਉਣਾ ਬਈ ਪੁਲਸ ਕੀ ਕਰਦੀ ਐ। ਇਹ ਟਰੱਕ ਨੂੰ ਤਾਂ ਪਿੱਛੇ ਈ ਖੜ੍ਹਾਅ ਗਿਆ। ਜਦੋਂ ਅੱਧੀ ਕੁ ਵਾਟ ਤੁਰ ਕੇ ਪੁਲਸ ਵੱਲ ਗਿਆ ਤਾਂ ਇਹਨੇ ਵੇਖਿਆ ਬਈ ਇੱਕ ਪੁਲਸ ਆਲੀ ਚਪੈਹਣ ਖੜ੍ਹੀ ਐ ਮੂਹਰੇ, ਇਹਨੂੰ ਕੀ ਦੁਆਲ਼ ਆਂ ਅਸੀਂ। ਇਹ ਭਾਈ ਅੱਧ 'ਚੋਂ ਮੁੜਿਆ। ਆਉਂਦਾ ਈ ਆਵਦੇ ਡਲੈਵਰ ਨੂੰ ਕਹਿੰਦਾ ਆਵੇ, ਲਿਆ-ਲਿਆ ਤੋਰ ਲਾ। ਆ ਜਾ ਛੇਤੀ ਛੇਤੀ, ਤੀਮੀਂਉਂ ਈਂ ਐਂ ਮੂਹਰੇ, ਇਹ ਕੀ ਕਰਦੂ ਗੀ ਤੀਮੀਂ। ਇਹ ਗੱਲ ਕਿਤੇ ਉਹ ਪੁਲਸ ਆਲੀ ਤੀਮੀਂ ਅਸਫਰ ਦੇ ਨਾਲ ਖੜ੍ਹੇ ਚਪਾਹੀਆਂ ਨੂੰ ਸੁਣ ਗੀ। ਉਨ੍ਹਾਂ ਨੇ ਉਹ ਪੁਲਸ ਅਸਫਰ ਨੂੰ ਦੱਸ 'ਤਾ। ਵੱਸ ਫੇਰ! ਪੁਲਸ ਨੇ ਇਉਂ ਢਾਹ ਲਿਆ ਜਿਮੇਂ ਕੌਰੂ ਆਜੜੀ ਭੂਸਰੀ ਵੀ ਭੇਡ ਨੂੰ ਮੁੰਨਣ ਵੇਲੇ ਢਾਹ ਕੇ ਉੱਤੇ ਬਹਿ ਗਿਆ ਸੀ। ਕਹਿੰਦੇ ਦੱਸਦੇ ਆਂ ਤੈਨੂੰ ਤੀਮੀਂ ਕੌਣ ਐਂ ਇਹੇ?"

ਬਾਬੇ ਆਲਾ ਸਿਉਂ ਨੇ ਅਮਲੀ ਨੂੰ ਪੁੱਛਿਆ, "ਅਮਲੀਆ ਹੁਣ ਫੇਰ ਗਰਜੇ ਨੂੰ ਸਹੁਰੇ ਕਾਹਤੋਂ ਕੁੱਟ ਕੇ ਗਏ ਐ ਬਈ?"

ਸੀਤਾ ਮਰਾਸੀ ਕਹਿੰਦਾ, "ਸਾਲੇ ਦੇ ਮੁੰਡੇ ਦੀ ਤੜਾਗੀ ਤੋੜ ਲਿਆਇਆ ਹੋਣਾ ਗਰਜਾ, ਹੋਰ ਕਿਤੇ ਸਹੁਰਿਆਂ ਦੀ ਬੱਕਰੀ ਤਾਂ ਨ੍ਹੀ ਚੋਅ ਲੀ।"

ਸੀਤੇ ਮਰਾਸੀ ਦੀ ਗੱਲ ਸੁਣ ਕੇ ਬਾਬਾ ਆਲਾ ਸਿਉਂ ਹੱਸ ਕੇ ਕਹਿੰਦਾ, "ਪਤਾ ਨ੍ਹੀ ਪਤੰਦਰੋ ਅੱਜ ਕੀ ਖਾ ਕੇ ਆਏ ਐ ਗੱਲ ਨ੍ਹੀ ਡਿੱਗਣ ਦਿੰਦੇ। ਹੁਣ ਗਰਜੇ ਦੇ ਸਹੁਰਿਆਂ ਦੇ ਬੱਕਰੀਆਂ ਭੇਡਾਂ ਵੀ ਬੰਨ੍ਹ 'ਤੀਆਂ।"

ਨਾਥਾ ਅਮਲੀ ਕਹਿੰਦਾ, "ਤੜਾਗੀ ਤੜੂਗੀ ਆਲੀ ਤਾਂ ਨ੍ਹੀ ਗੱਲ। ਗੱਲ ਤਾਂ ਗਰਜੇ ਦੇ ਸ਼ਰਾਬ ਪੀਣ ਦੀ ਐ। ਗਰਜਾ ਸ਼ਰਾਬ ਪੀ ਕੇ ਸ਼ਰਾਬੀ ਹੋਇਆ ਬਹੂ ਦੀ ਵੀ ਝਾੜ ਝੰਭ ਕਰ ਦਿੰਦਾ ਕਦੇ ਨਾ ਕਦੇ। ਉਹਦੇ ਸਹੁਰਿਆਂ ਨੇ ਕਈ ਵਾਰੀ ਆ ਕੇ ਸਮਝਾਇਆ ਬਈ 'ਸ਼ਰਾਬ ਨਾ ਪੀਆ ਕਰ। ਇਹ ਸ਼ਰਾਬ ਛੱਡਦੇ ਤੂੰ। ਕਹਿੰਦੇ ਨਾਲੇ ਤੇਰੀ ਉਮਰ ਹੁਣ ਸ਼ਰਾਬ ਪੀਣ ਦੀ ਐ। ਤਿੰਨ ਵੀਹਾਂ ਤੋਂ ਤਾਂ ਤੂੰ ਟੱਪਿਆ ਵਿਐਂ'। ਆਹ ਕੱਲ੍ਹ ਜਦੋਂ ਗਰਜੇ ਦੇ ਮੌਰਾਂ 'ਚ ਤਲੈਂਬੜ ਠੁਕੇ ਐ ਉਦੋਂ ਵੀ ਗਰਜੇ ਦੀ ਪੀਤੀ ਵੀ ਸੀ। ਇੱਕ ਦਿਨ ਪਹਿਲਾਂ ਵੀ ਬਹੂ ਨੂੰ ਕੁੱਟ ਕੇ ਹਟਿਆ ਸੀ। ਬਹੂ ਨੇ ਕਿਤੇ ਮੋਹਣੇ ਝਿਊਰ ਦੇ ਹੱਥ ਸਨੇਹਾ ਭੇਜ ਕੇ ਆਵਦੇ ਪੇਕਿਆਂ ਨੂੰ ਸੱਦ ਲਿਆ। ਜਦੋਂ ਗਰਜੇ ਦੇ ਸਾਲੇ ਪੰਜ ਸੱਤ ਬੰਦਿਆਂ ਨੂੰ ਲੈ ਕੇ ਗਰਜੇ ਨੂੰ ਆ ਕੇ ਸਮਝਾਉਣ ਲੱਗੇ ਬਈ ਤੂੰ ਬਿਨਾਂ ਕਸੂਰ ਤੋਂ ਸਾਡੀ ਭੈਣ ਨੂੰ ਨਾ ਕੁੱਟਿਆ ਕਰ, ਨਾਲੇ ਆਹ ਜਿਹੜੀ ਨਿੱਤ ਦੀ ਸ਼ਰਾਬ ਪੀਨੈ ਤੂੰ, ਇਹ ਇੱਕ ਦਿਨ ਤੈਨੂੰ ਛੱਡਣੀ ਪੈਣੀ ਐਂ, ਨਹੀਂ ਫੇਰ ਅਸੀਂ ਛਡਾ ਕੇ ਈ ਦਮ ਲਮਾਂਗੇ। ਫੇਰ ਨਾ ਆਖੀਂ ਬਈ ਸਹੁਰਿਆਂ ਨੇ ਮੇਰੇ ਧੌਲ਼ ਧੱਫਾ ਕੀਤਾ। ਕਹਿੰਦੇ 'ਹੁਣ ਦੱਸਦੇ ਬਈ ਸ਼ਰਾਬ ਛੱਡਣੀ ਐ ਕੁ ਨਹੀਂ ਛੱਡਣੀ'? ਅਕੇ ਗਰਜਾ ਸ਼ਰਾਬ ਪੀਤੀ 'ਚ ਉਨ੍ਹਾਂ ਨੂੰ ਪੁੱਛਦਾ 'ਫੇਰ ਕੀ ਕਰੋਂਗੇ ਤੁਸੀਂ'? ਸਹੁਰੇ ਬੋਲੇ 'ਇਹ ਤਾਂ ਫੇਰ ਸੋਚਾਂਗੇ ਬਈ ਕੀ ਹੁੰਦਾ'। ਅਕੇ ਗਰਜਾ ਕਹਿੰਦਾ 'ਜਿੰਦੇ ਛੱਡੀਆਂ ਦੋਨੇਂ ਈਂ ਛੱਡ ਦੂੰ'। ਗਰਜੇ ਦੇ ਸਾਲੇ ਦੇ ਨਾਲ ਆਏ ਉੱਥੇ ਦੇ ਸਰਪੈਂਚ ਨੇ ਪੁੱਛਿਆ 'ਦੋਨਾਂ ਦਾ ਕੀ ਮਤਲਬ, ਕੁਸ ਹੋਰ ਵੀ ਪੀਨੈਂ ਫੈਂਸੀ ਫੂਸੀਂ'? ਗਰਜਾ ਕਹਿੰਦਾ 'ਹੋਰ ਤਾਂ ਨ੍ਹੀ ਮੈਂ ਕੁਸ ਪੀਂਦਾ। ਪਰ ਜਿਹੜੀ ਛੱਡਣ ਛਡਾਉਣ ਆਲੀ ਗੱਲ ਐ, ਉਹ ਇਹ ਐ ਬਈ ਜਿੱਦੇਂ ਸ਼ਰਾਬ ਛੱਡੀ, ਓਦੇਂ ਈ ਸੋਡੀ ਭੈਣ ਨੂੰ ਛੱਡ ਦੇਣਾ। ਵੱਢੀ ਤਾਂ ਦੋਨਾਂ 'ਕੱਠੀਆਂ ਦੀ ਲੱਲੇਆਣ ਵੱਢੂੰ'। ਜਦੋਂ ਗਰਜੇ ਨੇ ਇਹ ਗੱਲ ਕਹੀ ਤਾਂ ਉਨ੍ਹਾਂ ਨੇ ਗਰਜੇ ਨੂੰ ਭੁੰਜੇ ਢਾਹ ਕੇ ਪੰਜਾਂ ਦੇ ਨੋਟ ਆਂਗੂੰ ਮਰੋੜ-ਮਰੋੜ ਕੇ ਕੁੱਟਿਆ। ਥੱਲੇ ਪਿਆ ਗਰਜਾ ਇਉਂ ਚੀਕੇ ਜਿਮੇਂ ਮਰੀਕਣ ਬੱਛੀ ਰੰਭਦੀ ਹੁੰਦੀ ਐ। ਗਰਜੇ ਕੇ ਘਰੇ ਤਾਂ ਆਹ ਰੌਲਾ ਸੀ ਬਾਬਾ। ਹੁਣ ਰੇਲੋ ਮਾਈ ਦਾ ਨ੍ਹੀ ਮੈਨੂੰ ਪਤਾ ਬਈ ਉਹ ਕਾਹਤੋਂ ਭੂਸਰੀ ਫਿਰਦੀ ਸੀ?"

ਗੱਲਾਂ ਕਰੀ ਜਾਂਦਿਆਂ ਤੋਂ ਏਨੇ ਚਿਰ ਨੂੰ ਗਰਜੇ ਦਾ ਮੁੰਡਾ ਬਾਬੇ ਆਲਾ ਸਿਉਂ ਨੂੰ ਸੱਥ 'ਚ ਆ ਕੇ ਕਹਿੰਦਾ, "ਬਾਬਾ ਜੀ! ਸੋਨੂੰ ਮੇਰੀ ਬੀਬੀ ਤੇ ਮੇਰੇ ਮਾਮੇ ਅਰਗਿਆਂ ਨੇ ਸੱਦਿਆ ਸਾਡੇ ਘਰੇ ਆਇਉ।"

ਗਰਜੇ ਦੇ ਮੁੰਡੇ ਤੋਂ ਸੁਨੇਹਾ ਸੁਣਦੇ ਸਾਰ ਹੀ ਬਾਬਾ ਆਲਾ ਸਿਉਂ ਤੇ ਬਾਕੀ ਦੇ ਹੋਰ ਬਹੁਤ ਸਾਰੇ ਬੰਦੇ ਗਰਜੇ ਕੇ ਘਰ ਨੂੰ ਇਉਂ ਤੁਰ ਪਏ ਜਿਵੇਂ ਪੰਚਾਇਤ ਦੀਆਂ ਵੋਟਾਂ ਵੇਲੇ ਘੁੱਲਾ ਸਰਪੰਚ ਇਕੱਠ ਕਰੀ ਘਰ ਘਰ ਤੁਰਿਆ ਫਿਰਦਾ ਸੀ। ਜਿਉਂ ਹੀ ਬੰਦੇ ਸੱਥ 'ਚੋਂ ਉੱਠੇ ਤਾਂ ਬਾਕੀ ਬੰਦੇ ਵੀ ਆਪੋ ਆਪਣੇ ਘਰਾਂ ਨੂੰ ਤੁਰ ਗਏ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey

# ਦੇਸੀ ਤੜਕਾ



| ਸਮੱਗਰੀ | 4-5 ਕੜੀ ਪੱਤਾ |
|---|---|
| ਇਕ ਕਟੋਰੀ ਮੂੰਗਫਲੀ | ਨਮਕ ਸਵਾਦ ਅਨੁਸਾਰ |
| ਸੱਤ ਤੋਂ ਅੱਠ ਕਲੀਆ ਲਸਣ | 2-3 ਚਮਚ ਤੇਲ |
| 2-3 ਹਰੀ ਮਿਰਚ ਕੱਟੀ ਹੋਈ | ਪਾਣੀ ਜ਼ਰੂਰਤ ਅਨੁਸਾਰ |

ਵਿਧੀ – ਆਮ ਤੌਰ 'ਤੇ ਲੋਕ ਪੁਦੀਨੇ ਦੀ ਅਤੇ ਕੱਚੀ ਅੰਬੀ ਦੀ ਚਟਨੀ ਬਣਾਉਂਦੇ ਹਨ ਪਰ ਅੱਜ ਅਸੀਂ ਤੁਹਾਨੂੰ ਮੂੰਗਫਲੀ ਦੀ ਚਟਨੀ ਦੀ ਰੈਸਿਪੀ ਬਾਰੇ ਦੱਸਾਂਗੇ।

ਧੀਮੀ ਅੱਗ ਤੇ ਇਕ ਪਾਨ ਗਰਮ ਕਰੋ। ਪੈਨ ਦੇ ਗਰਮ ਹੁੰਦੇ ਹੀ ਮੂੰਗਫਲੀ ਪਾ ਕੇ ਭੁੰਨੋ ਅਤੇ ਗੈਸ ਬੰਦ ਕਰ ਦਵੋ। ਮੂੰਗਫਲੀ ਨੂੰ ਇਕ ਕਟੋਰੀ ਵਿਚ ਕੱਢ ਕੇ ਠੰਢਾ ਕਰ ਲਵੋ ਅਤੇ ਫਿਰ ਇਸ ਦੇ ਛਿਲਕੇ ਉਤਾਰ ਲਵੋ। ਹੁਣ ਇਕ ਮਿਕਸਰ ਵਿਚ ਮੂੰਗਫਲੀ, ਲਸਣ, ਹਰੀ ਮਿਰਚ, ਪਾਣੀ ਪਾ ਕੇ ਪੀਸ ਲਵੋ।



| ਸਮੱਗਰੀ | |
|---|---|
| ਸੋਇਆ ਦੁੱਧ - 1 ਕੱਪ | ਧਨੀਆ - 1 ਚਮਚ (ਕੱਟਿਆ ਹੋਇਆ) |
| ਕਣਕ ਦਾ ਆਟਾ - 1/4 ਕੱਪ | ਪਕਾਉਣਾ ਸੋਡਾ - 1/4 ਕੱਪ |
| ਹਰੀ ਮਿਰਚ - 1 (ਬਾਰੀਕ ਕੱਟੀ ਹੋਈ) | ਤੇਲ - 1, 1/2 ਚੱਮਚ |
| ਪਿਆਜ਼ - 1/2 ਕੱਪ (ਕੱਟੀ ਹੋਈ) | ਲੂਣ - ਸੁਆਦ ਅਨੁਸਾਰ |

ਜੇ ਤੁਸੀਂ ਕੁਝ ਮਿੰਟਾਂ ਵਿਚ ਇਕ ਸਵਾਦ ਅਤੇ ਸਿਹਤਮੰਦ ਪਕਵਾਨ ਖਾਣਾ ਚਾਹੁੰਦੇ ਹੋ। ਤਾਂ ਇਸ ਸਥਿਤੀ ਵਿਚ ਤੁਸੀਂ ਸੋਇਆ ਦੇ ਦੁੱਧ ਨਾਲ ਬਣੇ ਡੋਸਾ ਖਾ ਸਕਦੇ ਹੋ। ਤੁਸੀਂ ਇਸਨੂੰ ਸਵੇਰ ਜਾਂ ਸ਼ਾਮ ਦੇ ਨਾਸ਼ਤੇ ਵਿੱਚ ਬਣਾ ਸਕਦੇ ਹੋ ਅਤੇ ਖਾ ਸਕਦੇ ਹੋ। ਇਹ ਬਣਾਉਣਾ ਬਹੁਤ ਅਸਾਨ ਹੈ ਤਾਂ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ...

**ਵਿਧੀ:** ਸਾਰੀਆਂ ਚੀਜ਼ ਨੂੰ ਇਕ ਕਟੋਰੇ ਵਿਚ ਰਲਾਓ ਅਤੇ ਇਕ ਪਤਲਾ ਬੈਟਰ ਬਣਾਓ। ਨਾਨਸਟਿਕ ਪੈਨ ਨੂੰ ਤੇਲ ਲਗਾ ਕੇ ਗਰਮ ਕਰੋ ਹੁਣ ਤਿਆਰ ਹੋਏ ਬੈਟਰ ਨੂੰ ਦੋ ਵੱਡੇ ਪੈਨ ਤੇ ਪਾ ਕੇ ਅਤੇ ਪਤਲਾ ਗੋਲਾਕਾਰ ਡੋਸਾ ਬਣਾਓ। ਡੋਸੇ ਨੂੰ ਦੋਵੇਂ ਪਾਸਿਆਂ ਤੋਂ ਸੁਨਹਿਰੀ ਭੂਰਾ ਹੋਣ ਤੱਕ ਪਕਾਉ।

# ਤਕਨਾਲੋਜੀ ਟਾਈਮਜ਼

## ਗੂਗਲ ਚੈਟ ਲਈ ਰਿਲੀਜ਼ ਹੋਇਆ ਵੀਡੀਓ ਮੈਸੇਜਿੰਗ ਅਤੇ ਵੌਇਸ ਟ੍ਰਾਂਸਕ੍ਰਿਪਸ਼ਨ ਫੀਚਰ

ਗੂਗਲ ਨੇ ਆਪਣੇ ਮੈਸੇਜਿੰਗ ਪਲੇਟਫਾਰਮ ਗੂਗਲ ਚੈਟ ਲਈ ਨਵੇਂ ਵਰਕਸਪੇਸ ਅਪਡੇਟਸ ਦਾ ਐਲਾਨ ਕੀਤਾ ਹੈ, ਜੋ ਮੁੱਖ ਰੂਪ ਨਾਲ ਸਾਰੇ ਯੂਜ਼ਰਜ਼ ਲਈ ਜੀਮੇਲ ਰਾਹੀਂ ਉਪਲੱਬਧ ਹੈ। ਇਨ੍ਹਾਂ ਫੀਚਰਜ਼ ਦਾ ਮਕਸਦ ਯੂਜ਼ਰਜ਼ ਵਿਚ ਚੈਟ ਨੂੰ ਬਿਹਤਰ ਬਣਾਉਣਾ, ਸਮੇਂ ਦੀ ਬਚਤ ਕਰਨਾ ਅਤੇ ਇਸ ਨੂੰ ਜ਼ਿਆਦਾ ਪ੍ਰਭਾਵੀ ਬਣਾਉਣਾ ਹੈ। ਕੰਪਨੀ ਨੇ ਇਸ ਸਾਲ ਦੀ ਸ਼ੁਰੂਆਤ 'ਚ ਜੋ ਵੌਇਸ ਮੈਸੇਜਿੰਗ ਫੀਚਰ ਪੇਸ਼ ਕੀਤਾ ਸੀ, ਉਸ ਨੂੰ ਬੋਰ ਬਿਹਤਰ ਕੀਤਾ ਹੈ ਅਤੇ ਹੁਣ ਇਸ ਵਿਚ ਨਵੇਂ ਫੀਚਰਜ਼ ਜੋੜੇ ਗਏ ਹਨ।

### ਵੀਡੀਓ ਮੈਸੇਜਿੰਗ

ਗੂਗਲ ਨੇ ਵਰਕਸਪੇਸ ਬਲਾਗ 'ਚ ਵੀਡੀਓ ਮੈਸੇਜਿੰਗ ਫੀਚਰ ਬਾਰੇ ਦੱਸਿਆ ਅਤੇ ਇਸ ਦੇ ਅਸਲ ਇਸਤੇਮਾਲ ਦੇ ਕੁਝ ਉਦਾਹਰਣ ਦਿੱਤੇ ਹਨ। ਇਸ ਦਾ ਇਸਤੇਮਾਲ ਕਸਟਮਰ ਕੇਅਰ ਸਰਵਿਸ ਅਤੇ ਸੇਲਸ ਟੀਮ ਦੇ ਮੈਂਬਰ ਨਵੀਆਂ ਸਹੂਲਤਾਂ ਜਾਂ ਅਕਾਊਂਟ ਚੇਜ ਬਾਰੇ ਵੀਡੀਓ ਅਪਡੇਟ ਸਾਂਝਾ ਕਰਨ ਲਈ ਕਰ ਸਕਦੇ ਹਨ। ਇਹ ਫੀਚਰ ਡਾਇਰੈਕਟ ਮੈਸੇਜ (DMs), ਗਰੁੱਪ ਧੰਸ ਅਤੇ ਸਪੇਸਿਸ 'ਚ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਇਸ 'ਤੇ ਪ੍ਰਤੀਕਿਰਿਆ ਦੇਣ, ਰਿਪਲਾਈ ਕਰਨ ਜਾਂ ਕੋਟ ਕਰਨ ਵਰਗੀ ਇੰਟਰੈਕਸ਼ਨ ਵੀ ਕੀਤੀ ਜਾ ਸਕਦੀ ਹੈ। ਭੇਜੇ ਜਾਂ ਪ੍ਰਾਪਤ ਕੀਤੇ ਗਏ ਮੈਸੇਜ ਸ਼ੇਅਰ ਟੈਬ ਦੇ ਮੀਡੀਆ ਸੈਕਸ਼ਨ 'ਚ ਸੇਵ ਕੀਤੇ ਜਾਣਗੇ। ਇਹ ਫੀਚਰ ਛਹਰੋਮਏਂਸ਼, ਲ਼ਿਨੁਣ ਅਤੇ ਢਿਰਏਡੋਣ 'ਤੇ ਉਪਲੱਬਧ ਨਹੀਂ ਹੈ। ਯੂਜ਼ਰਜ਼ ਸਾਰੇ ਪਲਟੇਫਾਰਮਾਂ 'ਤੇ ਵੀਡੀਓ ਮੈਸੇਜ ਪ੍ਰਾਪਤ ਕਰ ਸਕਦੇ ਹਨ ਪਰ ਇਸ ਨੂੰ ਭੇਜਿਆ ਸਿਰਫ ਵੈੱਬ 'ਤੇ ਜਾ ਸਕਦਾ ਹੈ। ਮੋਬਾਇਲ 'ਤੇ ਇਹ ਫੀਚਰ ਫਿਲਹਾਲ ਉਪਲੱਬਧ ਨਹੀਂ ਹੈ।

### ਵੌਇਸ ਮੈਸੇਜ ਟ੍ਰਾਂਸਕ੍ਰਿਪਸ਼ਨ

ਗੂਗਲ ਨੇ ਇਸ ਤੋਂ ਬਾਅਦ ਵੌਇਸ ਮੈਸੇਜ ਲਈ ਟ੍ਰਾਂਸਕ੍ਰਿਪਸ਼ਨ ਦਾ ਐਲਾਨ ਕੀਤਾ। ਇਸ ਫੀਚਰ ਰਾਹੀਂ ਯੂਜ਼ਰਜ਼ ਹੁਣ ਵੈੱਬ ਅਤੇ ਮੋਬਾਇਲ 'ਤੇ ਚੈਟ 'ਚ ਵੌਇਸ ਮੈਸੇਜ ਦਾ ਆਟੋਮੈਟਿਕ ਟ੍ਰਾਂਸਕ੍ਰਿਪਸ਼ਨ ਦੇਖ ਸਕਣਗੇ। ਇਸ ਨੂੰ ਵੌਇਸ ਮੈਸੇਜ ਦੇ ਹੇਠਾਂ ਦਿਸਣ ਵਾਲੇ "View transcript" ਆਪਸ਼ਨ 'ਤੇ ਟੈਪ ਕਰਕੇ ਦੇਖਿਆ ਜਾ ਸਕਦਾ ਹੈ ਅਤੇ ਇਸ ਨੂੰ ਲੁਕਾਉਣ ਦਾ ਆਪਸ਼ਨ ਵੀ ਹੋਵੇਗਾ। ਵੌਇਸ ਮੈਸੇਜ ਟ੍ਰਾਂਸਕ੍ਰਿਪਸ਼ਨ ਨੂੰ ਸਕਰੀਨ ਰੀਡਰਸ ਲਈ ਟੈਕਸਟ ਦੇ ਰੂਪ 'ਚ ਮੰਨਿਆ ਜਾਂਦਾ ਹੈ ਅਤੇ ਇਹ ਡਿਵਾਈਸ ਦੀ ਭਾਸ਼ਾ ਸੈਟਿੰਗਸ ਦੇ ਅਨੁਸਾਰ ਕੰਮ ਕਰੇਗਾ।

## 1 ਨਵੰਬਰ ਨੂੰ ਹੋਵੇਗਾ ਐਪਲ ਦਾ ਮੈਗਾ ਈਵੈਂਟ




ਐਪਲ ਦਾ ਮੈਗਾ ਲਾਂਚ ਈਵੈਂਟ 1 ਨਵੰਬਰ 2024 ਨੂੰ ਹੋ ਸਕਦਾ ਹੈ। ਅਜੇ ਹਾਲ ਹੀ 'ਚ ਐਪਲ ਦਾ ਇਕ ਈਵੈਂਟ ਹੋਇਆ ਸੀ ਜਿਸ ਵਿਚ iPhone 16 series, Apple Watch Series 10 ਅਤੇ AirPods 4 ਵਰਗੇ ਪ੍ਰੋਡਕਟ ਲਾਂਚ ਹੋਏ ਸਨ ਅਤੇ ਹੁਣ ਖਬਰ ਹੈ ਕਿ ਨਵੰਬਰ ਵਾਲੇ ਈਵੈਂਟ 'ਚ ਨਵੇਂ MacBook Pro, Mac mini ਅਤੇ iMac ਨੂੰ ਲਾਂਚ ਕੀਤਾ ਜਾਵੇਗਾ। ਕਿਹਾ ਜਾ ਰਿਹਾ ਹੈ ਕਿ ਐਪਲ ਇਸ ਆਉਣ ਵਾਲੇ ਈਵੈਂਟ 'ਚ M4 MacBook Pro ਮਾਡਲ ਤੋਂ ਇਲਾਵਾ Mac Mini, iMac ਅਤੇ ਨਵਾਂ iPad Mini ਪੇਸ਼ ਕਰੇਗੀ। ਨਾਲ ਹੀ ਇਸ ਈਵੈਂਟ 'ਚ M4 MacBook Air, iPad Air ਟੈਬ ਅਤੇ ਅਪਗ੍ਰੇਡਿਡ AirTags ਦੇ ਲਾਂਚ ਹੋਣ ਦੀ ਵੀ ਖਬਰ ਹੈ। ਮਾਰਕ ਗੁਰਮੈਨ ਦੀ 'ਪਾਵਰ ਆਨ' ਨਿਊਜ਼ਲੇਟਰ ਦੀ ਤਾਜਾ ਰਿਪੋਰਟ ਮੁਤਾਬਕ, ਐਪਲ ਅਕਤੂਬਰ ਦੇ ਅਖੀਰ ਜਾਂ 1 ਨਵੰਬਰ ਨੂੰ ਇਕ ਲਾਂਚ ਈਵੈਂਟ ਆਯੋਜਿਤ ਕਰੇਗੀ ਜਿਸ ਵਿਚ 14 ਇੰਚ ਮੈਕਬੁੱਕ ਪ੍ਰੋ (M4 ਚਿਪ) ਅਤੇ ਹਾਈ ਐਂਡ 14 ਇੰਚ ਅਤੇ 16 ਇੰਚ ਮੈਕਬੁੱਕ ਪ੍ਰੋ ਮਾਡਲ ਲਾਂਚ ਹੋਣਗੇ। ਅਪਪਲੲ ਇਕ ਨਵਾਂ Mac mini, iMac (M4 icp) ਅਤੇ iPad mini ਵੀ ਲਾਂਚ ਕਰੇਗੀ। 2025 ਦੀ ਸ਼ੁਰੂਆਤ 'ਚ MacBook Air, iPad Air ਅਤੇ ਨਵੇਂ iPhone SE ਦੀ ਉਮੀਦ ਹੈ।

## ਥ੍ਰੈਡਸ 'ਚ ਹੁਣ ਸਿਧੇ ਪੋਸਟ ਹੋ ਸਕੇਗੀ ਰੀਲਜ਼



ਮੈਟਾ ਨੇ ਇਕ ਸਾਲ ਪਹਿਲਾਂ ਥ੍ਰੈਡਸ ਨੂੰ ਐਲੋਨ ਮਸਕ ਦੇ ਐਕਸ ਮਾਈਕ੍ਰੋ-ਬਲਾਗਿੰਗ ਵਿਰੋਧੀ ਦੇ ਰੂਪ 'ਚ ਲਾਂਚ ਕੀਤਾ ਸੀ। ਜਿਵੇਂ-ਜਿਵੇਂ ਇਹ ਪਲੇਟਫਾਰਮ ਵਧਦਾ ਜਾ ਰਿਹਾ ਹੈ, ਮੈਟਾ ਇਸ ਵਿਚ ਨਵੀਆਂ-ਨਵੀਆਂ ਸਹੂਲਤਾਂ ਜੋੜਨ ਦੀ ਯੋਜਨਾ ਬਣਾ ਰਿਹਾ ਹੈ। ਸੋਸ਼ਲ ਮੀਡੀਆ ਦੀ ਇਹ ਦਿੱਗਜ ਕੰਪਨੀ ਹੁਣ ਇਕ ਨਵੇਂ ਫੀਚਰ 'ਤੇ ਕੰਮ ਕਰ ਰਹੀ ਹੈ,ਜਿਸ ਨਾਲ ਯੂਜ਼ਰਜ਼ ਸਿੱਧੇ ਇੰਸਟਾਗ੍ਰਾਮ ਰੀਲਜ਼ ਨੂੰ ਥ੍ਰੈਡਸ 'ਤੇ ਪੋਸਟ ਕਰ ਸਕਣਗੇ। ਇਹ ਨਵਾਂ ਫੀਚਰ ਮੈਟਾ ਦੀ ਕ੍ਰਾਸ-ਪੋਸਟਿੰਗ ਸਹੂਲਤ ਨੂੰ ਸਮਰੱਥ ਬਣਾਉਣ ਲਈ ਮੈਟਾ ਦੀ ਯੋਜਨਾ ਦਾ ਹਿੱਸਾ ਹੋ ਸਕਦਾ ਹੈ, ਜਿਸ ਨਾਲ ਇਸ ਦੇ ਵੱਖ-ਵੱਖ ਐਪਸ ਵਿਚਕਾਰ ਸਮੱਗਰੀ ਨੂੰ ਸਾਂਝਾ ਕਰਨਾ ਆਸਾਨ ਹੋ ਜਾਵੇਗਾ। ਮੰਨੇ-ਪ੍ਰਮੰਨੇ ਡਿਵੈਲਪਰ ਅਲੇਸਾਂਦਰੋ ਪਾਲੁਜੀ ਨੇ ਦਾਅਵਾ ਕੀਤਾ ਹੈ ਕਿ ਥ੍ਰੈਡਸ ਇਕ ਨਵੇਂ ਫੀਚਰ ਦੀ ਸੈਟਿੰਗ ਕਰ ਰਿਹਾ ਹੈ, ਜਿਸ ਨਾਲ ਯੂਜ਼ਰਜ਼ ਇੰਸਟਾਗ੍ਰਾਮ ਰੀਲਜ਼ ਅਤੇ ਪੋਸਟ ਨੂੰ ਸਿੱਧਾ ਥ੍ਰੈਡਸ 'ਤੇ ਸਾਂਝਾ ਕਰ ਸਕਣਗੇ। ਪਾਲੁਜੀ ਦੁਆਰਾ ਸਾਂਝਾ ਕੀਤੇ ਗਏ ਸਕਰੀਨਸ਼ਾਟ ਦੇ ਅਨੁਸਾਰ, ਥ੍ਰੈਡਸ 'ਚ ਡ੍ਰਾਪ-ਡਾਊਨ ਮੈਨੂ 'ਚ ਇਕ ਨਵਾਂ ਇੰਸਟਾਗ੍ਰਾਮ ਆਪਸ਼ਨ ਜੋੜਿਆ ਗਿਆ ਹੈ, ਜੋ ਪਹਿਲਾਂ ਤੋਂ ਮੌਜੂਦ ਘੀਢ, ੜੋਚਿਏ ਅਤੇ ਫੋਲਲ ਆਪਸ਼ਨਾਂ ਦੇ ਨਾਲ ਦਿਖਾਈ ਦੇਵੇਗਾ। ਥ੍ਰੈਡਸ ਦੇ ਕੰਪੋਜ਼ ਬਾਕਸ 'ਚ ਨਵੇਂ ਇੰਸਟਾਗ੍ਰਾਮ ਬਟਨ 'ਤੇ ਕਰਨ ਨਾਲ ਇਕ ਗ੍ਰਿਡ ਦਿਖਾਈ ਦੇਵੇਗਾ, ਜਿਸ ਵਿਚ ਇੰਸਟਾਗ੍ਰਾਮ ਦੀ ਪੋਸਟ ਅਤੇ ਰੀਲਜ਼ ਦਿਸਣਗੀਆਂ। ਯੂਜ਼ਰਜ਼ ਉਥੋਂ ਚੁਣ ਸਕਣਗੇ ਕਿ ਕਿਹੜੀ ਰੀਲਜ਼ ਅਤੇ ਪੋਸਟ ਉਹ ਥ੍ਰੈਡਸ 'ਤੇ ਸਾਂਝੀ ਕਰਨਾ ਚਾਹੁੰਦੇ ਹਨ। ਫਿਲਹਾਲ ਕਈ ਯੂਜ਼ਰਜ਼ ਆਪਣੀ ਇੰਸਟਾਗ੍ਰਾਮ ਪੋਸਟ ਅਤੇ ਰੀਲਜ਼ ਨੂੰ ਥ੍ਰੈਡਸ 'ਤੇ ਸਾਂਝਾ ਕਰਦੇ ਹਨ ਤਾਂ ਜੋ ਉਹ ਆਪਣੇ ਕੰਟੈਂਟ 'ਤੇ ਜ਼ਿਆਦਾ ਅੰਗੇਜ਼ਮੈਂਟ ਪ੍ਰਾਪਤਕਰ ਸਕਣ ਅਤੇ ਆਪਣੇ ਫਾਲੋਅਰਜ਼ ਵਧਾ ਸਕਣ। ਇਸ ਨਵੇਂ ਬਟਨ ਦੇ ਆਉਣ ਨਾਲ ਯੂਜ਼ਰਜ਼ ਨੂੰਹੋਰ ਵੀ ਜ਼ਿਆਦਾ ਅੰਗੇਜ਼ਮੈਂਟ ਪ੍ਰਾਪਤ ਕਰਨ ਅਤੇ ਕੰਟੈਂਟ ਦੀ ਦਿੱਖ ਨੂੰ ਵਦਾਉਣ 'ਚ ਮਦਦ ਮਿਲਣ ਦੀ ਉਮੀਦ ਹੈ।

# ਕਾਵਿ ਕਿਆਰੀ

## ਨਜ਼ਮ

ਤਲਵਾਰਾਂ ਦੇਖ ਕੇ ਨੰਗੀਆਂ,
ਕਤਲ ਤੋਂ ਡਰ ਨਾ ਤੂੰ ਐਵੇਂ
ਕਤਲ ਕਰਨੇ ਦਾ ਹੁਨਰ ਸ਼ੋਖ,
ਅਦਾਵਾਂ ਵਿਚ ਵੀ ਹੁੰਦਾ ਹੈ

ਕਿਤੇ ਇਨਸਾਨ ਨਹੀਂ ਆਪਣੇ ,
ਕਿਤੇ ਰੁੱਖ ਲੱਗਦੇ ਆਪਣੇ ਨੇ
ਕਿ ਆਪਣਾਪਣ ਤਾਂ ਰੁੱਖਾਂ-ਪੌਦਿਆਂ,
ਥਾਵ੍ਹਾਂ ਵਿੱਚ ਵੀ ਹੁੰਦਾ ਹੈ

ਜੋਸ਼ ਵਿਚ ਆ; ਕਈ ਬਿਨ ਸਮਝੇ,
ਗੁਨਾਹ ਸੰਗੀਨ ਕਰ ਜਾਂਦੇ
ਗੁਨਾਹ ਛੋਟੇ - ਵੱਡੇ ਦਾ ਜ਼ਿਕਰ,
ਸਜਾਵਾਂ ਵਿਚ ਵੀ ਹੁੰਦਾ ਹੈ

ਦਰਦ ਓਹੀ ਨਹੀਂ ਹੁੰਦਾ ਜੋ,
ਜ਼ਖ਼ਮ ਮਹਿਸੂਸ ਕਰ ਹੋਵੇ
ਦਰਦ ਤਾਂ ਦਿਲ ਦਿਆਂ ਹੌਕਿਆਂ,
ਹਾਵਾਂ ਵਿਚ ਵੀ ਹੁੰਦਾ ਹੈ

ਜ਼ਹਿਰ ਮਜ਼੍ਹਬਾਂ ਦੀ ਨਫ਼ਰਤ ਦਾ,
ਦਿਲਾਂ ਵਿੱਚ ਅਕਸਰ ਵੇਖੀ ਦਾ
ਜ਼ਹਿਰ ਨਫ਼ਰਤ ਵਾਲਾ ਹੁਣ ਤਾਂ,
ਹਵਾਵਾਂ ਵਿੱਚ ਵੀ ਹੁੰਦਾ ਹੈ

ਬਿਨਾਂ ਕਿਸੇ ਇੱਛਾ ਸ਼ਕਤੀ ਦੇ,
ਕੋਈ ਮੰਜਿਲ ਸਰ ਨਹੀਂ ਹੁੰਦੀ
ਜਜ਼ਬਾ ਸੁਪਨੇ ਸੱਚ ਕਰਨੇ ਦਾ,
ਇੱਛਾਵਾਂ ਵਿਚ ਵੀ ਹੁੰਦਾ ਹੈ

ਜ਼ਲੀਲ ਕਰਕੇ ਦੂਜੇ ਨੂੰ,
ਤੂੰ ਬਹੁਤਾ ਖੁਸ਼ ਨਾ ਹੋ 'ਖੁਸ਼ੀ'
ਯਾਦ ਇਹ ਰੱਖ ਕਿ ਅਸਰ
ਬਦ-ਦੁਆਵਾਂ ਵਿਚ ਵੀ ਹੁੰਦਾ ਹੈ

**ਲੇਖਕ : ਖੁਸ਼ੀ ਮੁਹੰਮਦ "ਚੱਠਾ"**

## ਸੁਫਨਾ

ਸੁਰਖ਼ ਸਵੇਰੇ ਸੁਫਨਾ ਆਇਆ
ਮਾਂ ਮੇਰੀ ਮੈਨੂੰ ਗੱਲ ਨਾਲ ਲਾਇਆ
ਘੁੱਟ ਕੇ ਸੀਨੇ ਲਾ ਕੇ ਅੰਮੜੀ
ਮੱਥਾ ਚੁੰਮ ਮੈਨੂੰ ਕੋਲ ਬਿਠਾਇਆ
ਸੁਰਖ਼ ਸਵੇਰੇ ਸੁਫਨਾ ਆਇਆ

ਸੁਫਨੇ ਵਿੱਚ ਮੈ ਘਰ ਸੀ ਪਹੁੰਚਿਆ
ਮਿਲਣੇ ਨੂੰ ਮੇਰਾ ਦਿਲ ਸੀ ਲੋਚਿਆ
ਚਾਰ ਸਾਲਾਂ ਦੀ ਦੂਰੀ ਪਿੰਡ ਤੋਂ
ਇੱਕ ਇੱਕ ਪਲ ਬੜਾ ਔਖਾ ਲੰਘਾਇਆ
ਸੁਰਖ਼ ਸਵੇਰੇ ਸੁਫਨਾ ਆਇਆ

ਸੁਫਨਾ ਵੀ ਮੈਨੂੰ ਸੱਚ ਸੀ ਜਾਪਿਆ
ਜਦ ਮਾਂ ਨੇ ਮੈਨੂੰ ਪੁੱਤ ਆਖਿਆ
ਕੰਨਾਂ ਵਿੱਚ ਰਸ ਘੁੱਲ ਗਿਆ ਸੀ
ਏਨੇ ਪਿਆਰ ਨਾਲ ਨਾ ਕਿਸੇ ਬੁਲਾਇਆ
ਸੁਰਖ਼ ਸਵੇਰੇ ਸੁਫਨਾ ਆਇਆ

ਭੈਣ-ਭਾਈ ਤੇ ਬਾਪੂ ਨੂੰ ਮਿਲਿਆ
ਫੁੱਲ ਸਧਰਾਂ ਦਾ ਦਿਲ 'ਚ ਖਿਲਿਆ
ਦਾਦੇ ਨੂੰ ਮੈ ਫ਼ਤਿਹ ਬੁਲਾਈ
ਮੈਨੂੰ ਦਾਦੀ ਘੁੱਟ ਸੀਨੇ ਨਾਲ ਲਾਇਆ
ਸੁਰਖ਼ ਸਵੇਰੇ ਸੁਫਨਾ ਆਇਆ

ਸੁਫਨਾ ਮੇਰਾ ਟੁਟਿਆ ਜਦ ਸੀ
ਵਿਛੋੜੇ ਦੀ ਫਿਰ ਹੋ ਗਈ ਹੱਦ ਸੀ
ਰੂਹ ਮੇਰੀ ਨੂੰ ਹੌਲ ਜੇਹੇ ਪੈ ਗਏ
ਜਦ ਮੁੜ ਤੋਂ ਆਪ ਨੂੰ ਕੱਲਿਆ ਪਾਇਆ
ਸੁਰਖ਼ ਸਵੇਰੇ ਸੁਫਨਾ ਆਇਆ

**ਲੇਖਕ : ਗੁਰਮੀਤ ਸਿੰਘ**

## ਸੱਚ

ਕੱਚੇ ਵਿਹੜੇ ਰਿਸ਼ਤੇ ਪੱਕੇ
ਪੱਕੇ ਵਿਹੜੇ ਰਿਸ਼ਤੇ ਕੱਚੇ
ਅੱਗ ਸਾਂਝੇ ਚੁੱਲ੍ਹੇ ਵਾਲੀ
ਬਣਕੇ ਭਾਂਬੜ ਸੀਨੇ ਮੱਚੇ

ਬਾਗ ਦਾਦੇ ਦੇ ਮੁੱਢੋਂ ਪੁੱਟੇ
ਹੁਣ ਖੇਤੀ ਖੁੰਬਾਂ ਦੀ ਜੱਚੇ
ਕਵੀ ਕਵੀਸ਼ਰ ਖੂੰਜੇ ਲੱਗੇ
ਕਿੱਸੇ ਨਾਂਹੀ ਵਿੱਕਦੇ ਸੱਚੇ

ਰੋਂਦੀ ਮਾਂ ਔਲਾਦ ਨਸ਼ੇੜੀ
ਚਿੱਟੇ ਚਰਸਾਂ ਹੱਡੀਂ ਰੱਚੇ
ਗਿੱਧੇ ਭੱਗੜੇ ਰਸਮੀ ਹੋਏ
ਨੈਟ ਤੇ ਜੁੜਗੇ ਬੁੱਢੇ,ਬੱਚੇ

ਧੀ ਭੈਣ ਨਾਂ ਕਿੱਸੇ ਨੂੰ ਲੱਗੇ
ਮਜਬੂਰੀ ਵਸ ਔਰਤ ਨੱਚੇ
ਜੱਜ ਕਨੂੰਨੋ ਵਾਝੇ ਬਿੰਦਰਾ
ਸੱਚੇ ਝੂਠੇ, ਝੂਠੇ ਸੱਚੇ

**ਲੇਖਕ : ਬਿੰਦਰ ਸਾਹਿਤ ਇਟਲੀ**

## ਜਿਹੜੇ ਰੁੱਖ ਨੇ ਕੱਟ ਰਹੇ

ਹੱਥੀਂ ਲਾ ਕੇ ਬੂਟਾ ਖੁਦ ਹੀ ਪੱਟ ਰਹੇ।
ਬਿਨ ਮਤਲਵ ਦੀ ਬਦਨਾਮੀ ਨੇ ਖੱਟ ਰਹੇ।
ਕੱਲ ਤਰਸਣਗੇ ਲੋਕ ਹਵਾਵਾਂ ਚੰਗੀਆਂ ਨੂੰ।
ਚੁੱਕ ਕੁਹਾੜਾ ਅੱਜ ਜੋ ਰੁੱਖ ਨੇ ਕੱਟ ਰਹੇ।

ਗਿਣਤੀ ਵਧਦੀ ਜਾਵੇ ਜ਼ਾਲਮ ਬੰਦਿਆਂ ਦੀ।
ਪਰਉਪਕਾਰ ਹੈ ਕਰਨ ਵਾਲੇ ਨਿੱਤ ਘੱਟ ਰਹੇ।
ਬੇਸ਼ੱਕ ਧੋਖੇਬਾਜ਼ ਲੁਟੇਰੇ ਬਣ ਕੇ ਲੁੱਟ ਦੇ ਨੇ।
ਅੰਤ ਸਮੇਂ ਲਈ ਜਾਨ ਨੂੰ ਰੱਸੇ ਵੱਟ ਰਹੇ।

ਖਾਣ ਖੱਟਣ ਨੂੰ ਕੁਝ ਨਾ ਸ਼ੋਰ ਮਚਾਉਂਦੇ ਨੇ।
ਟਾਊਟ ਨੇਤਾਵਾਂ ਦੇ ਬਣ ਕੌਲੀ ਚੱਟ ਰਹੇ।
ਮਨਮਰਜ਼ੀ ਦੀ ਬੋਲੀ ਲਾਉਣ ਵਪਾਰੀ ਪਏ।
ਬੋਹਲ ਦੇ ਕੋਲ ਖਲੋਤਾ ਰੋਂਦਾ ਜੱਟ ਰਹੇ।

ਪੈਸਾ ਪਾਣੀ ਵਾਂਗ ਵਹਾਉਂਦੇ ਨੇਤਾ ਅਪਣੇ ਤੇ।
ਲੋਕ ਹਿਤੈਸ਼ੀ ਕੰਮਾਂ ਤੋਂ ਨੇ ਪਾਸਾ ਵੱਟ ਰਹੇ।
ਮੋਹਰੀ ਬਣ ਬਣ ਤੁਰਦੇ ਲੋਕੀ ਮਾੜੇ ਪਾਸੇ ਨੂੰ।
ਚੰਗੇ ਵੰਨੀਉਂ 'ਬੁਜ਼ਰਕ' ਪਿੱਛੇ ਹੱਟ ਰਹੇ।

**ਲੇਖਕ : ਹਰਮੇਲ ਸਿੰਘ ਬੁਜ਼ਰਕੀਆ**
**ਸੰਪਰਕ : 94175-97204**

## ਪੱਥਰ ਵਰਗੇ ਲੋਕਾਂ ਦੇ ਵਿਚ

ਪੱਥਰ ਵਰਗੇ ਲੋਕਾਂ ਦੇ ਵਿਚ ਕੀ ਮੁਸਕਾਵੇ ।
ਕੱਚ ਦੀ ਗੁੱਡੀ ਕਿਰਚੀ-ਕਿਰਚੀ ਹੁੰਦੀ ਜਾਵੇ ।

ਉਹਦੇ ਹਾਸੇ ਵਿੱਚੋਂ ਸੱਤੇ ਰੰਗ ਗੁਆਚੇ,
ਕਿਹੜਾ ਅੰਬਰ ਉੱਤੇ ਜਾ ਕੇ ਪੀਂਘ ਹਿਲਾਵੇ ।

ਉਹਦੀਆਂ ਜ਼ੁਲਫ਼ਾਂ ਦੇ ਸੰਗ ਖਹਿ ਕੇ ਝੱਲੀ ਹੋਈ,
ਮਸਤ ਹਵਾ ਵੀ ਰਾਹਵਾਂ ਦੇ ਵਿਚ ਗਿੱਧਾ ਪਾਵੇ ।

ਅੱਲੜ ਗੋਰੀ ਇਕਲਾਪੇ ਵਿਚ ਚੋਰੀ ਚੋਰੀਸ਼ੀਸ਼ੇ
ਸਾਹਵੇਂ ਵੇਖ ਕੇ ਆਪਣਾ ਮੁੱਖ ਸ਼ਰਮਾਵੇ ।

ਵੇਲੇ ਨੇ ਕਿਸ ਨ੍ਹੇਰੇ ਖੂਹ ਵਿਚ ਤਾੜਿਆ ਮੈਨੂੰ,
ਅੱਖਾਂ ਨੂੰ ਰੰਗ ਭੁੱਲ ਗਏ ਨੇ ਸੋਹਣੇ ਤੇ ਸਾਵੇ ।

ਸੋਨੇ ਦੇ ਪਿੰਜਰੇ ਵੀ ਪੰਛੀ ਖ਼ੁਸ਼ ਨਹੀਂ ਰਹਿੰਦਾ,
ਭਾਵੇਂ ਕੋਈ ਕੋਹਕਾਫ਼ਾਂ ਚੋਂ ਚੁੱਕ ਲਿਆਵੇ ।

ਇੰਜ ਤੇ ਬੱਦਲ ਬੜਾ ਵਰਾਊ ਲੱਗਦੈ 'ਅਕਰਮ',
ਦਿਲ ਦੀ ਬੰਜਰ ਧਰਤੀ ਪਰ ਨਾ ਕਣੀਆਂ ਪਾਵੇ ।

**ਲੇਖਕ : ਅਕਰਮ ਬਾਜਵਾ**

## ਦਲ ਵਾਪਸੀ

ਸਾਲਾਂ ਬੱਧੀ ਕਹਿੰਦੇ ਕੱਟ ਛੁੱਟੀ,
ਪੈਰ ਪੰਥ ਵਿੱਚ ਮੁੜ ਪਾ ਗਿਆ ਉਹ।
ਚੋਰ ਮੋਰੀਆਂ ਰਾਹੀਂ ਕਰ ਸੌਦਾ,
ਕੁਰਸੀ ਫੇਰ ਦਲ 'ਚ ਡਾਹ ਗਿਆ ਉਹ।

ਘਾਟੇ ਰਹਿੰਦੇ ਦੇਊ ਕਰ ਪੂਰੇ,
ਹੱਥ ਦਾਗ਼ੀਆਂ ਸੰਗ ਮਿਲਾ ਗਿਆ ਉਹ।
ਪਈਆਂ ਆਦਤਾਂ ਕਦੇ ਜਾਂਦੀਆਂ ਨਾ।
ਸੁੱਚੀਆਂ ਲੁੱਚੀਆਂ ਸਭ ਪਕਾ ਗਿਆ ਉਹ।

ਹਟਣਾ ਆਪ ਤਾਂ ਸੀ ਕੀ 'ਭਗਤਾ',
ਕਿੱਤੇ ਪੁੱਤ ਨੂੰ ਨਸ਼ੇ 'ਚ ਪਾ ਗਿਆ ਉਹ।
ਝੂਠੀ ਸਾਬਤ ਗਿਆ ਕਰ ਕਹਾਵਤ,
ਬੋਹੜ ਹੇਠਾਂ ਬੋਹੜ ਲਾ ਗਿਆ ਉਹ।

ਹੋ ਬਦਰੰਗੋਂ ਨੀਲਾ ਪਹਿਨ ਬਾਣਾ,
ਗੁਨਾਹ ਸਾਰ ਮਾਫ਼ ਕਰਾ ਗਿਆ ਉਹ।
ਸੁੱਚਿਉਂ ਹੋ ਕੇ ਲੁੱਚਾ ਸਿਰੇ ਵਾਲਾ,
ਆਖ਼ਰ ਫਿਰ ਸੁੱਚਾ ਅਖਵਾ ਗਿਆ ਉਹ।

**ਲੇਖਕ : ਬਰਾੜ 'ਭਗਤਾ ਭਾਈ ਕਾ'**
**+1-604-751-1113**

## ਮੁਹੱਬਤ

ਮੁਹੱਬਤ ਐਸਾ ਦਰਿਆ ਹੈ
ਜਿਦਾ ਸਾਹਿਲ ਨਹੀਂ ਹੁੰਦਾ
ਨਜ਼ਰ ਜੇ ਆ ਵੀ ਜਾਵੇ ਤਾਂ
ਕਦੇ ਹਾਸਿਲ ਨਹੀਂ ਹੁੰਦਾ
ਤੇਰੀ ਮੌਜੂਦਗੀ ਵਿੱਚ ਵੀ
ਕਮੀ ਤੇਰੀ ਹੀ ਖਲਦੀ ਹੈ
ਤੇਰੀ ਆਗੋਸ਼ ਵਿੱਚ ਆ ਕੇ ਵੀ
ਤੈਨੂੰ ਮਿਲ ਨਹੀਂ ਹੁੰਦਾ
ਨਜ਼ਰ ਜੋ ਵੇਖਦੀ ਹੈ ਉਹ
ਜ਼ਰੂਰੀ ਨਹੀਂ ਕਿ ਸੱਚ ਹੋਵੇ
ਜਿਦ੍ਹੇ ਹੱਥਾਂ 'ਚ ਖੰਜਰ ਉਹ
ਸਦਾ ਕਾਤਿਲ ਨਹੀਂ ਹੁੰਦਾ
ਤੇਰੇ ਨੈਣਾਂ ਦਾ ਜਾਦੂ ਇਸ
ਤਰ੍ਹਾਂ ਮੇਰੇ 'ਤੇ ਚੱਲਦਾ ਹੈ
ਖੜਾ ਜਿੱਥੇ ਵੀ ਹੁੰਦਾ ਹਾਂ
ਫਿਰ ਉੱਥੋਂ ਹਿੱਲ ਨਹੀਂ ਹੁੰਦਾ
ਮੁਹੱਬਤ ਜਿਸ ਦੀ ਰਗ-ਰਗ
ਵਿੱਚ ਉਹੀ ਮਹਿਰੂਮ ਹੈ ਇਸ ਤੋਂ
ਤੇ ਇਹ ਮਿਲਦੀ ਵੀ ਉਸਨੂੰ
ਹੈ ਜੋ ਇਸ ਕਾਬਿਲ ਨਹੀਂ ਹੁੰਦਾ

**ਲੇਖਕ : ਕਰਨਜੀਤ**

## ਮੁਸ਼ਕਿਲ ਹੈ

ਮਨ ਜਿੱਥੇ ਹੈ ਫਿਰਦੈਂ,
ਓਥੇ ਜ਼ਹਿਨ ਪੁਜਾਣਾ ਮੁਸ਼ਕਿਲ ਹੈ।
ਆਪਣੇ ਹੱਥੀਂ ਦਿਲ ਦੀਆਂ,
ਕੱਚੀਆਂ ਕੰਧਾਂ ਢਾਹੁਣਾ ਮੁਸ਼ਕਿਲ ਹੈ।

ਉਹ ਕਹਿੰਦੇ ਨੇ ਕੁਝ ਉਮਦਾ ਲਿਖ,
ਪਰ ਇਸ ਦਿਮਾਗ ਤੋਂ ਪਾਰ ਪਾਣਾ ਮੁਸ਼ਕਿਲ ਹੈ।
ਮੈਂ ਚਾਹੁਨਾ ਜੋ ਲਫ਼ਜ਼ਾਂ ਵਿੱਚ ਸਮੇਟਣਾ,
ਉਹ ਸਭ ਪਰੋ ਕੇ,
ਗਲ਼ ਦਾ ਹਾਰ ਬਣਾਉਣਾ ਮੁਸ਼ਕਿਲ ਹੈ।

ਕਿਹਨੂੰ ਕਿਹਨੂੰ ਸਮਝਾਈਏ ਜਜ਼ਬਾਤ ਇੰਜ ਉੱਖੜੇ?
ਹਰ ਸਮੇਂ ਕੂਟਨੀਤਿਕ ਜਿਹਾ ਬਣਕੇ,
ਮੌਲਾ, ਘੁੱਟ-ਘੁੱਟ ਜੀਣਾ ਮੁਸ਼ਕਿਲ ਹੈ।

**ਲੇਖਕ : ਜਤਿੰਦਰ ਰਾਹੀ**

## ਯਾਦਾਂ

ਭੋਲੇ ਪੱਖੀਆਂ ਯਾਦਾਂ ਨੇ ਪੁਰਾਣੀਆਂ
ਕਿਤੇ ਮੁੜ ਕੇ ਦੁਬਾਰਾ ਆ ਜਾਣੀਆਂ

ਲੈ ਗਏ ਭਾਖੜੇ ਦੀ ਬਿਜਲੀ ਉਧਾਲ ਕੇ
ਇਹ ਰੰਜ਼ਸਾਂ ਨੇ ਨਾਲ਼ ਪੰਜਾਂ ਪਾਣੀਆਂ

ਪਾਣੀ ਪੀ ਗਿਆ ਝੋਨਾ ਸੂਟਾ ਮਾਰਕੇ
ਸਾਡੇ ਚੱਲਦੇ ਸੀ ਖੂਹ ਮੇਰੇ ਹਾਣੀਆਂ

ਮੁੱਲ ਵਿਕਦੇ ਨੇ ਗੰਨੇ ਛੋਲੇ ਛੱਲੀਆਂ
ਬਣ ਯਾਦਾਂ ਜਹਿਨ ਚ ਰਹਿ ਜਾਣੀਆਂ

ਓ ਭੁੱਲੇ ਮੱਖਣ ਮਲਾਈ ਦੁੱਧ ਕਾੜ੍ਹਨੀ
ਹੁਣ ਕੋਕਾਕੋਲਾ ਵੇਚੇ ਪਿੰਡ ਬਾਣੀਆਂ

ਲੱਕੋਂ ਵੱਢਿਆ ਪੰਜਾਬ ਰਲ ਦੱਲਿਆਂ
ਅੱਖੀਂ ਰੜਕਦੇ ਅਜੇ ਵੀ ਪੰਜ ਪਾਣੀਆਂ

ਅਸੀਂ ਤੋੜ ਕੇ ਸਰਹਦਾਂ ਮਿਲ ਬੈਠੀਏ
ਬੈਠ ਖੇਡੀਏ ਰਲ਼ਕੇ ਬਾਰਾਂ ਢਾਣੀਆਂ

ਅਸੀਂ ਸਕੇ ਸੀ ਸਾਕ ਸਾਡੇ ਸਾਂਝੇ ਸੀ
ਕੰਜਰ ਵੰਡ ਗਏ ਕਰ ਬੇਈਮਾਨੀਆਂ

'ਜੀਤ' ਸਾਂਭ ਲੈ ਵਿਰਾਸਤ ਜੋ ਸਾਂਝੀ ਐ
ਤੂੰ ਮਰਿਆ ਤਾਂ ਯਾਦਾਂ ਰਹਿ ਜਾਣੀਆਂ

**ਲੇਖਕ : ਸਰਬਜੀਤ ਸਿੰਘ ਨਮੋਲ**
**ਸੰਪਰਕ : 9877358044**

## ਸਤਿਕਾਰ

ਸਾਰੇ ਗੁਣਾਂ ਦਾ ਸਰਤਾਜ ਗੁਣ,
ਵੱਡਿਆਂ ਦਾ ਸਤਿਕਾਰ ਕਰੋ।
ਗੁਣ ਦਾਤੇ ਨੇ ਬਖ਼ਸ਼ੇ ਹਰ ਬੰਦੇ ਨੂੰ,
ਬੱਚਿਆਂ ਨੂੰ ਲਾਡ ਪਿਆਰ ਕਰੋ।
ਸਿਖਣਾ ਹੋਵੇ ਜੇ ਕਿਸੇ ਕੋਲੋਂ ਕੁਝ,
ਪਿਆਰ ਸਤਿਕਾਰ ਨਾਲ ਨਿਵ ਕੇ ਸਿਖ।
ਗਾਲਾਂ ਕੱਢ ਕੇ,ਗੁਸੇ ਹੋ ਕੇ, ਨਫ਼ਰਤ ਕਰਕੇ,
ਪੈ ਜਾਂਦੀ ਜ਼ਿੰਦਗੀ ਵਿਚ ਫਿੱਕ ।
ਕਿਸੇ ਨੂੰ ਘਟੀਆ ਨੀਂਵਾਂ ਨਾਂ ਸਮਝੋ,
ਚੰਗੀ ਜ਼ਿੰਦਗੀ ਜਿਉਣਾ ਚਾਹੋਂ ਤਾਂ ਜੀਅ।
ਗੁਰੂ ਟੀਚਰ ਤੋਂ ਸਿਖਿਆ ਜੇ ਲੈਣੀ,
ਵੱਸੀ ਹੋਵੇ ਇਛਾ ਸਤਿਕਾਰ ਭਾਵਨਾ ਦੀ।
ਵੱਡੇ ਵੱਡੇ ਫੂੰ-ਫਾਂ ਵਾਲੇ ਵੀ ਪਿਘਲ ਜਾਂਦੇ,
ਸਤਿਕਾਰ ਦਾ ਬੁਲ੍ਹਾ ਜੇ ਚਲ ਜਾਵੇ।
ਫਿਰ ਵੀ ਕਦੀ ਬੇਅਦਬੀ ਦੀ ਹੋਜੇ ਗਲਤੀ,
ਛੋਟੀ ਜਿਹੀ ਮੁਆਫੀ ਨਾਲ ਗੱਲ ਟਲ ਜਾਵੇ।

**ਲੇਖਕ : ਅਮਰਜੀਤ ਸਿੰਘ ਤੁਰ**
**ਫੋਨ ਨੰਬਰ : 9878469639**

## ਚੁੱਪ ਦਾ ਤੂਫਾਨ

ਚੁੱਪ ਦੀ ਕੋਈ ਆਵਾਜ਼ ਨਹੀਂ ਹੁੰਦੀ
ਪਰ ਬੇਜ਼ੁਬਾਨ ਵੀ ਨਹੀਂ ਹੁੰਦੀ ਚੁੱਪ
ਇਸਦਾ ਤੂਫਾਨ ਸਾਗਰਾਂ ਚੋਂ ਨਹੀਂ
ਸਬਰ ਦੀਆਂ ਸ਼ਾਂਤਮਈ ਝੀਲਾਂ ਚੋਂ ਉੱਠਦੈ

ਜੋ ਸਮੁੰਦਰਾਂ ਤੋਂ ਵੀ ਗਹਿਰਾ
ਤੇ ਪਰਬਤਾਂ ਤੋਂ ਕਿਤੇ ਵੱਧ ਉੱਚਾ ਹੁੰਦੈ

ਇਹੋ ਤੂਫਾਨ ਸੰਖਮਰਮਰੀ ਰਾਜਮਹਿਲਾਂ ਦੇ
ਜ਼ੁਲਮੀਂ ਕਿੰਗਰੇ ਢਾਅ ਕੇ
ਦੇਸ਼ - ਦਿਸ਼ਾਵਾਂ ਨੂੰ ਬਦਲਦਾ ਹੈ

ਵਰਨਾ..... ਸਦੀਆਂ ਤੱਕ
ਕੰਡਿਆਲੇ ਰਾਹ

ਚੁੱਪ ਦੇ ਕਾਫ਼ਲਿਆਂ ਨੂੰ
ਜ਼ਖ਼ਮੀ ਤਸੀਹੇ ਦਿੰਦੇ ਰਹਿੰਦੇ ਹਨ॥

**ਲੇਖਕ : ਦਲਜਿੰਦਰ ਰਹਿਲ**

## ਸੱਜਰੀ-ਸਵੇਰ

ਸੱਜਰੀ ਸਜੀ, ਸਵੇਰ ਅੱਜ ਦੀ,
ਸੰਦਲੀ ਸ਼ਾਂਤ, ਸਵੇਰ ਅੱਜ ਦੀ।
ਪਾਰਕ 'ਬੀਕਨ ਹਿੱਲ' ਟਹਿਲਦੇ,
ਰੌਣਕ ਤੱਕ ਤੱਕ, ਰੂਹ ਰੱਜਦੀ।

ਪੈਲਾਂ ਪਾਉਂਦੇ, ਚੋਗਾ ਚੁਗਦੇ,
ਮੋਰਾਂ ਨਾਲ, ਸਵੇਰ ਅੱਜ ਦੀ।
ਕਾਟੋ, ਹਿਰਨ ਤੇ ਬਗ਼ਲੇ ਚਿੜੀਆਂ,
ਫਿਰਦੇ ਕਰਨ, ਕਮਾਈ ਅੱਜ ਦੀ।

ਸਹਿਆਂ ਦੀ ਵੀ, ਢਾਣੀ ਢੁੱਕੀ,
ਲੁਕਦੀ, ਛੁਪਦੀ, ਟੱਪਦੀ, ਭੱਜਦੀ।
ਵੇਲਾਂ, ਬੂਟੇ, ਰੁੱਖਾਂ ਥੱਲੇ,
ਫੁੱਲਾਂ ਦੀ, ਗੁਲਜ਼ਾਰ ਫੱਬਦੀ।

ਬੱਤਖਾਂ, ਕੱਛੂ, ਤਾਲ ਤਰੇਂਦੇ,
ਮੁਰਗਾਬੀ, ਪਈ ਤਾਰੀ ਤਰਦੀ।
ਵਿੱਚ ਤਲਾਵਾਂ, ਵਗਣ ਫੁਆਰੇ,
ਧੀਮੀਂ ਧੁੰਨ, ਵਜਾਵਣ ਅੱਜ ਦੀ।

ਰੁੱਖੀਂ ਹਵਾ, ਹੁਲਾਰੇ ਦੇਵੇ,
ਪੌਣ ਪਈ, ਜੋ ਤਾਜ਼ੀ ਵਗਦੀ।
ਸੂਖਮ ਸ਼ੂਕ ਜਿਹੀ ਪਈ ਸ਼ੂਕੇ,
ਜਾਪੇ ਜਿਵੇਂ, ਵੰਸਰੀ ਵੱਜਦੀ।

ਚੀਲ, ਸਫ਼ੈਦੇ, ਨੱਚਦੇ ਜਾਪਣ,,
ਤਾਲ ਬਣਾ ਕੋਈ, ਵੱਖਰੀ ਅੱਜ ਦੀ।
ਸੂਰਜ ਉੱਚੇ, ਰੁੱਖਾਂ ਵਿੱਚੋਂ,
ਸੱਜਰੀ ਕਰੇ, ਸਲਾਮ ਅੱਜ ਦੀ।

'ਜੇਮਜ਼ ਬੇਅ' ਵਿੱਚ, ਹਲਕੀ ਧੁੰਦ ਚੋਂ,
ਝਾਤ-ਪਹਾੜੀ, ਅਜਬ ਅੱਜ ਦੀ।
'ਸ਼ਾਂਤ-ਮਹਾਂ ਸਾਗਰ' ਦੇ ਕੰਢੇ,
ਸਾਥੀ ਸੈਰ, ਕਰੇਂਦੇ ਅੱਜ ਦੀ।

ਕਈਆਂ ਹੱਥੀਂ, ਕੱਪ ਫੜੇ ਭਰ,
ਤਾਜ਼ੀ ਕੌਫੀ, ਬਣੀ ਅੱਜ ਦੀ।
ਨਾਲ ਮਾਲਕਾਂ, ਕੂਕਰ ਕੁੱਦਣ,
ਕਰਨ ਕਲੋਲ, ਨਵੇਲੀ ਅੱਜ ਦੀ।

ਬੀਬੀਆਂ, ਬਾਬੇ, ਗੱਭਰੂ, ਘੁੰਮਣ,
ਟੋਲੀ ਫਿਰੇ, ਪਈ ਕੋਈ ਭੱਜਦੀ।
ਚੋਬਰ, ਕੰਨੀਂ, ਟੂਟੀਆਂ ਲਾ ਕੇ,
ਦੇਵਣ ਗੇੜੀ-ਸਾਈਕਲ ਅੱਜ ਦੀ।

ਬੈਠੇ ਵਿੱਚ ਮਲਾਹ ਬੇੜੀਆਂ,
ਕਰਨ ਮਸ਼ਵਰੇ, ਰੈਅ ਕੋਈ ਅੱਜ ਦੀ।
ਸੈਰੀ-ਬੇੜਾ, ਬਿਗਲ ਵਜਾ ਕੇ,
ਕੂਚ-ਤਿਆਰੀ, ਕਰਦਾ ਅੱਜ ਦੀ।

ਸਾਗਰ-ਲਹਿਰਾਂ, ਖਹਿ ਖਹਿ ਛੇੜਨ,
ਤਾਜ਼ੀ ਤਰਜ਼, ਸੁਰੀਲੀ ਅੱਜ ਦੀ।
ਕਾਦਰ-ਕੁਦਰਤ, ਸਹਿਜ-ਸੁਰੰਗੀ,
ਰੋਮ ਰੋਮ ਵਿੱਚ, ਜਾਪੇ ਵੱਜਦੀ।

ਮਨ ਵਿਸਮਾਦੀਂ, ਬੇਸੁੱਧ ਹੋਇਆ,
ਸੋਚ ਭੁੱਲੀ ਸੱਭ, ਝੇੜੇ-ਝੱਜ ਦੀ।
ਖ਼ਬਰਾਂ ਵਿੱਚ ਮਸਰੂਫ ਮਿੱਤਰੋ,
ਮੋੜ ਕੋਨ-ਦ੍ਰਿਸ਼ਟੀ ਅੱਜ ਹੀ।

ਇਹ ਵੀ ਤਾਂ 'ਵਿਕਟੋਰੀਆ ਬੀ ਸੀ',
ਦੀ ਹੈ ਖ਼ਾਸ, ਖ਼ਬਰ ਇੱਕ ਅੱਜ ਦੀ।
'ਸੱਜਰੀ ਸਜੀ, ਸਵੇਰ ਅੱਜ ਦੀ,
ਸੰਦਲੀ ਸ਼ਾਂਤ, ਸਵੇਰ ਅੱਜ ਦੀ।'

**ਕੁਲਵੰਤ ਸਿੰਘ, ਵੈਨਕੂਵਰ**

# ਨਾਰੀ ਸੰਸਾਰ



## ਬੱਚੇ ਦੀ ਅੰਦਰੂਨੀ ਭਾਵਨਾ ਦੀ ਕਦਰ ਕਰਦਿਆਂ
# ਬੱਚਿਆਂ ਲਈ ਰਾਹ ਦਸੇਰਾ ਬਣੋ

ਲੇਖਕ: ਡੀ.ਆਰ. ਬੰਦਨਾ
ਮੋਬਾਈਲ : 94173-89003

*ਘਰ ਵਿਚ ਬੱਚੇ ਦੇ ਭੈਣ-ਭਰਾ, ਮਾਂ-ਬਾਪ, ਦਾਦਾ-ਦਾਦੀ ਸਾਰੇ ਹੀ ਪਿਆਰ ਕਰਨ ਵਾਲੇ ਰਹਿੰਦੇ ਹਨ। ਬੱਚੇ ਦੀ ਦੁਨੀਆ ਇਥੋਂ ਹੀ ਸ਼ੁਰੂ ਹੁੰਦੀ ਹੈ ਤੇ ਇਥੇ ਹੀ ਖ਼ਤਮ ਹੁੰਦੀ ਹੈ। ਬੱਚਾ ਸਕੂਲ ਜਾਵੇ ਜਾਂ ਫਿਰ ਕਿਸੇ ਦੇ ਘਰ ਜਾਵੇ, ਉਸ ਦਾ ਮਨ ਵਾਪਸ ਘਰ ਆ ਕੇ ਹੀ ਲਗਦਾ ਹੈ।*

ਤੁਹਾਡਾ ਘਰ ਕਿੰਨਾ ਵੱਡਾ ਹੈ, ਇਹ ਗੱਲ ਕੋਈ ਮਹੱਤਵ ਨਹੀਂ ਰੱਖਦੀ। ਘਰ 'ਚ ਬੱਚਿਆਂ ਦੀ ਰੌਣਕ ਹੋਵੇ ਤੇ ਤੁਸੀਂ ਉਨ੍ਹਾਂ ਨੂੰ ਕਿੰਨਾ ਕੁ ਪਿਆਰ ਕਰਦੇ ਹੋ ਜਾਂ ਫਿਰ ਬੱਚੇ ਤੁਹਾਡੇ ਨਾਲ ਕਿਸ ਤਰ੍ਹਾਂ ਵਿਚਰਦੇ ਹਨ, ਤੁਸੀਂ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਿੰਨਾ ਕੁ ਕਦਰ ਕਰਦੇ ਹੋ, ਇਹ ਹੀ ਗੱਲ ਅਹਿਮ ਹੈ। ਕਾਰਨ ਕਿ ਬੱਚੇ ਦਾ ਜੀਵਨ ਤਾਂ ਇਕ ਕੋਰੇ ਕਾਗਜ਼ ਵਾਂਗ ਹੁੰਦਾ ਹੈ ਜੋ ਉਸ 'ਤੇ ਉੱਕਰਿਆ ਜਾਏਗਾ ਉਹ ਹੀ ਸੱਚ ਹੁੰਦਾ ਹੈ, ਬਾਕੀਆਂ ਵੱਲ ਉਸ ਦਾ ਧਿਆਨ ਨਹੀਂ ਹੁੰਦਾ।

ਘਰ ਵਿਚ ਬੱਚੇ ਦੇ ਭੈਣ-ਭਰਾ, ਮਾਂ-ਬਾਪ, ਦਾਦਾ-ਦਾਦੀ ਸਾਰੇ ਹੀ ਪਿਆਰ ਕਰਨ ਵਾਲੇ ਰਹਿੰਦੇ ਹਨ। ਬੱਚੇ ਦੀ ਦੁਨੀਆ ਇਥੋਂ ਹੀ ਸ਼ੁਰੂ ਹੁੰਦੀ ਹੈ ਤੇ ਇਥੇ ਹੀ ਖ਼ਤਮ ਹੁੰਦੀ ਹੈ। ਬੱਚਾ ਸਕੂਲ ਜਾਵੇ ਜਾਂ ਫਿਰ ਕਿਸੇ ਦੇ ਘਰ ਜਾਵੇ, ਉਸ ਦਾ ਮਨ ਵਾਪਸ ਘਰ ਆ ਕੇ ਹੀ ਲਗਦਾ ਹੈ।

ਕਲਪਨਾ ਕਰੋ ਕਿ ਤੁਸੀਂ ਦਿਨ ਭਰ ਘਰੋਂ ਬਾਹਰ ਆਪਣੇ ਕਿਸੇ ਵੀ ਕੰਮ 'ਤੇ ਰਹਿ ਕੇ ਸ਼ਾਮ ਨੂੰ ਘਰ ਵਾਪਸ ਆਉਂਦੇ ਹੋ। ਘਰ ਆ ਕੇ ਦੇਖਦੇ ਹੋ ਕਿ ਪਰਿਵਾਰ ਦਾ ਹਰ ਮੈਂਬਰ ਆਪਣੇ ਕੰਮ ਵਿਚ ਰੁੱਝਾ ਦਿਸੇ ਤੁਹਾਡੇ ਨਾਲ ਕੋਈ ਵੀ ਮੈਂਬਰ ਗੱਲ ਕਰਨ ਲਈ ਵਿਹਲਾ ਨਾ ਹੋਵੇ ਤਾਂ ਫਿਰ ਤੁਸੀਂ ਦੇਖੋ ਤੁਹਾਡੇ ਮਨ 'ਤੇ ਕੀ ਗੁਜ਼ਰਦੀ ਹੈ। ਤੁਸੀਂ ਪਰਿਵਾਰ ਨਾਲ ਕੁਝ ਗੱਲਾਂ ਸਾਂਝੀ ਕਰਨਾ ਚਾਹੁੰਦੇ ਹੋ ਪਰ ਕੋਈ ਵੀ ਮੈਂਬਰ ਤੁਹਾਡੇ ਕੋਲ ਬੈਠਣ ਨੂੰ ਤਿਆਰ ਹੀ ਨਹੀਂ ਤਾਂ ਫਿਰ ਕੀ ਬੀਤਦੀ ਹੈ ਤੁਹਾਡੇ ਮਨ 'ਤੇ। ਅਗਰ ਤੁਸੀਂ ਇਸ ਤਰ੍ਹਾਂ ਦਾ ਵਰਤਾਓ ਬੱਚੇ ਨਾਲ ਕੀਤਾ ਹੈ ਤਾਂ ਉਸ ਦਾ ਕੋਮਲ ਮਨ ਨਹੀਂ ਟੁੱਟੇਗਾ, ਬੱਚਾ ਸਕੂਲ ਤੋਂ ਵਾਪਸ ਘਰ ਆਉਂਦਾ ਹੈ, ਉਸ ਦੇ ਦਿਲ 'ਚ ਪਤਾ ਨਹੀਂ ਕਿੰਨੇ ਕੁ ਵਲਵਲੇ ਤੇ ਭਾਵਨਾਵਾਂ ਉੱਸਲਵੱਟੇ ਲੈ ਰਹੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਉਹ ਤੁਹਾਡੇ ਨਾਲ ਸਾਂਝੀਆਂ ਕਰਨਾ ਚਾਹੁੰਦਾ ਹੈ ਪਰ ਤੁਸੀਂ ਉਸ ਨੂੰ ਸਮਾਂ ਹੀ ਨਹੀਂ ਦੇ ਰਹੇ। ਉਹ ਅੰਦਰੋਂ ਬੁਰੀ ਤਰ੍ਹਾਂ ਟੁੱਟ ਜਾਵੇਗਾ। ਹਮੇਸ਼ਾ ਕੋਸ਼ਿਸ਼ ਕਰੋ ਉਸ ਦੀਆਂ ਅੰਦਰਲੀਆਂ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸੁਣੋ ਤੇ ਅਗਰ ਕੋਈ ਉਸ ਦੀ ਪੇਚੀਦਾ ਸਮੱਸਿਆ ਹੈ ਤਾਂ ਉਸ ਦਾ ਠੰਢੇ ਦਿਮਾਗ਼ ਨਾਲ ਸੋਚ ਕੇ ਹੱਲ ਕੱਢੋ। ਇਸ ਤਰ੍ਹਾਂ ਤੁਸੀਂ ਉਸ ਲਈ ਬਹੁਤ ਵੱਡੇ ਰਾਹ ਦਸੇਰਾ ਬਣ ਸਕਦੇ ਹੋ। ਜੇਕਰ ਉਸ ਦੀਆਂ ਕੋਮਲ ਭਾਵਨਾਵਾਂ ਦਾ ਤੁਸੀਂ ਆਪ ਹੀ ਆਪਣੇ ਹੱਥੀਂ ਕਤਲ ਕਰ ਦਿਓਗੇ ਤਾਂ ਉਹ ਅੰਦਰੋਂ ਬੁਰੀ ਤਰ੍ਹਾਂ ਟੁੱਟ ਜਾਏਗਾ ਜਦੋਂ ਕਿ ਅਜਿਹਾ ਨਹੀਂ ਹੋਣਾ ਚਾਹੀਦਾ।

ਤੁਹਾਡੀ ਹਮੇਸ਼ਾ ਇਹ ਹੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਤੁਸੀਂ ਹਰ ਵੇਲੇ ਬੱਚੇ ਲਈ ਉਸ ਦੀਆਂ ਭਾਵਨਾਵਾਂ ਸੁਣਨ ਲਈ ਉਸ ਕੋਲ ਹਾਜ਼ਰ ਪਾਓਗੇ, ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ।

# ਨੌਕਰੀਪੇਸ਼ਾ ਔਰਤਾਂ ਘਰੇਲੂ ਔਰਤਾਂ ਨਾਲੋਂ ਰਹਿੰਦੀਆਂ ਹਨ ਜ਼ਿਆਦਾ ਤਣਾਅ ਵਿਚ

ਗੁਰਪ੍ਰੀਤ ਸਿੰਘ ਜਖਵਾਲੀ, : 98550-36444

ਅੱਜ ਦੀ ਬਦਲਦੀ ਜੀਵਨ-ਸ਼ੈਲੀ ਨੇ ਸਾਡੇ ਸਾਰਿਆਂ ਦੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ ਹੈ, ਕਾਰਨ ਬਹੁਤ ਸਾਰੇ ਹੋ ਸਕਦੇ ਹਨ। ਇਕ ਸਭ ਤੋਂ ਵੱਡਾ 'ਫ੍ਰੀ' ਦਾ ਰੋਗ ਅਸੀਂ ਲਗਾ ਲਿਆ ਹੈ। ਸਾਡੀ ਰੋਜ਼ਮਰ੍ਹਾ ਜ਼ਿੰਦਗੀ ਵਿਚ ਤਣਾਅ ਨੇ ਸਾਡੀ ਜ਼ਿੰਦਗੀ ਵਿਚ ਬਹੁਤ ਵੱਡੀ ਥਾਂ ਬਣਾ ਲਈ ਹੈ। ਤਣਾਅ ਦੇ ਬਹੁਤ ਸਾਰੇ ਕਾਰਨ ਹਨ, ਅਸੀਂ ਖ਼ੁਦ ਲਈ ਸਮਾਂ ਨਹੀਂ ਕੱਢਦੇ। ਆਪਣੇ ਦੋਸਤਾਂ, ਆਪਣਿਆਂ ਲਈ ਸਮਾਂ ਨਹੀਂ, ਮਨਪਸੰਦ ਪੁਸਤਕ ਪੜ੍ਹਨ ਜਾਂ ਗੀਤ ਸੰਗੀਤ ਸੁਣਨ ਲਈ ਸਾਡੇ ਕੋਲ ਸਮੇਂ ਦੀ ਘਾਟ, ਇਹੋ ਘਾਟ ਹਰ ਰੋਜ਼ ਸਾਡੇ ਲਈ ਇਕ ਨਵੀਂ ਬਿਮਾਰੀ ਅਤੇ ਵੱਖਰੇ ਜਿਹੇ ਤਣਾਅ ਦਾ ਕਾਰਨ ਬਣੀ ਹੋਈ ਹੈ। ਆਓ ਇਸ ਨੂੰ ਘਟਾਈਏ। ਸਾਨੂੰ ਸਾਰਿਆਂ ਨੂੰ ਹੀ ਪਤਾ ਹੈ ਕਿ ਇਹ ਜ਼ਿੰਦਗੀ ਜਿਊਣ ਲਈ ਜਾਂ ਵਧੀਆ ਬਿਤਾਉਣ ਲਈ ਪੈਸੇ ਦੀ ਲੋੜ ਪੈਂਦੀ ਹੈ। ਕਿਸੇ ਨੇ ਸੱਚ ਹੀ ਕਿਹਾ ਕਿ ਹਰੇਕ ਇਨਸਾਨ ਦੀ ਸਭ ਤੋਂ ਵੱਡੀ ਕਮਜ਼ੋਰੀ ਉਸ ਦੀ ਲੋੜ ਹੁੰਦੀ ਹੈ। ਹੁਣ ਉਹ ਲੋੜ ਚਾਹੇ ਪੈਸੇ ਦੀ ਹੋਵੇ ਜਾਂ ਫਿਰ ਕੋਈ ਹੋਰ ਗੱਲ ਤਾਂ ਲੋੜ ਦੀ ਹੈ। ਪਰ ਜੇਕਰ ਪੈਸਾ ਲੋੜ ਹੈ ਤਾਂ ਸਾਡੇ ਲਈ ਕੰਮ ਕਰਨਾ ਵੀ ਬਹੁਤ ਜ਼ਰੂਰੀ ਹੈ। ਕੀ ਤੁਸੀਂ ਜਾਣਦੇ ਹੋ ਹਰੇਕ ਕੰਮ ਦੇ ਨੁਕਸਾਨ ਅਤੇ ਫ਼ਾਇਦੇ ਹੁੰਦੇ ਹਨ। ਆਦਮੀ ਲਈ ਅਤੇ ਔਰਤ ਲਈ ਵੀ, ਪਰ ਅਸੀਂ ਸਾਰੇ ਜਿਥੇ ਕੰਮ ਨੂੰ ਆਪਣਾ ਕਰਮ ਸਮਝਦੇ ਹਾਂ, ਦੂਸਰੇ ਪਾਸੇ ਇਹੋ ਕੰਮ ਬਹੁਤ ਸਾਰੇ ਲੋਕਾਂ ਲਈ ਬਿਮਾਰੀਆਂ ਦਾ ਕਾਰਨ ਬਣਦਾ ਜਾ ਰਿਹਾ ਹੈ, ਜਿਵੇਂ ਕਿ ਨੌਕਰੀ ਜਾਣ ਦਾ ਡਰ, ਕੰਮ ਸਹੀ ਸਮੇਂ 'ਤੇ ਨਾ ਹੋਣ ਦਾ ਡਰ, ਬੌਸ ਦੀਆਂ ਝਿੜਕਾਂ ਦਾ ਡਰ ਬਣਿਆ ਰਹਿੰਦਾ ਹੈ। ਪਰ ਇਨ੍ਹਾਂ ਸਭ ਦਾ ਸ਼ਿਕਾਰ ਜ਼ਿਆਦਾ ਹੁੰਦੀਆਂ ਹਨ ਔਰਤਾਂ, ਜਿਵੇਂ ਕਿ ਹਰੇਕ ਔਰਤ ਦੇ ਹਿੱਸੇ ਕੰਮ ਬੰਦੇ ਨਾਲੋਂ ਵੱਧ ਹੁੰਦੇ ਹਨ। ਬਹੁਤ ਸਾਰੇ ਕੰਮ ਇਹੋ ਜਿਹੇ ਹਨ ਜੋ ਦਿਖ ਕੇ ਵੀ ਹਿੱਸੇ ਨਹੀਂ ਆਉਂਦੇ, ਕਿਉਂਕਿ ਅਸੀਂ ਆਖ ਦਿੰਦੇ ਹਾਂ ਕਿ ਇਹ ਉਸ ਦਾ ਫ਼ਰਜ਼ ਹੈ। ਘਰੇਲੂ ਔਰਤਾਂ ਨਾਲੋਂ ਨੌਕਰੀ ਪੇਸ਼ਾ ਔਰਤਾਂ ਜ਼ਿਆਦਾ ਤਣਾਅ ਅਤੇ ਚਿੜਚਿੜੇਪਨ ਦਾ ਸ਼ਿਕਾਰ ਹੁੰਦੀਆਂ ਹਨ, ਕਾਰਨ ਇਹੋ ਹੈ ਕਿ ਉਨ੍ਹਾਂ ਦੀ ਨੌਕਰੀ ਦੇ ਨਾਲ-ਨਾਲ ਘਰ ਦੀ ਜ਼ਿੰਮੇਵਾਰੀ ਭਾਵ ਬੱਚਿਆਂ ਦੇ ਖਾਣ-ਪੀਣ ਤੋਂ ਲੈ ਕੇ ਸਕੂਲ ਆਉਣ ਜਾਣ ਤੱਕ ਦਾ ਦਬਾਅ ਇਕ ਦਿਮਾਗ ਉੱਤੇ ਬਣਿਆ ਰਹਿੰਦਾ ਹੈ। ਬੱਚਿਆਂ ਦੇ ਨਾਲ-ਨਾਲ ਉਹ ਆਪਣੇ ਹਰ ਰੋਜ਼ ਦੇ ਕੰਮਾਂ ਕਰਕੇ ਹਰ ਪਲ ਹਰ ਰੋਜ਼ ਇਕ ਜ਼ਿੰਮੇਵਾਰੀ ਦੇ ਦਬਾਅ ਹੇਠ ਆਪਣੀ ਜ਼ਿੰਦਗੀ ਗੁਜ਼ਾਰਦੀਆਂ ਹਨ, ਇਹੋ ਕਾਰਨ ਹੈ, ਉਨ੍ਹਾਂ ਨੂੰ ਘਰੇਲੂ ਔਰਤਾਂ ਨਾਲੋਂ ਜ਼ਿਆਦਾ ਤਣਾਅ ਅਤੇ ਇਕ ਵੱਖਰੇ ਡਰ ਵਿਚ ਰੱਖਦਾ ਹੈ।



# ਕਾਸ਼! ਮੋਬਾਈਲ ਵਰਦਾਨ ਬਣੇ

ਲੇਖਕ : ਸੁੱਚਾ ਸਿੰਘ ਖੱਟੜਾ, ਸੰਪਰਕ: 94176-52947

ਮਾਪਿਆਂ ਦੀ ਸ਼ਿਕਾਇਤ ਹੈ ਕਿ ਘਰ ਬੱਚੇ ਕਿਤਾਬ ਵੱਲ ਮੂੰਹ ਨਹੀਂ ਕਰਦੇ, ਉੱਧਰ ਸਕੂਲਾਂ ਵਿਚ ਅਧਿਆਪਕ ਕਲਾਸ ਤੋਂ ਬਾਹਰ ਆ ਕੇ ਵਰਾਂਡੇ ਵਿਚ ਪੂਰਾ ਪੂਰਾ ਦਿਨ ਪੀਰੀਅਡ ਮੁਕਾ ਦਿੰਦੇ ਹਨ ਹਾਲਾਂਕਿ ਮੋਬਾਈਲ ਨੂੰ ਵਰਦਾਨ ਬਣਾਉਣ 'ਚ ਅਧਿਆਪਕ ਦੀ ਭੂਮਿਕਾ ਦਾ ਬਦਲ ਕੋਈ ਨਹੀਂ। ਮੋਬਾਈਲ ਦੀ ਵਰਤੋਂ ਦੇ ਪ੍ਰਭਾਵ ਦੱਸ ਕੇ ਹੀ ਇਹ ਕਾਰਜ ਸ਼ੁਰੂ ਕਰਨਾ ਪੈਣਾ ਹੈ। ਅਸੀਂ ਮੋਬਾਈਲ ਦੀ ਥਾਂ ਹਰ ਹੱਥ ਵਿਚ ਕਿਤਾਬ ਤਾਂ ਨਹੀਂ ਫੜਾ ਸਕਦੇ ਪਰ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਕਿਤਾਬਾਂ ਨਾਲ ਰਿਸ਼ਤਾ ਤਾਂ ਕਿਸੇ ਤਰ੍ਹਾਂ ਬਚਾਉਣਾ ਪੈਣਾ ਹੈ।

ਮੋਬਾਈਲ ਅਤੇ ਟੀਵੀ ਨੇ ਦਰਸ਼ਕ ਬਣਾਏ ਹਨ। ਪੜ੍ਹਨਾ ਅਤੇ ਦੇਖਣਾ ਦੋ ਅਲੱਗ ਅਲੱਗ ਕਿਰਿਆਵਾਂ ਹਨ। ਦਰਸ਼ਕ ਅਤੇ ਪਾਠਕ ਹੋਣ ਦੇ ਹਾਸਲ ਵੀ ਵੱਖੋ-ਵੱਖਰੇ ਹਨ। ਦਰਸ਼ਕ ਤੋਂ ਸੋਚਣ ਦੀ ਕਿਰਿਆ ਖੋਹ ਲਈ ਗਈ ਹੁੰਦੀ ਹੈ। ਹੌਲੀ ਹੌਲੀ ਇਸ ਦੀ ਲੋੜ ਹੀ ਮਾਰ ਦਿੱਤੀ ਹੁੰਦੀ ਹੈ। ਸੋਚਣ ਦੀ ਸ਼ਕਤੀ ਮਨੁੱਖ ਨੇ ਆਪਣੀ ਸਰੀਰਕ ਬਣਤਰ, ਸਮਰੱਥਾ ਦੇ ਨਿਰੰਤਰ ਵਿਕਾਸ ਰਾਹੀਂ ਹਾਸਲ ਕੀਤੀ ਹੈ। ਇਹ ਸ਼ਕਤੀ ਕੁਦਰਤ ਵਿਚ, ਕੁਦਰਤ ਨਾਲ ਸਮਾਜ ਵਿਚ ਰਹਿੰਦਿਆਂ ਲੱਖਾਂ ਵਰ੍ਹਿਆਂ ਦੇ ਅਮਲ ਤੋਂ ਪ੍ਰਾਪਤ ਹੋਈ ਹੈ। ਲਗਾਤਾਰ ਦਰਸ਼ਕ ਬਣੇ ਰਹਿਣ ਨਾਲ ਕੁਦਰਤ ਇਸ ਨੂੰ ਖੋਹ ਵੀ ਸਕਦੀ ਹੈ। ਕੁਦਰਤ ਦਾ ਇਹ ਸਰਾਪ ਸੱਭਿਅਤਾ ਦਾ ਵਿਨਾਸ਼ ਹੋ ਨਿਬੜੇਗਾ।

ਇਹੀ ਕਾਰਨ ਹੈ ਕਿ ਦਰਸ਼ਕਾਂ ਨੂੰ ਤਮਾਸ਼ਬੀਨ ਦਾ ਨਾਕਾਰਾਤਮਕ ਲਕਬ ਮਿਲਿਆ ਹੈ। ਪਾਠਕਾਂ ਨੂੰ ਨਾਕਾਰਾਤਮਕ ਲਕਬ ਨਹੀਂ ਹੈ। ਕਿਤਾਬੀ ਕੀੜਾ ਪੜ੍ਹਨ ਦੀ ਬੁਰਾਈ ਦਾ ਸੂਚਕ ਨਹੀਂ, ਸਰੀਰਕ ਤੰਦਰੁਸਤੀ ਉੱਤੇ ਬੁਰੇ ਪ੍ਰਭਾਵ ਵਿਰੁੱਧ ਚਿਤਾਵਨੀ ਹੈ। ਸਰੀਰਕ ਤੰਦਰੁਸਤੀ ਜ਼ਰੂਰੀ ਹੈ ਪਰ ਇਹ ਪੜ੍ਹਦਿਆਂ ਪੜ੍ਹਦਿਆਂ ਕਾਇਮ ਰੱਖੀ ਜਾ ਸਕਦੀ ਹੈ। ਦਰਸ਼ਕ ਬਣੇ ਰਹਿਣ ਨਾਲ ਸੋਚਣ ਸ਼ਕਤੀ ਕਾਇਮ ਰੱਖਣੀ ਸੰਭਵ ਨਹੀਂ। ਦੇਖਣ ਦੀ ਸ਼ਕਤੀ ਨੇ ਮਾਨਵ ਸੱਭਿਅਤਾ ਦੇ ਵਿਕਾਸ ਵਿਚ ਅਥਾਹ ਵਾਧਾ ਕੀਤਾ ਹੈ ਪਰ ਦੇਖਣ ਦੀ ਕਿਰਿਆ ਅਧੂਰੀ ਹੈ, ਇਸੇ ਕਰਕੇ ਇਸ ਦਾ ਪੂਰਕ ਸ਼ਬਦ ਪਰਖਣ ਹੈ, ਦੇਖਣ-ਪਰਖਣ ਮੁਕੰਮਲ ਕਿਰਿਆ ਹੁੰਦੀ ਹੈ। ਪਰਖਣ ਪ੍ਰਕਿਰਿਆ ਦਾ ਵਾਹ ਸੋਚਣ ਦੀ ਪ੍ਰਕਿਰਿਆ ਨਾਲ ਪੈਂਦਾ ਹੈ।

ਹੁਣ ਇਸ ਵਿਸ਼ੇ ਦਾ ਇੱਕ ਹੋਰ ਪਹਿਲੂ ਹੈ। ਦਰਸ਼ਕ ਤੁਸੀਂ ਟੀਵੀ, ਮੋਬਾਈਲ ਕਿਸੇ ਵੀ ਯੰਤਰ ਦੇ ਹੋ; ਜਦੋਂ ਤੁਸੀਂ ਦਰਸ਼ਕ ਹੋ ਤਾਂ ਤੁਹਾਡੀ ਨੇਤਰ ਸ਼ਕਤੀ ਤੁਹਾਡੀ ਅੰਦਰਲੀ ਨੇਤਰ ਸ਼ਕਤੀ ਦਾ ਬੂਹਾ ਭੀੜ ਕੇ ਉਸ ਬਾਹਰਲੇ ਪ੍ਰਸੰਗ ਨਾਲ ਤੁਰ ਪੈਂਦੀ ਹੈ। ਤੁਸੀਂ ਇੱਕ ਘੰਟਾ, ਕਈ ਘੰਟੇ ਇਸ ਕਿਰਿਆ ਵਿਚ ਲਗਾਏ; ਤੁਹਾਨੂੰ ਉਹੀ ਦਿਸੇਗਾ ਜੋ ਤੁਹਾਨੂੰ ਦਿਖਾਇਆ ਜਾ ਰਿਹਾ ਹੈ। ਬਿਨਾ ਸ਼ੱਕ ਕੰਨੀਂ ਸੁਣੇ ਅਤੇ ਅੱਖੀਂ ਦੇਖੇ ਵਿਚੋਂ ਅੱਖੀਂ ਦੇਖਿਆ ਸਟੀਕ ਮੰਨਿਆ ਜਾਂਦਾ ਹੈ ਪਰ ਸਾਡੇ ਫੈਸਲੇ ਉੱਤੇ ਭਾਰੂ ਤਾਂ ਸਾਨੂੰ ਦਿਖਾਇਆ ਜਾਣ ਵਾਲਾ ਜਾਂ ਸਾਨੂੰ ਸੁਣਾਇਆ ਜਾਂਦਾ ਬਿਰਤਾਂਤ ਹੀ ਹੈ। ਸਚਾਈ ਦੇ ਨੇੜੇ ਤੁਹਾਡੀ ਸੋਚਣ ਸ਼ਕਤੀ ਹੀ ਤੁਹਾਨੂੰ ਪਹੁੰਚਾਏਗੀ, ਇਹ ਸ਼ਕਤੀ ਦੇਖਣ ਤੋਂ ਨਹੀਂ, ਪੜ੍ਹਨ ਤੋਂ ਵਿਕਸਿਤ ਹੁੰਦੀ ਹੈ। ਮੋਬਾਈਲ ਜਾਂ ਟੀਵੀ ਪੜ੍ਹਨਯੋਗ ਸਮਾਂ ਨਹੀਂ ਛੱਡਦੇ। ਅਕਸਰ ਹਰ ਸ਼ਖ਼ਸ ਪਾਸ 24 ਘੰਟੇ ਵਿਚੋਂ ਕਿੰਨਾ ਕੁ ਸਮਾਂ ਰੋਜ਼ਾਨਾ ਕਿਰਿਆਵਾਂ, ਜਿਵੇਂ ਰੁਜ਼ਗਾਰ ਲਈ ਕੰਮ-ਧੰਦਾ, ਸਮਾਜਿਕ ਕਾਰਜ, ਨਹਾਉਣ-ਧੋਣ, ਖਾਣ-ਪੀਣ ਅਤੇ ਆਰਾਮ ਕਰਨ ਤੋਂ ਬਚ ਸਕਦਾ ਹੈ? ਜੇ ਉਸ ਥੋੜ੍ਹੇ ਸਮੇਂ ਵਿਚ ਵੀ ਅਸੀਂ ਨਿਰੋਲ ਤਮਾਸ਼ਬੀਨ ਹੀ ਬਣਨਾ ਹੈ ਤਾਂ ਸੱਭਿਅਤਾ ਦਾ ਰੱਬ ਹੀ ਰਾਖਾ।

ਵਿਦਿਆਰਥੀ ਵਰਗ ਲਈ ਇਹ ਵਿਸ਼ਾ ਘੋਖਣਾ ਜ਼ਰੂਰੀ ਹੈ। ਹੁਣ ਦੇਖਣ ਦੀ ਕਿਰਿਆ ਪਿੱਛੋਂ ਪੜ੍ਹਨ ਦੀ ਕਿਰਿਆ ਵੱਲ ਆਈਏ। ਜਦੋਂ ਅਸੀਂ ਕਿਤਾਬ ਪੜ੍ਹਦੇ ਹਾਂ ਤਾਂ ਕਿਤਾਬ ਦੇ ਵਿਸ਼ੇ ਬਾਰੇ ਅਸੀਂ ਇੱਕ ਹੋਰ ਸੰਸਾਰ ਵਿਚ ਦਾਖਲ ਹੋ ਜਾਂਦੇ ਹਾਂ। ਅਸੀਂ ਲੇਖਕ ਦੇ ਨਾਲ ਤੁਰਦੇ ਵੀ ਹਾਂ, ਉਸ ਦੇ ਲਿਖੇ ਨੂੰ ਚੌਗਿਰਦੇ ਵਿਚ ਨਾਲ ਦੀ ਨਾਲ ਤਸਦੀਕ ਕਰਦੇ ਜਾਂ ਨਕਾਰਦੇ ਵੀ ਹਾਂ। ਮੋਬਾਈਲ ਦੀ ਜਾਣਕਾਰੀ ਲੰਮੀ ਪਾਈਪ ਰਾਹੀਂ ਦੇਖਣਾ ਹੈ ਜਿਸ ਦਾ ਦ੍ਰਿਸ਼ ਪਾਈਪ ਦੇ ਛੇਕ/ਮਘੋਰੇ ਤੱਕ ਸੀਮਤ ਹੈ। ਕਿਤਾਬ ਪੜ੍ਹਨਾ ਖੁੱਲ੍ਹੀ ਖਿੜਕੀ ਵਿਚੋਂ ਦੇਖਣਾ ਹੈ। ਇੱਕ ਕਿਰਿਆ ਸਾਡੀਆਂ ਸਰੀਰਕ ਅੱਖਾਂ ਦੇ ਦ੍ਰਿਸ਼ਟੀ-ਖੇਤਰ ਨੂੰ ਵੀ ਸੀਮਤ ਕਰਕੇ ਸਾਨੂੰ ਸਾਡੀ ਸੋਚਣ ਕਿਰਿਆ ਨੂੰ ਤਾਲਾ ਲਾ ਕੇ ਪਿੱਛੇ ਆਉਣ ਲਈ ਉਕਸਾਉਂਦੀ ਹੈ, ਦੂਜੀ ਕਿਰਿਆ ਸਰੀਰਕ ਅੱਖਾਂ ਨੂੰ ਆਪਣੇ 'ਤੇ ਕੇਂਦਰਤ ਕਰਕੇ ਸਾਡੀ ਅੰਦਰਲੀ ਨੇਤਰ ਸ਼ਕਤੀ ਨੂੰ ਖੁੱਲ੍ਹੀ ਖਿੜਕੀ ਰਾਹੀਂ ਚੁਫੇਰਾ ਦੇਖਣ, ਦੇਖਿਆ ਪਰਖਣ, ਸਭ ਕੁਝ ਨਾਲੋ-ਨਾਲ ਕਰਦੀ ਹੈ। ਸੰਸਾਰ ਦਾ ਗਿਆਨ ਭੰਡਾਰ ਕੇਵਲ ਦੇਖਣ ਦੀ ਕਿਰਿਆ ਦੀ ਦੇਣ ਨਹੀਂ, ਪਰਖਣ ਤੋਂ ਉਪਜਿਆ ਹੈ। ਪਰਖਣ ਕਿਰਿਆ ਸੋਚਣ ਨਾਲ ਵਿਕਸਿਤ ਹੁੰਦੀ ਹੈ।



ਸੇਬ ਹੀ ਨਹੀਂ, ਹਰ ਪੱਕਾ-ਕੱਚਾ ਫਲ ਦਰਖਤਾਂ ਤੋਂ ਧਰਤੀ 'ਤੇ ਡਿਗਦਾ ਕਿਸ ਨੇ ਨਹੀਂ ਦੇਖਿਆ? ਪਰ ਨਿਊਟਨ ਨੇ ਦੇਖਿਆ ਅਤੇ ਉਹ ਸੋਚਣ ਪ੍ਰਕਿਰਿਆ ਮੰਡਲ ਵਿਚ ਚਲਿਆ ਗਿਆ। ਉਸ ਨੇ ਪਹਿਲੇ ਵਿਗਿਆਨੀਆਂ ਦੇ ਇਸ ਵਿਸ਼ੇ ਉੱਤੇ ਵਿਚਾਰ ਪੜ੍ਹੇ, ਪੜ੍ਹਦਿਆਂ ਪੜ੍ਹਦਿਆਂ ਸੋਚਿਆ ਕਿ ਇੰਝ ਨਹੀਂ, ਕੁਦਰਤ ਵਿਚ ਇਹ ਵਰਤਾਰਾ ਇੰਝ ਹੈ, ਇਸ ਕੁਦਰਤ ਦੇ ਨਿਯਮ 'ਤੇ ਹੈ। ਸੇਬ ਡਿਗਣ ਦੇ ਦਰਸ਼ਕ ਤਾਂ ਸਾਰੇ ਸਨ ਪਰ ਉਹ ਦਰਸ਼ਕ ਤੋਂ ਪਾਠਕ ਅਤੇ ਪਾਠਕ ਤੋਂ ਸੋਚਵਾਨ ਅਤੇ ਅੰਤ ਨੂੰ ਵਿਗਿਆਨੀ ਬਣਿਆ। ਵਿਗਿਆਨ ਭਲੇ ਹੀ ਉਸ ਤੋਂ ਅੱਗੇ ਚਲਾ ਗਿਆ ਪਰ ਹਰ ਵਿਗਿਆਨੀ ਨੂੰ ਨਿਊਟਨ ਅਤੇ ਵਿਗਿਆਨ ਦਾ ਪਾਠਕ ਬਣਨਾ ਪਿਆ। ਇਸ ਲਈ ਵਿਦਿਆਰਥੀ ਨੂੰ ਆਪਣੀ ਪਾਠਕ ਹੋਣ ਦੀ ਲੋੜ ਦਰਸ਼ਕ ਹੋਣ ਉੱਤੇ ਵਾਰਨੀ ਨਹੀਂ ਚਾਹੀਦੀ। ਵਿਦਿਆਰਥੀ ਕਿਸੇ ਵੀ ਵਿਸ਼ੇ ਜਾਂ ਸਟ੍ਰੀਮ ਦਾ ਹੋਵੇ, ਉਸ ਨੇ ਹੁਣ ਤੱਕ ਦੇ ਗਿਆਨ ਨੂੰ ਸੰਭਾਲਣਾ ਹੈ, ਅੱਗੇ ਉਸ ਵਿਚ ਹੋਰ ਵਾਧਾ ਕਰਨਾ ਹੈ। ਇਹ ਪਾਠਕ ਬਣ ਕੇ ਹੀ ਸੰਭਵ ਹੈ।

ਸਰਕਾਰਾਂ ਦਾ ਏਜੰਡਾ ਨਾਗਰਿਕ ਨੂੰ ਦਰਸ਼ਕ ਬਣਾ ਕੇ ਰੱਖਣ ਦਾ ਹੈ; ਦਰਸ਼ਕਾਂ ਨੂੰ ਤਮਾਸ਼ਬੀਨ ਬਣਾ ਕੇ ਰੱਖਣ ਲਈ ਪਰੋਸਣ ਖ਼ਾਤਿਰ ਉਸ ਪਾਸ ਗੋਦੀ ਮੀਡੀਆ ਦੀ ਫ਼ੌਜ ਹੈ। ਮਹਿੰਗਾਈ, ਬੇਰੁਜ਼ਗਾਰੀ ਵਰਗੇ ਵਿਸ਼ਿਆਂ 'ਤੇ ਸਰਕਾਰ ਦੇ ਸ਼ਰਧਾਲੂਆਂ ਦੇ ਵਿਚਾਰ ਮਸਲਿਆਂ ਉੱਤੇ ਪੜ੍ਹਨ ਖੋਜਣ ਦੀ ਉਪਜ ਨਹੀਂ। ਪੜ੍ਹਨ-ਸੋਚਣ ਦੀ ਪ੍ਰਕਿਰਿਆ ਵਿਨਾਸ਼ ਵਿਚੋਂ ਉਪਜੇ ਹਨ। ਮਾਨਵ ਸੱਭਿਅਤਾ ਦੇ ਵਿਕਾਸ ਵਿਚ ਮੋਬਾਈਲ ਦੀ ਆਮਦ ਇੱਕ ਪੜਾਅ ਹੈ। ਮਾਨਵ ਦੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਇਸ ਦੇ ਪ੍ਰਭਾਵ ਸੱਭਿਆਚਾਰ ਅਤੇ ਸੱਭਿਅਤਾ ਤੱਕ ਨੂੰ ਪ੍ਰਭਾਵਿਤ ਕਰਨਗੇ। ਲੋੜ ਹੈ, ਇਹ ਸਰਾਪ ਦੀ ਥਾਂ ਵਰਦਾਨ ਹੋ ਨਿਬੜੇ।



# CLASSIFIEDS & MATRIMONIALS




## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ,ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09


ਖੇਤੀ ਸੰਕਟ

# ਪੰਜਾਬ ਨੂੰ ਠੋਸ ਨੀਤੀ ਦੀ ਲੋੜ

ਲੇਖਕ : ਡਾ. ਰਣਜੀਤ ਸਿੰਘ ਘੁੰਮਣ



ਪਿਛਲੇ ਕਰੀਬ ਤਿੰਨ ਦਹਾਕਿਆਂ ਵਿੱਚ ਤਿੰਨ ਨੀਤੀ ਖਰੜੇ ਸੌਂਪੇ ਜਾਣ ਦੇ ਬਾਵਜੂਦ ਅਜੇ ਤੱਕ ਪੰਜਾਬ ਨੂੰ ਕੋਈ ਖੇਤੀਬਾੜੀ ਨੀਤੀ ਨਹੀਂ ਮਿਲ ਸਕੀ। ਖੇਤੀ ਨੀਤੀ ਦਾ ਪਹਿਲਾ ਖਰੜਾ (58 ਸਫ਼ੇ) ਜੀਐੱਸ ਕਾਲਕਟ ਦੀ ਪ੍ਰਧਾਨਗੀ ਹੇਠ ਤਿਆਰ ਕੀਤਾ ਗਿਆ ਸੀ ਜੋ ਮਾਰਚ 2013 ਵਿੱਚ ਰਾਜ ਸਰਕਾਰ ਨੂੰ ਪੇਸ਼ ਕੀਤਾ ਗਿਆ ਸੀ। ਉਹ ਖਰੜਾ ਸਰਕਾਰ ਵੱਲੋਂ ਨਾ ਜਨਤਕ ਕੀਤਾ ਗਿਆ ਅਤੇ ਨਾ ਹੀ ਇਸ ਨੂੰ ਨੀਤੀ ਵਜੋਂ ਅਪਣਾਇਆ ਗਿਆ। ਦੂਜਾ ਖਰੜਾ (21 ਸਫ਼ੇ) ਅਜੈ ਵੀਰ ਜਾਖੜ ਦੀ ਚੇਅਰਮੈਨੀ ਹੇਠ ਤਿਆਰ ਕੀਤਾ ਗਿਆ ਜੋ 2018 ਵਿੱਚ ਰਾਜ ਸਰਕਾਰ ਨੂੰ ਸੌਂਪਿਆ ਗਿਆ ਸੀ। ਉਸ ਖਰੜੇ ਦੀ ਹੋਣੀ ਵੀ ਪਹਿਲੇ ਵਰਗੀ ਹੀ ਹੋਈ।

ਜਨਵਰੀ 2023 ਵਿੱਚ ਸਰਕਾਰ ਨੇ ਖੇਤੀ ਨੀਤੀ ਦਾ ਤੀਜਾ ਖਰੜਾ ਤਿਆਰ ਕਰਾਉਣ ਲਈ ਸੁਖਪਾਲ ਸਿੰਘ ਦੀ ਕਨਵੀਨਰੀ ਹੇਠ ਮਾਹਿਰਾਂ ਦੀ ਇਕ 11 ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ। ਇਸ ਕਮੇਟੀ ਨੇ ਖੇਤੀ ਨੀਤੀ ਦਾ ਇਕ ਲੰਮਾ ਚੌੜਾ ਖਰੜਾ (211) ਤਿਆਰ ਕੀਤਾ ਅਤੇ 13 ਅਕਤੂਬਰ, 2023 ਨੂੰ ਸਰਕਾਰ ਨੂੰ ਸੌਂਪ ਦਿੱਤਾ ਗਿਆ ਸੀ। ਉਂਝ ਸਰਕਾਰ ਨੇ ਇਸ ਖਰੜੇ ਨੂੰ ਜਨਤਕ ਕਰਨ ਲਈ 11 ਮਹੀਨਿਆਂ ਤੋਂ ਵੱਧ ਸਮਾਂ ਲੈ ਲਿਆ ਅਤੇ ਉਹ ਕਿਸਾਨ ਜਥੇਬੰਦੀਆਂ ਦੇ ਦਬਾਅ ਹੇਠ ਇਸ ਨੂੰ ਜਨਤਕ ਕੀਤਾ ਗਿਆ। ਪਤਾ ਨਹੀਂ ਕਿਉਂ ਸਰਕਾਰ ਨੇ ਫਸਲੀ ਵਿਭਿੰਨਤਾ ਲਈ ਸਲਾਹ ਲੈਣ ਵਾਸਤੇ ਬੋਸਟਨ ਕਨਸਲਟਿੰਗ ਗਰੁੱਪ (ਬੀਸੀਜੀ) ਨਾਲ ਵੀ ਰਾਬਤਾ ਬਣਾਇਆ ਹੋਇਆ ਸੀ। ਇਸ ਤੋਂ ਇਹੀ ਗੱਲ ਪਤਾ ਲਗਦੀ ਹੈ ਕਿ ਸਮੇਂ ਸਮੇਂ 'ਤੇ ਆਈਆਂ ਸਰਕਾਰਾਂ ਖੇਤੀਬਾੜੀ ਨੀਤੀ ਬਣਾਉਣ ਲਈ ਨਾ ਤਾਂ ਗੰਭੀਰ ਰਹੀਆਂ ਹਨ ਅਤੇ ਨਾ ਹੀ ਇਨ੍ਹਾਂ ਦਾ ਇਸ ਕੰਮ ਲਈ ਬਣਾਈਆਂ ਗਈਆਂ ਕਮੇਟੀਆਂ 'ਤੇ ਭਰੋਸਾ ਹੈ। ਦੂਜਾ ਅਤੇ ਤੀਜਾ ਖਰੜਾ ਇਕ ਵਿਧਾਨਕ ਸੰਸਥਾ ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਦੇ ਚੇਅਰਪਰਸਨ ਦੀ ਅਗਵਾਈ ਹੇਠ ਤਿਆਰ ਕੀਤੇ ਗਏ ਹਨ।

ਇਨ੍ਹਾਂ ਤਿੰਨਾਂ ਖਰੜਿਆਂ ਦੀ ਇਕ ਸਾਂਝੀ ਤੰਦ ਇਸ ਪ੍ਰਵਾਨਤਾ ਵਿਚ ਪਈ ਹੈ ਕਿ ਪੰਜਾਬ ਦਾ ਖੇਤੀਬਾੜੀ ਸੰਕਟ ਖੇਤੀਬਾੜੀ ਆਮਦਨ ਵਿਚ ਆ ਰਹੀ ਗਿਰਾਵਟ ਅਤੇ ਹੋਰਨਾਂ ਕਾਰਕਾਂ ਦਾ ਸਿੱਟਾ ਹੈ। ਇਸ ਸੰਕਟ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਵਲੋਂ ਖ਼ੁਦਕੁਸ਼ੀਆਂ ਬਾਰੇ ਕਰਵਾਏ ਗਏ ਸਰਵੇਖਣਾਂ ਤੋਂ ਵੀ ਭਲੀਭਾਂਤ ਉਜਾਗਰ ਹੋਇਆ ਸੀ। ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਵਿਚ ਸੰਨ੍ਹ 2000 ਤੋਂ 2016 ਤੱਕ 16000 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ ਹੈ। ਇਸ ਤੋਂ ਬਾਅਦ ਵਾਲੇ ਸਾਲਾਂ ਵਿਚ ਇਨ੍ਹਾਂ ਅੰਕੜਿਆਂ ਵਿਚ ਵਾਧਾ ਹੀ ਹੁੰਦਾ ਰਿਹਾ ਹੈ।

ਗਹਿਰੇ ਹੁੰਦੇ ਜਾ ਰਹੇ ਇਸ ਖੇਤੀਬਾੜੀ ਸੰਕਟ ਦੇ ਮੱਦੇਨਜ਼ਰ, ਇਨ੍ਹਾਂ ਤਿੰਨੋਂ ਖਰੜਿਆਂ ਵਿਚ ਖੇਤੀਬਾੜੀ ਦੀ ਉਤਪਾਦਕਤਾ, ਲਾਹੇਵੰਦੀ ਅਤੇ ਹੰਢਣਸਾਰਤਾ ਅਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਆਮਦਨ ਵਿਚ ਸੁਧਾਰ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਸੰਯੁਕਤ ਰਾਸ਼ਟਰ ਦਾ ਹੰਢਣਸਾਰ ਵਿਕਾਸ ਟੀਚਿਆਂ ਬਾਰੇ ਏਜੰਡਾ 2030 ਵਿਚ ਇਹ ਸੁਝਾਅ ਦਿੱਤਾ ਗਿਆ ਹੈ ਕਿ ਖੇਤੀਬਾੜੀ ਸਣੇ ਸਾਰੇ ਖੇਤਰਾਂ ਨੂੰ ਹੰਢਣਸਾਰਤਾ ਦੇ ਆਰਥਿਕ, ਸਮਾਜਕ ਅਤੇ ਵਾਤਾਵਰਨਕ ਪੱਖਾਂ ਤੋਂ ਵਾਚਿਆ ਜਾਵੇ। ਇਸ ਏਜੰਡੇ ਵਿਚ ਕਿਹਾ ਗਿਆ ਹੈ ਕਿ ਜੇ ਖੇਤੀਬਾੜੀ ਆਰਥਿਕ ਤੌਰ 'ਤੇ ਸਮ੍ਰਿਧ ਨਹੀਂ ਹੈ ਜਾਂ ਇਹ ਬਾਹਰੀ ਝਟਕਿਆਂ ਨੂੰ ਬਰਦਾਸ਼ਤ ਕਰਨ ਦੇ ਯੋਗ ਨਹੀਂ ਹੈ ਜਾਂ ਇਸ ਵਿਚ ਕੰਮ ਕਰਨ ਵਾਲਿਆਂ ਦੀ ਬਿਹਤਰੀ 'ਤੇ ਗੌਰ ਨਹੀਂ ਕੀਤਾ ਜਾਂਦਾ ਤਾਂ ਇਹ ਖੇਤੀਬਾੜੀ ਹੰਢਣਸਾਰ ਨਹੀਂ ਗਿਣੀ ਜਾ ਸਕਦੀ। ਖੋਜ ਅਤੇ ਵਿਕਾਸ ਅਤੇ ਬੁਨਿਆਦੀ ਢਾਂਚੇ ਵਿਚ ਨਿਵੇਸ਼ ਵਾਧਾ ਕਰ ਕੇ ਅਤੇ ਵਿਸਤਾਰ ਸੇਵਾਵਾਂ ਨੂੰ ਮਜ਼ਬੂਤ ਬਣਾ ਕੇ, ਉਚ ਕੀਮਤਾਂ ਵਾਲੀਆਂ ਫ਼ਸਲਾਂ ਅਤੇ ਪਸ਼ੂਧਨ ਅਤੇ ਡੇਅਰੀ ਪਾਲਣ ਨੂੰ ਸੁਧਾਰ ਕੇ, ਮੁੱਲ ਵਾਧਾ ਕਰ ਕੇ, ਨਿਸ਼ਚਤ ਮੰਡੀਕਰਨ, ਕੀਮਤ ਸਥਿਰਤਾ ਫੰਡ ਕਾਇਮ ਕਰ ਕੇ, ਫ਼ਸਲੀ ਵਿਭਿੰਨਤਾ, ਜ਼ਮੀਨੀ ਪਾਣੀ ਦੀ ਸਤਹਿ ਅਤੇ ਜ਼ਮੀਨੀ ਸਤਹਿ ਦੀ ਸਿਹਤ ਵਿਚ ਆ ਰਹੀ ਗਿਰਾਵਟ ਨੂੰ ਠੱਲ੍ਹ ਪਾਉਣ ਦੇ ਸਿਫਾਰਸ਼ਸ਼ੁਦਾ ਹੱਲ ਹੀ ਸਾਰੇ ਨੀਤੀਗਤ ਖਰੜਿਆਂ ਵਿਚ ਦਿੱਤੇ ਗਏ ਹਨ।

ਪਹਿਲੇ ਅਤੇ ਦੂਜੇ ਖਰੜਿਆਂ ਵਿਚ ਕ੍ਰਮਵਾਰ 12 ਅਤੇ 14 ਸਿਫ਼ਾਰਸ਼ਾਂ ਸਨ। ਤੀਜੇ ਖਰੜੇ ਵਿਚ 28 ਸਿਫ਼ਾਰਸ਼ਾਂ ਹਨ। ਹਾਲਾਂਕਿ ਪਹਿਲੇ ਅਤੇ ਦੂਜੇ ਖਰੜੇ ਤੋਂ ਸੱਜਰਾ ਖਰੜਾ ਤਿਆਰ ਕਰਨ ਵਿਚ ਕਾਫ਼ੀ ਮਦਦ ਲਈ ਗਈ ਹੈ ਪਰ ਇਸ ਵਿਚ ਪਹਿਲੇ ਦੋਵੇਂ ਖਰੜਿਆਂ ਨਾਲੋਂ ਕਈ ਨਿਵੇਕਲੀਆਂ ਅਤੇ ਵਧੇਰੇ ਤਫ਼ਸੀਲੀ ਸਿਫਾਰਸ਼ਾਂ ਵੀ ਕੀਤੀਆਂ ਗਈਆਂ ਹਨ।

ਸੱਜਰੇ ਖਰੜੇ ਵਿਚ ਖੇਤੀ ਜਲਵਾਯੂ ਜ਼ੋਨਾਂ ਦੇ ਆਧਾਰ 'ਤੇ ਕੁਦਰਤੀ ਕਾਸ਼ਤੀ ਇਲਾਕਿਆਂ ਵਿਚ ਉਨ੍ਹਾਂ ਦੇ ਸੁਭਾਅ ਮੁਤਾਬਕ ਫ਼ਸਲਾਂ ਦੀ ਕਾਸ਼ਤ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਖੇਤਰ ਵਿਚ ਖੇਤੀ ਮਾਰਕੀਟਿੰਗ ਖੋਜ ਅਤੇ ਗਿਆਨ ਉਪਰ ਕੇਂਦਰਤ ਪ੍ਰਬੀਨਤਾ ਸੰਸਥਾਨਾਂ ਦੀ ਸਥਾਪਨਾ ਅਤੇ ਖੇਤੀਬਾੜੀ ਮੰਡੀਕਰਨ ਅਤੇ ਬਹੁ-ਮੰਤਵੀ ਸਹਿਕਾਰੀ ਸਭਾਵਾਂ ਅਤੇ ਸਹਿਕਾਰੀ ਸਭਾਵਾਂ ਦੇ ਜਮਹੂਰੀ ਅਤੇ ਪਾਰਦਰਸ਼ੀ ਕੰਮਕਾਜ ਆਦਿ ਬਾਰੇ ਕੁਝ ਮੁੱਖ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਨੀਤੀ ਖਰੜੇ ਵਿਚ ਹਰੇਕ ਫ਼ਸਲ ਉਪਰ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ ਅਤੇ ਇਹ ਸਿਫਾਰਸ਼ ਕੀਤੀ ਗਈ ਹੈ ਕਿ ਪੰਜਾਬ ਨੂੰ ਇਕ ਬੀਜ ਹੱਬ ਵਜੋਂ ਵਿਕਸਤ ਕੀਤਾ ਜਾਵੇ।

ਪਹਿਲੇ ਖਰੜਿਆਂ ਦੇ ਉਲਟ, ਸੱਜਰੇ ਖਰੜੇ ਵਿਚ ਜੈਵਿਕ ਖੇਤੀ ਨੂੰ ਵਿਕਸਤ ਕਰਨ ਲਈ ਇਕ ਤਫ਼ਸੀਲੀ ਯੋਜਨਾ ਪੇਸ਼ ਕੀਤੀ ਗਈ ਹੈ। ਪੰਜਾਬ ਲਈ ਵਿਸ਼ੇਸ਼ ਤੌਰ 'ਤੇ ਫ਼ਸਲੀ ਬੀਮਾ ਯੋਜਨਾ, ਖੁਦਕੁਸ਼ੀ ਪੀੜਤ ਪਰਿਵਾਰਾਂ ਲਈ ਮੁਆਵਜ਼ਾ ਵਧਾ ਕੇ 10 ਲੱਖ ਰੁਪਏ ਕਰਨ ਅਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਮੁਫ਼ਤ ਸਿਹਤ ਸੰਭਾਲ, 60 ਸਾਲ ਦੀ ਉਮਰ ਤੋਂ ਬਾਅਦ ਖੇਤ ਮਜ਼ਦੂਰਾਂ ਅਤੇ ਛੋਟੇ ਕਿਸਾਨਾਂ ਲਈ ਪੈਨਸ਼ਨ, ਯਕਮੁਸ਼ਤ ਕਰਜ਼ਾ ਨਿਬੇੜੂ ਯੋਜਨਾ ਅਤੇ ਸ਼ਾਹੂਕਾਰਾ ਰਜਿਸਟ੍ਰੇਸ਼ਨ ਕਰਨ ਸਬੰਧੀ ਕੁਝ ਹੋਰ ਸਿਫਾਰਸ਼ਾਂ ਹਨ।

ਪੰਜਾਬ ਵਿਚ ਉਗਾਈਆਂ ਫ਼ਸਲਾਂ ਲਈ ਇਹ ਖਰੜਾ ਘੱਟੋ ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਦੇਣ ਦੀ ਸਿਫ਼ਾਰਸ਼ ਵੀ ਕਰਦਾ ਹੈ, ਪਰ ਸਵਾਮੀਨਾਥਨ ਫਾਰਮੂਲਾ ਲਾਗੂ ਕਰਨ ਬਾਰੇ ਕੁਝ ਨਹੀਂ ਕਹਿੰਦਾ, ਜੋ ਕਿ ਕਿਸਾਨਾਂ ਦੀ ਪ੍ਰਮੁੱਖ ਮੰਗ ਹੈ। ਇਸ ਤੋਂ ਪਹਿਲੇ ਦੋ ਖਰੜਿਆਂ 'ਚ ਵੀ, ਕਣਕ ਤੇ ਝੋਨੇ ਨੂੰ ਛੱਡ ਕੇ ਬਾਕੀ ਫਸਲਾਂ ਦੀ ਐਮਐੱਸਪੀ 'ਤੇ ਖ਼ਰੀਦ ਨਾ ਹੋਣ ਦਾ ਮੁੱਦਾ ਉੱਭਰਿਆ ਸੀ।

ਇਕ ਵਾਰ ਫੇਰ, ਤੀਜੇ ਖਰੜੇ ਵਿਚ ਜ਼ਮੀਨ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਅਤੇ ਖੇਤੀਬਾੜੀ ਖੇਤਰ 'ਚ ਬਿਜਲੀ ਦੀ ਵਧ ਰਹੀ ਵਰਤੋਂ ਉਤੇ ਚਿੰਤਾ ਜ਼ਾਹਿਰ ਕੀਤੀ ਗਈ ਹੈ, ਪਰ ਟਿਊਬਵੈੱਲਾਂ ਨੂੰ ਮੁਫ਼ਤ ਬਿਜਲੀ ਉਤੇ ਚੁੱਪ ਧਾਰਨ ਕੀਤੀ ਗਈ ਹੈ। ਇਸ ਦੇ ਉਲਟ, ਪਹਿਲੇ ਖਰੜੇ ਵਿਚ ਬਿਜਲੀ ਦੀ ਖਪਤ ਨੂੰ ਮਾਪਣ ਅਤੇ ਮੁਫ਼ਤ ਸਪਲਾਈ ਦੇ ਇਕ ਤੈਅ ਪੱਧਰ ਤੋਂ ਵੱਧ ਬਿਜਲੀ ਖਰਚਣ ਉਤੇ ਚਾਰਜ ਲਾਉਣ ਦੀ ਸਿਫਾਰਸ਼ ਕੀਤੀ ਗਈ ਸੀ। ਜਦਕਿ ਦੂਜੇ ਵਿਚ ਸਿਫ਼ਾਰਸ਼ ਕੀਤੀ ਗਈ ਸੀ ਕਿ 10 ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਨੂੰ ਮੁਫਤ ਬਿਜਲੀ ਦੇਣੀ ਬੰਦ ਕੀਤੀ ਜਾਵੇ।

"ਪੰਜਾਬ ਵਿਚ ਉਗਾਈਆਂ ਫ਼ਸਲਾਂ ਲਈ ਇਹ ਖਰੜਾ ਘੱਟੋ ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਦੇਣ ਦੀ ਸਿਫ਼ਾਰਸ਼ ਵੀ ਕਰਦਾ ਹੈ, ਪਰ ਸਵਾਮੀਨਾਥਨ ਫਾਰਮੂਲਾ ਲਾਗੂ ਕਰਨ ਬਾਰੇ ਕੁਝ ਨਹੀਂ ਕਹਿੰਦਾ, ਜੋ ਕਿ ਕਿਸਾਨਾਂ ਦੀ ਪ੍ਰਮੁੱਖ ਮੰਗ ਹੈ। ਇਸ ਤੋਂ ਪਹਿਲੇ ਦੋ ਖਰੜਿਆਂ 'ਚ ਵੀ, ਕਣਕ ਤੇ ਝੋਨੇ ਨੂੰ ਛੱਡ ਕੇ ਬਾਕੀ ਫਸਲਾਂ ਦੀ ਐਮਐੱਸਪੀ 'ਤੇ ਖ਼ਰੀਦ ਨਾ ਹੋਣ ਦਾ ਮੁੱਦਾ ਉੱਭਰਿਆ ਸੀ। ਇਕ ਵਾਰ ਫੇਰ, ਤੀਜੇ ਖਰੜੇ ਵਿਚ ਜ਼ਮੀਨ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਅਤੇ ਖੇਤੀਬਾੜੀ ਖੇਤਰ 'ਚ ਬਿਜਲੀ ਦੀ ਵਧ ਰਹੀ ਵਰਤੋਂ ਉਤੇ ਚਿੰਤਾ ਜ਼ਾਹਿਰ ਕੀਤੀ ਗਈ ਹੈ, ਪਰ ਟਿਊਬਵੈੱਲਾਂ ਨੂੰ ਮੁਫ਼ਤ ਬਿਜਲੀ ਉਤੇ ਚੁੱਪ ਧਾਰਨ ਕੀਤੀ ਗਈ ਹੈ। ਇਸ ਦੇ ਉਲਟ, ਪਹਿਲੇ ਖਰੜੇ ਵਿਚ ਬਿਜਲੀ ਦੀ ਖਪਤ ਨੂੰ ਮਾਪਣ ਅਤੇ ਮੁਫ਼ਤ ਸਪਲਾਈ ਦੇ ਇਕ ਤੈਅ ਪੱਧਰ ਤੋਂ ਵੱਧ ਬਿਜਲੀ ਖਰਚਣ ਉਤੇ ਚਾਰਜ ਲਾਉਣ ਦੀ ਸਿਫ਼ਾਰਸ਼ ਕੀਤੀ ਗਈ ਸੀ। ਜਦਕਿ ਦੂਜੇ ਵਿਚ ਸਿਫ਼ਾਰਸ਼ ਕੀਤੀ ਗਈ ਸੀ ਕਿ 10 ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਨੂੰ ਮੁਫਤ ਬਿਜਲੀ ਦੇਣੀ ਬੰਦ ਕੀਤੀ ਜਾਵੇ।"

ਹਾਲਾਂਕਿ, ਚੰਗੀ ਗੱਲ ਇਹ ਹੈ ਕਿ ਹਾਲੀਆ ਖਰੜੇ ਵਿਚ ਸਭ ਤੋਂ ਵੱਧ ਨੁਕਸਾਨ ਵਾਲੇ 15 ਬਲਾਕਾਂ ਵਿਚ ਝੋਨੇ ਦੀ ਕਾਸ਼ਤ ਉਤੇ ਪਾਬੰਦੀ ਲਾਉਣ ਦੀ ਸਖ਼ਤੀ ਨਾਲ ਸਿਫਾਰਸ਼ ਕੀਤੀ ਗਈ ਹੈ। ਹਾਲਾਂਕਿ, ਕੁਝ ਕਿਸਾਨ ਸਮੂਹਾਂ ਵੱਲੋਂ ਕਾਸ਼ਤ 'ਚ ਪਾਣੀ ਬਚਾਉਣ ਵਾਲੀਆਂ ਕੁਝ ਸਭ ਤੋਂ ਵਧੀਆ ਜੁਗਤਾਂ ਵਰਤੀਆਂ ਜਾ ਰਹੀਆਂ ਹਨ। ਨੀਤੀ ਨੂੰ ਆਖਰੀ ਰੂਪ ਦੇਣ ਤੋਂ ਪਹਿਲਾਂ ਕਿਸਾਨਾਂ ਦਾ ਕਮਿਸ਼ਨ ਇਨ੍ਹਾਂ ਨਾਲ ਸਲਾਹ-ਮਸ਼ਵਰਾ ਕਰ ਸਕਦਾ ਹੈ।

ਖੇਤੀਬਾੜੀ ਖੇਤਰ 'ਚ ਘਟ ਰਹੇ ਰੁਜ਼ਗਾਰ ਦੇ ਮੌਕਿਆਂ ਦੇ ਮੱਦੇਨਜ਼ਰ, ਖੇਤੀ ਵਿਚ ਪ੍ਰਤੱਖ ਤੇ ਲੁਕਵੀਂ ਬੇਰੁਜ਼ਗਾਰੀ ਦੇ ਮੁੱਦਿਆਂ ਉੱਤੇ ਗੰਭੀਰ ਚਰਚਾ ਦੀ ਲੋੜ ਹੈ, ਪਰ ਖਰੜੇ ਵਿਚ ਇਨ੍ਹਾਂ ਦਾ ਹਲਕਾ-ਫੁਲਕਾ ਜ਼ਿਕਰ ਹੀ ਕੀਤਾ ਗਿਆ ਹੈ। ਪੀਏਯੂ, ਗੁਰੂ ਅੰਗਦ ਦੇਵ ਵੈਟਰਨਰੀ ਤੇ ਜੀਵ ਵਿਗਿਆਨ ਯੂਨੀਵਰਸਿਟੀ, ਸਰਕਾਰੀ ਵਿਭਾਗਾਂ ਤੇ ਬੋਰਡਾਂ ਵਿਚ ਖਾਲੀ ਪਈਆਂ ਵੱਡੀ ਗਿਣਤੀ ਅਸਾਮੀਆਂ ਨੂੰ ਖਰੜੇ ਵਿਚ ਢੁੱਕਵੇਂ ਢੰਗ ਨਾਲ ਉਭਾਰਿਆ ਗਿਆ ਹੈ ਅਤੇ ਇਸ 'ਤੇ ਸਰਕਾਰੀ ਗੌਰ ਦੀ ਫੌਰੀ ਲੋੜ ਨੂੰ ਸਾਹਮਣੇ ਰੱਖਿਆ ਗਿਆ ਹੈ।

ਖਰੜੇ ਵਿਚਲੀਆਂ ਸਿਫਾਰਸ਼ਾਂ 'ਤੇ ਸਾਰੇ ਹਿੱਤਧਾਰਕਾਂ ਨੂੰ ਜਨਤਕ ਤੌਰ 'ਤੇ ਵਿਚਾਰ-ਚਰਚਾ ਕਰਾਉਣੀ ਚਾਹੀਦੀ ਹੈ, ਭਾਵੇਂ ਵਿੱਤੀ ਸਰੋਤ ਵੱਡੀ ਚੁਣੌਤੀ ਹਨ। ਫੇਰ ਵੀ ਕਈ ਸਿਫਾਰਸ਼ਾਂ ਹਨ ਜਿਨ੍ਹਾਂ ਲਈ ਬਿਲਕੁਲ ਥੋੜ੍ਹੇ ਜਾਂ ਮਨਫ਼ੀ ਵਿੱਤ ਦੀ ਜ਼ਰੂਰਤ ਹੈ। ਆਸ ਕਰਦੇ ਹਾਂ ਕਿ ਤੀਜਾ ਖਰੜਾ ਅੰਤ 'ਚ ਇਕ ਢੁੱਕਵੀਂ ਖੇਤੀ ਨੀਤੀ ਦਾ ਰੂਪ ਧਾਰਨ ਕਰੇਗਾ ਜਿਸ ਨੂੰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾ ਸਕੇਗਾ।

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

## ਬੇ-ਆਬ ਹੋ ਰਿਹਾ ਪੰਜਾਬ

ਵਲੋਂ : ਡਾ. ਵਿਸ਼ਾਲ ਕੁਮਾਰ ਫੋਨ: +91-97805-38664

'ਪਵਣੁ ਗੁਰੂ ਪਾਣੀ ਪਿਤਾ' ਕਥਨ ਦੇ ਕਰਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਨੀ ਇਹ ਧਰਤ ਆਦਿ ਕਾਲ ਵਿਚ ਸਪਤ ਸਿੰਧੂ ਅਤੇ ਪੰਚ-ਨਦ ਆਦਿ ਨਾਵਾਂ ਨਾਲ ਜਾਣੀ ਜਾਂਦੀ ਰਹੀ ਹੈ। ਸਪਤ ਸਿੰਧੂ ਭਾਵ ਜਿਥੇ 'ਸੱਤ ਦਰਿਆਵਾਂ ਦਾ ਦੇਸ਼' ਹੈ ਉਥੇ ਹੀ ਪੰਚ-ਨਦ ਦਾ ਮਤਲਬ 'ਪੰਜ ਨਦੀਆਂ ਦਾ ਸਥਾਨ' ਹੈ। ਪੰਜਾਬ ਦੀ ਇਹ ਜਰਖੇਜ਼ ਧਰਤ ਭਾਰਤ ਦੀ ਆਜ਼ਾਦੀ (1947 ਈ.) ਤੋਂ ਬਾਅਦ ਕੇਵਲ ਢਾਈ ਦਰਿਆਵਾਂ ਵਿਚ ਸਿਮਟ ਕੇ ਰਹਿ ਗਈ ਹੈ। ਭਾਰਤ ਦੇ ਕੁੱਲ ਖੇਤਰਫਲ (3287263 ਵਰਗ ਕਿਲੋਮੀਟਰ) ਵਿਚੋਂ ਪੰਜਾਬ (50362 ਵਰਗ ਕਿਲੋਮੀਟਰ) ਕੁੱਲ 1.53 ਫੀਸਦੀ ਹੀ ਹੈ ਅਤੇ ਇਹ ਖੇਤਰ ਵਜੋਂ ਭਾਰਤ ਦਾ ਵੀਹਵੇਂ ਨੰਬਰ ਦਾ ਰਾਜ ਹੈ। ਇਸ ਦੀ ਆਬਾਦੀ ਭਾਰਤ ਦੀ ਕੁੱਲ ਜਨਸੰਖਿਆ ਦਾ2.5 ਫੀਸਦੀ ਹੈ। ਇਲਾਕੇ ਵਜੋਂ ਇੰਨਾ ਛੋਟਾ ਹੋਣ ਦੇ ਬਾਵਜੂਦ ਇਸ ਨੂੰ ਭਾਰਤ ਦਾ ਅੰਨ-ਭੰਡਾਰ ਵੀ ਕਿਹਾ ਜਾਂਦਾ ਹੈ। ਇਸ ਅੰਨ ਨੂੰ ਉਗਾਉਣ ਦਾ ਜ਼ਿੰਮਾ ਇਥੋਂ ਦੇ ਮਿਹਨਤਕਸ਼ ਕਿਸਾਨਾਂ ਸਿਰ ਹੈ। ਪੰਜਾਬ ਭਾਰਤ ਦੇਸ਼ ਦੇ ਕੁੱਲ ਅੰਨ ਦਾ 36% ਚੌਲ ਤੇ 180 ਲੱਖ ਟਨ(60%) ਤੱਕ ਕਣਕ ਪੈਦਾ ਕਰ ਕੇ ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਮਹੋਰੀ ਭੂਮਿਕਾ ਵਿਚ ਹੈ ਪਰ ਇਸਨੂੰ ਉਗਾਉਣ ਲਈ ਕਿਸਾਨਾਂ ਦੁਆਰਾ ਵਰਤਿਆ ਜਾ ਰਿਹਾ ਪਾਣੀ ਪੰਜਾਬ ਦਾ ਮੁੱਢਲਾ ਕੁਦਰਤੀ ਸਰੋਤ ਹੈ। ਆਦਿ ਕਾਲ ਵਿਚ ਜਦੋਂ ਮਨੁੱਖ ਨੇ ਸੱਭਿਅਤਾ ਨੂੰ ਅਪਣਾਉਂਦਿਆਂ ਸਮੂਹਿਕ ਰੂਪ ਵਿਚ ਰਹਿਣਾ ਸ਼ੁਰੂ ਕੀਤਾ ਤਾਂ ਅੰਨ ਉਗਾਉਣ ਲਈ ਉਸਦੀ ਮੁੱਢਲੀ ਟੇਕ ਦਰਿਆ ਦਾ ਪਾਣੀ ਸੀ।

ਪੂਰਵ ਸੁਤੰਤਰਤਾ ਕਾਲ ਵਿਚ ਦਰਿਆਵਾਂ ਤੋਂ ਕੱਢੀਆਂ ਨਹਿਰਾਂ ਰਾਹੀਂ ਸਿੰਚਾਈ ਕੀਤੀ ਜਾਣ ਲੱਗੀ ਜੋ ਕਿ ਅੱਜ ਤੱਕ ਕਾਇਮ ਹੈ। ਆਧੁਨਿਕਤਾ ਦੇ ਇਸ ਦੌਰ ਵਿਚ ਤਕਨਾਲੋਜੀ ਦੇ ਵਿਕਾਸ ਨਾਲ ਇਨ੍ਹਾਂ ਦਾ ਸਥਾਨ ਟਿਊਬਵੈੱਲ ਨੇ ਲੈ ਲਿਆ। ਅੱਜ ਇਥੋਂ ਦੇ 14 ਲੱਖ ਤੋਂ ਵੀ ਵੱਧ ਟਿਊਬਵੈਲ (ਜੋ ਕਿ 1980 ਦੇ ਦਹਾਕੇ ਵਿਚ 2 ਲੱਖ ਹੀ ਸਨ) ਧਰਤੀ ਹੇਠਲੇ ਪਾਣੀ ਨੂੰ ਵਰਤਣ ਲਈ ਲੱਗੇ ਹਨ। ਮਾਹਿਰਾਂ ਦੀ ਰਿਪੋਰਟ ਮੁਤਾਬਿਕ ਇਸ ਕਾਰਨ ਪੰਜਾਬ ਵਿਚ ਪਾਣੀ ਦਾ ਪੱਧਰ ਪ੍ਰਤੀ ਸਾਲ ਦੋ ਫੁੱਟ ਦੀ ਦਰ ਨਾਲ ਹੇਠਾਂ ਜਾ ਰਿਹਾ ਹੈ। ਗਲੋਬਲੀਕਰਨ ਦੇ ਇਸ ਯੁੱਗ ਵਿਚ ਭਿੰਨ-ਭਿੰਨ ਕਾਰਨਾਂ ਨਾਲ ਪੈਦਾ ਹੋ ਰਹੀ ਸਮੁੱਚੇ ਬ੍ਰਹਿਮੰਡ ਦੀ ਤਪਸ਼ ਨਾਲ ਦਰਿਆਈ ਪਾਣੀ ਦਾ ਪੱਧਰ ਵੀ ਦਿਨੋਂ-ਦਿਨ ਡਿੱਗ ਰਿਹਾ ਹੈ ਪੰਜਾਬ ਦੇ ਦਰਿਆ ਆਪਣੇ ਸ਼ਾਬਦਿਕ ਅਰਥਾਂ ਅਤੇ ਪੁਰਾਣੇ ਸਰੂਪ ਤੋਂ ਖੁੰਝ ਰਹੇ ਹਨ। ਪੰਜਾਬ ਦੇ ਕਿਸਾਨਾਂ ਦੁਆਰਾ ਉਗਾਏ ਜਾਣ ਵਾਲੇ ਇਕ ਕਿਲੋ ਚੌਲ ਇਸ ਕੁਦਰਤੀ ਨਿਆਮਤ ਦੇ 4 ਹਜ਼ਾਰ ਲੀਟਰ ਹਿੱਸੇ ਦੀ ਖਪਤ ਕਰਦੇ ਹਨ। ਮੰਡੀਕਰਨ ਦੇ ਇਸ ਦੌਰ ਵਿਚ ਭਾਵੇਂ ਕਿਸਾਨ ਨੂੰ ਉਸ ਦੀ ਫ਼ਸਲ ਦੀ ਕੀਮਤ ਉਸਦੀ ਮਿਹਨਤ ਅਤੇ ਸੋਮਿਆਂ ਦੀ ਵਰਤੋਂ ਦੇ ਹਿਸਾਬ ਨਾਲ ਨਹੀਂ ਮਿਲਦੀ ਪਰ ਫਿਰ ਵੀ ਉਹ ਕਣਕ-ਝੋਨੇ ਦੇ ਫਸਲੀ ਚੱਕਰ ਵਿਚ ਪੈ ਕੇ ਆਪਣਾ ਸਮਾਂ ਅਤੇ ਕੁਦਰਤੀ ਸੋਮੇ ਪਾਣੀ ਦੀ ਦੁਰਵਰਤੋਂ ਕਰ ਰਿਹਾ ਹੈ। ਪੰਜਾਬ ਵਿਚ ਪਾਣੀ ਦਾ ਪੱਧਰ ਡਿੱਗਣ ਦਾ ਇਕੱਲਾ ਕਾਰਨ ਇੱਥੋਂ ਦਾ ਕਿਸਾਨ ਹੀ ਨਹੀਂ ਬਲਕਿ ਅਜੋਕੀ ਰਾਜਨੀਤੀ ਵੀ ਹੈ। ਵੋਟਾਂ ਦੀ ਰਾਜਨੀਤੀ ਵਿਚ ਲੋਕਾਂ ਨੂੰ ਭਰਮਾਉਣ ਲਈ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਦੀ ਸਹੂਲਤ ਦੀ (ਦੁਰ) ਵਰਤੋਂ ਕਿਸਾਨ ਆਪਣੀ ਫਸਲ ਨੂੰ ਲੋੜ ਅਨੁਸਾਰ ਪਾਣੀ ਦੇਣ ਦੀ ਬਜਾਏ ਆਪਣੀ ਜ਼ਮੀਨ ਵਿਚ ਪਾਣੀ ਦੇ ਦਰਿਆ ਵਹਾਉਣ ਲਈ ਕਰਦਾ ਹੈ। ਬਿਨਾਂ ਕਿਸੇ ਆਰਥਿਕ ਕੀਮਤ ਤੋਂ ਮਿਲੀ ਇਹ ਬਿਜਲੀ ਦੀ ਪੂਰੀ ਤਰ੍ਹਾਂ ਦੁਰਵਰਤੋਂ ਕਰਦਿਆਂ ਕਿਸਾਨ ਬਿਲ ਦੇ ਖ਼ੌਫ਼ ਤੋਂ ਮੁਕਤ ਹੋ ਕੇ ਮੋਟਰ ਨੂੰ ਉਦੋਂ ਤੱਕ ਚਲਾਉਂਦਾ ਹੈ ਜਦੋਂ ਤੱਕ ਉਸ ਦੀਆਂ ਪੈਲ਼ੀਆਂ ਵਿਚ ਹੜ੍ਹ ਵਾਲੀ ਸਥਿਤੀ ਨਹੀਂ ਬਣ ਜਾਂਦੀ।

ਪਾਣੀ ਦਾ ਪੱਧਰ ਡਿੱਗਣ ਦਾ ਇੱਕ ਵੱਡਾ ਕਾਰਨ ਪੰਜਾਬ ਦੇ ਲੋਕਾਂ ਦਾ ਅਖੌਤੀ-ਉੱਚ ਜੀਵਨ-ਪੱਧਰ ਵੀ ਹੈ। ਪੰਜਾਬ ਦੇ ਵਿਅਕਤੀ ਦੀ ਔਸਤ ਸਾਲਾਨਾ ਆਮਦਨ ਭਾਰਤ ਦੇ ਇੱਕ ਵਿਅਕਤੀ ਦੀ ਔਸਤ ਸਾਲਾਨਾ ਆਮਦਨ ਨਾਲੋਂ ਕਿਤੇ ਵੱਧ ਹੈ ਜਿਸ ਕਾਰਨ ਉਹ ਘਰ ਵਿਚ ਵੀ ਬਿਜਲੀ/ਪਾਣੀ ਦੀ ਦੁਰਵਰਤੋਂ ਤੋਂ ਬਾਜ਼ ਨਹੀਂ ਆਉਂਦਾ। ਉਹ ਸੋਚਦਾ ਹੈ ਕਿ ਜੇਕਰ ਉਹ ਬਿੱਲ ਦੇਣ ਦੀ ਸਮਰੱਥਾ ਰੱਖਦਾ ਹੈ ਤਾਂ ਪਾਣੀ ਦੀ ਦੁਰਵਰਤੋਂ ਕਰਨਾ ਉਸ ਦਾ ਹੱਕ ਹੈ। ਆਧੁਨਿਕੀਕਰਨ ਦੀ ਦੌੜ ਵਿਚ ਵੱਖ-ਵੱਖ ਪਿੰਡਾਂ/ਕਸਬਿਆਂ/ਸ਼ਹਿਰਾਂ ਵਿਚ ਵੱਸਦੀ ਲੋਕਾਈ ਦੀ ਬਦਲ ਰਹੀ ਜੀਵਨ-ਜਾਚ ਰਹਿਣ-ਸਹਿਣ ਦੇ ਨਵੀਨ ਢੰਗ ਸਰਕਾਰ ਵੱਲੋਂ ਬਣਾਈਆਂ ਜਾ ਰਹੀਆਂ ਸੜਕਾਂ ਦੇ ਜਾਲ ਆਦਿ ਵੀ ਵਰਤਮਾਨ ਸਮੇਂ ਵਿਚ ਧਰਤ ਹੇਠਲੇ ਪਾਣੀ ਦੇ ਪੱਧਰ ਨੂੰ ਸੁੱਟਣ ਵਿਚ ਅਹਿਮ ਰੋਲ ਨਿਭਾਅ ਰਹੇ ਹਨ। ਮੁਨਾਫ਼ਾਖ਼ੋਰੀ ਅਤੇ ਨਿੱਜੀਕਰਨ ਦੀ ਭਾਵਨਾ ਅਧੀਨ ਵਿਚਰਦਿਆਂ ਵਰਤਮਾਨਕ ਪੰਜਾਬੀ ਮਨੁੱਖ ਸਮੇਂ ਦੀ ਘਾਟ ਕਾਰਨ ਸਮਾਜਿਕ ਅਤੇ ਸਮੂਹਿਕ ਲਾਭ ਦੀ ਭਾਵਨਾ ਤੋਂ ਭੱਜਦਾ ਹੋਇਆ ਆਪਣੇ ਨਿੱਜੀ ਮੁਫਾਦਾਂ ਨੂੰ ਪਹਿਲ ਦਿੰਦਾ ਹੈ। ਉਸ ਦੁਆਰਾ ਬਣਾਈਆਂ ਜਾ ਰਹੀਆਂ ਵੱਡੀਆਂਵੱਡੀਆਂ ਬਿਲਡਿੰਗਾਂ, ਮਾਲ ਅਤੇ ਮਲਟੀ ਸਪੈਸ਼ਲਿਟੀ ਸ਼ੋਅਰੂਮ ਵੀ ਇਸ ਧਰਤ ਨੂੰ ਬੰਜਰ ਕਰਨ ਵਿਚ ਅਹਿਮ ਰੋਲ ਅਦਾ ਕਰ ਰਹੇ ਹਨ। ਬੇ-ਆਬ ਹੋ ਰਹੇ ਇਸ ਪੰਜਾਬ ਨੂੰ ਬਚਾਉਣ ਲਈ ਸਰਕਾਰਾਂ ਨੂੰ ਕੁਝ ਸਖ਼ਤ ਨਿਯਮ ਬਣਾਉਣ ਅਤੇ ਉਨ੍ਹਾਂ ਦੀ ਸਖ਼ਤੀ ਨਾਲ ਪਾਲਣਾ ਕਰਾਉਣ ਦੀ ਲੋੜ ਹੈ। ਅਰਥ-ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਅਨੁਸਾਰ, 'ਪੰਜਾਬ ਦੇ ਵਿਚ ਜਿੱਥੇ ਟਿਊਬਵੈੱਲਾਂ ਦੇ ਨਾਲ ਪਾਣੀ ਕੱਢ ਕੇ ਝੋਨਾ ਲਾਇਆ ਜਾ ਰਿਹਾ ਹੈ, ਉਹਨਾਂ ਥਾਵਾਂ 'ਤੇ ਝੋਨੇ ਦੀ ਖੇਤੀ ਬੰਦ ਕਰ ਦੇਣੀ ਚਾਹੀਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਨੂੰ ਕਿਸੇ ਹੋਰ ਖੇਤੀ ਲਈ ਪ੍ਰੇਰਿਤ ਕਰਕੇ ਐਮ.ਐੱਸ.ਪੀ. ਦੇਵੇ ਤਾਂ ਜੋ ਇਸ ਨਾਲ ਪੰਜਾਬ ਦੇ ਪਾਣੀ ਨੂੰ ਬਚਾਇਆ ਜਾ ਸਕੇ।'

ਕਿਸਾਨਾਂ ਨੂੰ ਫ਼ਸਲੀ ਚੱਕਰ ਬਦਲਣ ਲਈ ਉਤਸ਼ਾਹਿਤ ਕੀਤਾ ਜਾਵੇ ਅਤੇ ਇਸ ਲਈ ਪ੍ਰਭਾਵੀ ਨੀਤੀਆਂ ਬਣਾਈਆਂ ਜਾਣ, ਜਿਨ੍ਹਾਂ ਨੂੰ ਵਿਧੀਵਤ ਤਰੀਕੇ ਨਾਲ ਲਾਗੂ ਕਰਾਇਆ ਜਾਵੇ। ਪਾਣੀ ਰੀਚਾਰਜ ਕਰਨ ਦੇ ਵੱਡੇ-ਵੱਡੇ ਪ੍ਰਾਜੈਕਟ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਢੁਕਵੀਆਂ ਥਾਵਾਂ 'ਤੇ ਲਾਏ ਜਾਣ। ਆਮ-ਜਨ ਨੂੰ ਪ੍ਰਭਾਵਿਤ ਕਰਨ ਵਾਲੇ ਸੰਚਾਰ ਦੇ ਭਿੰਨ-ਭਿੰਨ ਸਾਧਨਾਂ ਦੀ ਵਰਤੋਂ ਕਰਦਿਆਂ ਲੋਕਾਂ ਨੂੰ ਪਾਣੀ ਬਚਾਉਣ ਦੇ ਪ੍ਰਭਾਵਸ਼ਾਲੀ ਤਰੀਕਿਆਂ ਤੋਂ ਜਾਣੂ ਕਰਾਇਆ ਜਾਵੇ। ਯੂਨੀਵਰਸਿਟੀਆਂ ਵਿਚ ਘੱਟ ਪਾਣੀ ਵਰਤਣ ਅਤੇ ਇਸ ਦੀ ਦੁਰਵਰਤੋਂ ਨੂੰ ਰੋਕਣ ਲਈ ਕੀਤੀਆਂ ਜਾ ਰਹੀਆਂ ਖੋਜਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਪੂਰਬਲੀਆਂ ਖੋਜਾਂ ਨੂੰ ਪ੍ਰਭਾਵੀ ਤਰੀਕੇ ਨਾਲ ਲਾਗੂ ਕਰਾਇਆ ਜਾਵੇ। ਸ਼ਹਿਰਾਂ ਵਿਚ ਪਾਣੀ ਦੀ ਦੁਰਵਰਤੋਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਏ ਜਾਣ ਤਾਂ ਜੋ ਕੋਈ ਵੀ ਪਾਣੀ ਦੀ ਦੁਰਵਰਤੋਂ ਕਰਦਿਆਂ ਪਾਈਪ ਨਾਲ ਕਾਰ ਧੋਣ ਜਾਂ ਗਲੀਆਂ ਵਿਚ ਪਾਣੀ ਰੋੜ੍ਹਨ ਦੀ ਹਿੰਮਤ ਨਾ ਕਰੇ। ਜੇਕਰ ਅਸੀਂ ਆਪਣਾ ਅੱਜ ਸੰਭਾਲਣ ਦੇ ਯੋਗ ਹੋ ਜਾਵਾਂਗੇ ਤਾਂ ਸਾਡਾ ਆਉਣ ਵਾਲਾ ਕੱਲ੍ਹ ਵੀ ਪਾਣੀ ਰਹਿਤ ਹੋਣ ਤੋਂ ਬਚ ਜਾਵੇਗਾ।

# Important Contacts

## EMERGENCY

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

## NON-EMERGENCY

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

## SIKH GURDWARAS

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

## 6878 King Gorge Blvd. Surrey

# ਜਪਾਨ ਦੌਰੇ ਲਈ ਫੀਲਡ ਹਾਕੀ ਡਿਵੈਲਪਮੈਂਟ ਟੀਮ ਵਿੱਚ ਚਾਰ ਪੰਜਾਬੀ ਖਿਡਾਰਣਾਂ ਸ਼ਾਮਿਲ

ਕੈਲਗਰੀ: ਜਪਾਨ ਦੇ ਦੌਰੇ ਲਈ ਚੁਣੀ ਗਈ ਕੈਨੇਡਾ ਦੀਆਂ ਕੁੜੀਆਂ ਦੀ ਸੀਨੀਅਰ ਡਿਵੈਲਪਮੈਂਟ ਟੀਮ ਵਿੱਚ ਚਾਰ ਪੰਜਾਬੀ ਮੂਲ ਦੀਆਂ ਖਿਡਾਰਣਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਪਰਮਦੀਪ ਗਿੱਲ, ਪਰਵਾ ਸੰਧੂ, ਪ੍ਰਭਲੀਨ ਗਰੇਵਾਲ ਅਤੇ ਬਵਨੀਤ ਹੋਠੀ ਨੂੰ ਇਸ ਟੀਮ ਵਲੋਂ ਖੇਡਣ ਦਾ ਮੌਕਾ ਮਿਲਿਆ ਹੈ।

ਫੀਲਡ ਹਾਕੀ ਕੈਨੇਡਾ ਨੇ ਘੋਸ਼ਣਾ ਕੀਤੀ ਹੈ ਕਿ ਇਸ ਟੀਮ ਵਿੱਚ 23 ਸਾਲ ਤੋਂ ਘੱਟ ਉਮਰ ਦੀਆਂ ਖਿਡਾਰਣਾਂ ਨੂੰ ਮੌਕਾ ਦਿੱਤਾ ਗਿਆ ਹੈ, ਤਾਂ ਜੋ ਭਵਿੱਖ ਵਿੱਚ ਸੀਨੀਅਰ ਟੀਮ ਲਈ ਖਿਡਾਰੀਆਂ ਨੂੰ ਤਿਆਰ ਕੀਤਾ ਜਾ ਸਕੇ।



ਪਰਮਦੀਪ ਗਿੱਲ ਪਰਵਾ ਸੰਧੂ ਪ੍ਰਭਲੀਨ ਗਰੇਵਾਲ ਬਵਨੀਤ ਹੋਠੀ

ਪਰਮਦੀਪ ਗਿੱਲ ਬ੍ਰਹਮਟਨ ਤੋਂ ਹੈ ਅਤੇ ਹਾਕੀ ਦੇ ਸਮਰਪਿਤ ਪਰਿਵਾਰ ਨਾਲ ਸੰਬੰਧਤ ਹੈ। ਕੈਨੇਡਾ ਦੇ ਨੈਸ਼ਨਲ ਟੂਰਨਾਮੈਂਟਾਂ ਤੋਂ ਇਲਾਵਾ, ਯੂਨੀਵਰਸਿਟੀ ਸੀਜ਼ਨ ਵਿੱਚ ਵੀ ਉਸਨੇ ਵਧੀਆ ਪ੍ਰਦਰਸ਼ਨ ਕੀਤਾ ਹੈ। 2023 ਦੇ ਇਨਡੋਰ ਵਿਸ਼ਵ ਕੱਪ ਵਿੱਚ ਵੀ ਉਹ ਕੈਨੇਡਾ ਵਲੋਂ ਖੇਡ ਚੁੱਕੀ ਹੈ।

ਪਰਵਾ ਸੰਧੂ, ਸਰੀ ਦੇ ਇੰਡੀਆ ਕਲੱਬ ਨਾਲ ਸੰਬੰਧਤ ਹੈ ਅਤੇ ਉਸ ਦਾ ਪਰਿਵਾਰ ਵੀ ਹਾਕੀ ਵਿੱਚ ਅਹਿਮ ਰੋਲ ਨਿਭਾ ਰਿਹਾ ਹੈ। ਉਸ ਦੀ ਵੱਡੀ ਭੈਣ ਪੂਨਮ ਸੰਧੂ ਅਤੇ ਪਿਤਾ ਨਿੱਕ ਸੰਧੂ, ਦੋਵੇਂ ਹਾਕੀ ਖੇਡ ਜਗਤ ਵਿੱਚ ਮਸ਼ਹੂਰ ਹਨ।

ਪ੍ਰਭਲੀਨ ਗਰੇਵਾਲ ਕੈਲਗਰੀ ਦੇ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਨਾਲ ਖੇਡਦੀ ਹੈ ਅਤੇ ਉਸ ਦਾ ਪਰਿਵਾਰ ਪੰਜਾਬ ਦੇ ਮਸ਼ਹੂਰ ਪਿੰਡ ਕਿਲਾ ਰਾਏਪੁਰ ਨਾਲ ਸੰਬੰਧਤ ਹੈ। 2023 ਵਿੱਚ ਕੈਨੇਡਾ ਦੀ ਜੂਨੀਅਰ ਟੀਮ ਵਲੋਂ ਪ੍ਰਭਲੀਨ ਫਰਾਂਸ ਦਾ ਦੌਰਾ ਕਰ ਚੁੱਕੀ ਹੈ। ਬਵਨੀਤ ਹੋਠੀ ਸਰੀ ਦੇ ਟਾਈਗਰਜ਼ ਕਲੱਬ ਦੀ ਖਿਡਾਰਨ ਹੈ, ਜੋ ਕਈ ਸਾਲਾਂ ਤੋਂ ਕੈਨੇਡਾ ਦੇ ਨੈਸ਼ਨਲ ਟੂਰਨਾਮੈਂਟਾਂ ਵਿੱਚ ਭਾਗ ਲੈ ਰਹੀ ਹੈ।

ਜਪਾਨ ਦੌਰੇ ਲਈ ਚਾਰ ਪੰਜਾਬੀ ਮੂਲ ਦੀਆਂ ਖਿਡਾਰਣਾਂ ਦੀ ਚੋਣ ਤੋਂ ਬਾਅਦ ਪੰਜਾਬੀ ਕਮਿਊਨਿਟੀ ਵਿੱਚ ਉਤਸ਼ਾਹ ਵੱਧ ਗਿਆ ਹੈ।

# ਕੈਲਗਰੀ ਦੀ ਇੱਕ ਡੀਲਰਸ਼ਿਪ 'ਤੇ ਮਿਲੀਆਂ ਚੋਰੀ ਦੀਆਂ ਗੱਡੀਆਂ

ਕੈਲਗਰੀ : ਕੈਲਗਰੀ ਦੇ 26 ਸਾਲਾ ਬਰੂਕਸ ਸਟੇਲਾ ਨੂੰ ਕਈ ਚੋਰੀ ਦੀਆਂ ਗੱਡੀਆਂ ਅਤੇ ਜਾਲਸਾਜ਼ੀ ਨਾਲ ਸੰਬੰਧਤ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਗ੍ਰਿਫ਼ਤਾਰੀ 28 ਅਗਸਤ ਨੂੰ, ਏਅਰਡਰੀ ਅਤੇ ਕੈਲਗਰੀ ਪੁਲਿਸ ਦੀ ਮਦਦ ਨਾਲ, ਅਲਬਰਟਾ ਲਾਅ ਇੰਫੋਰਸਮੈਂਟ ਰਿਸਪੌਂਸ ਟੀਮਾਂ ਦੁਆਰਾ ਕੀਤੀ ਗਈ।

ਪੁਲਿਸ ਨੇ ਦੱਸਿਆ ਕਿ 2023 ਵਿੱਚ ਕੈਲਗਰੀ ਦੀ ਅੰਤਰਰਾਸ਼ਟਰੀ ਮੋਟਰ ਕਾਰਾਂ ਦੀ ਜਾਂਚ ਸ਼ੁਰੂ ਹੋਈ ਸੀ, ਜਿਸ 'ਤੇ ਗ੍ਰਿਫ਼ਤਾਰੀ ਹੋਈ। ਇਸ ਸਾਲ ਦੀ ਗਰਮੀ ਦੌਰਾਨ ਕੈਲਗਰੀ ਅਤੇ ਏਅਰਡਰੀ ਵਿੱਚ ਤਿੰਨ ਸਥਾਨਾਂ 'ਤੇ ਛਾਪੇ ਮਾਰੇ ਗਏ, ਜਿਨ੍ਹਾਂ ਵਿੱਚ ਦੋ ਕਾਰ ਡੀਲਰਸ਼ਿਪ ਵੀ ਸ਼ਾਮਿਲ ਸਨ। ਇਸ ਕਾਰਵਾਈ ਦੌਰਾਨ ਤਿੰਨ ਚੋਰੀ ਕੀਤੀਆਂ ਗੱਡੀਆਂ ਬਰਾਮਦ ਕੀਤੀਆਂ ਗਈਆਂ, ਜਿਨ੍ਹਾਂ ਉੱਤੇ ਫਰਜ਼ੀ ਨੰਬਰ ਪਲੇਟਾਂ ਸਨ।

RCMP ਦੇ ਮੁਤਾਬਕ, ਇਹ ਗੱਡੀਆਂ ਡੀਲਰਸ਼ਿਪਾਂ ਰਾਹੀਂ ਵੇਚੀਆਂ ਜਾਂ ਵੇਚਣ ਲਈ ਵਿਗਿਆਪਿਤ ਕੀਤੀਆਂ ਗਈਆਂ ਸਨ। ਨਾਲ ਹੀ ਇੱਕ ਹੋਰ ਵਾਹਨ ਵੀ ਮਿਲਿਆ ਜਿਸ ਨੂੰ ਅਪਰਾਧ ਦੁਆਰਾ ਪ੍ਰਾਪਤ ਕੀਤੀ ਗਈ ਜਾਇਦਾਦ ਮੰਨਿਆ ਜਾ ਰਿਹਾ ਹੈ।

ਬਰੂਕਸ ਸਟੇਲਾ 'ਤੇ ਮਣੀ ਲਾਂਡਰਿੰਗ, ਤਸਕਰੀ ਦੇ ਉਦੇਸ਼ ਨਾਲ ਅਪਰਾਧ ਦੁਆਰਾ ਪ੍ਰਾਪਤ ਜਾਇਦਾਦ 'ਤੇ ਕਬਜ਼ਾ, 5 ਹਜ਼ਾਰ ਡਾਲਰ ਤੋਂ ਜ਼ਿਆਦਾ ਦੀ ਧੋਖਾਧੜੀ, ਜਾਇਦਾਦ 'ਤੇ ਕਬਜ਼ਾ, ਤਸਕਰੀ ਅਤੇ ਜਾਲਸਾਜ਼ੀ ਦੇ ਦੋ ਮਾਮਲੇ ਦਰਜ ਕੀਤੇ ਗਏ ਹਨ। ਸਟੇਲਾ ਨੂੰ 23 ਅਕਤੂਬਰ ਨੂੰ ਏਅਰਡਰੀ ਵਿੱਚ ਅਲਬਰਟਾ ਕੋਰਟ ਆਫ ਜਸਟਿਸ ਵਿੱਚ ਪੇਸ਼ ਹੋਣ ਦੇ ਵਾਅਦੇ 'ਤੇ ਰਿਹਾਅ ਕੀਤਾ ਗਿਆ।




# ਸੀ.ਬੀ.ਆਈ. ਨੇ ਵਿਦੇਸ਼ੀ ਨਾਗਰਿਕਾਂ ਨਾਲ ਸਾਈਬਰ ਠੱਗੀ ਕਰਨ ਵਾਲਿਆਂ ਦਾ ਕੀਤਾ ਪਰਦਾਫ਼ਾਸ਼

ਸੀਬੀਆਈ ਨੇ ਵਿਦੇਸ਼ੀ ਨਾਗਰਿਕਾਂ ਤੇ ਖ਼ਾਸ ਤੌਰ 'ਤੇ ਅਮਰੀਕੀ ਨਾਗਰਿਕਾਂ ਨਾਲ ਸਾਈਬਰ ਠੱਗੀ ਕਰਨ ਵਾਲਿਆਂ ਦਾ ਪਰਦਾਫ਼ਾਸ਼ ਕਰ ਕੇ 26 ਲੋਕਾਂ ਦੀ ਜਿਹੜੀ ਗ੍ਰਿਫ਼ਤਾਰੀ ਕੀਤੀ, ਉਹ ਇਹੀ ਦੱਸਦੀ ਹੈ ਕਿ ਭਾਰਤ ਵਿਚ ਸਾਈਬਰ ਠੱਗ ਕਿੰਨੇ ਵੱਡੇ ਪੱਧਰ 'ਤੇ ਸਰਗਰਮ ਹਨ। ਆਪ੍ਰੇਸ਼ਨ ਚੱਕਰ ਤਹਿਤ ਸੀਬੀਆਈ ਨੇ ਸਾਈਬਰ ਠੱਗਾਂ ਖ਼ਿਲਾਫ਼ 32 ਸ਼ਹਿਰਾਂ ਵਿਚ ਛਾਪੇਮਾਰੀ ਕੀਤੀ। ਇਨ੍ਹਾਂ ਵਿੱਚੋਂ ਚਾਰ ਸ਼ਹਿਰਾਂ, ਪੁਣੇ, ਹੈਦਰਾਬਾਦ, ਅਹਿਮਦਾਬਾਦ ਤੇ ਵਿਸ਼ਾਖਾਪਟਨਮ ਵਿਚ ਸਾਈਬਰ ਠੱਗ ਲੋਕਾਂ ਨੂੰ ਠੱਗਣ ਲਈ ਚਾਰ ਨਾਜਾਇਜ਼ ਕਾਲ ਸੈਂਟਰ ਚਲਾ ਰਹੇ ਸਨ। ਅਜਿਹੇ ਕਾਲ ਸੈਂਟਰ ਪਹਿਲੀ ਵਾਰ ਉਜਾਗਰ ਨਹੀਂ ਹੋਏ। ਇਸ ਤੋਂ ਪਹਿਲਾਂ ਵੀ ਕਈ ਸ਼ਹਿਰਾਂ, ਖ਼ਾਸ ਤੌਰ 'ਤੇ ਦਿੱਲੀ-ਐੱਨਸੀਆਰ ਵਿਚ ਵੀ ਅਜਿਹੇ ਕਾਲ ਸੈਂਟਰ ਚੱਲਦੇ ਪਾਏ ਗਏ ਹਨ। ਇਨ੍ਹਾਂ ਵਿੱਚੋਂ ਕੁਝ ਵਿਦੇਸ਼ੀ ਨਾਗਰਿਕਾਂ ਨੂੰ ਠੱਗਦੇ ਸਨ ਤੇ ਕੁਝ ਭਾਰਤੀ ਨਾਗਰਿਕਾਂ ਨੂੰ। ਆਪਣੇ ਦੇਸ਼ ਵਿਚ ਮੋਬਾਈਲ ਫੋਨ ਰਾਹੀਂ ਲੋਕਾਂ ਨੂੰ ਠੱਗਣ ਵਾਲੇ ਪਤਾ ਨਹੀਂ ਕਿੰਨੇ ਗਿਰੋਹ ਜਗ੍ਹਾ-ਜਗ੍ਹਾ ਸਰਗਰਮ ਹਨ। ਪਿਛਲੇ ਕੁਝ ਸਮੇਂ ਤੋਂ ਉਹ ਨਕਲੀ ਬੈਂਕ, ਪੁਲਿਸ, ਸੀਬੀਆਈ ਅਤੇ ਕਸਟਮ ਅਧਿਕਾਰੀ ਬਣ ਕੇ ਵੀ ਲੋਕਾਂ ਨੂੰ ਠੱਗਣ ਦਾ ਕੰਮ ਕਰ ਰਹੇ ਹਨ। ਇਹ ਕਿਸੇ ਤੋਂ ਲੁਕਿਆ ਨਹੀਂ ਕਿ ਲੋਕਾਂ ਨੂੰ ਡਿਜੀਟਲ ਅਰੈਸਟ ਕਰ ਕੇ ਠੱਗਣ ਦੇ ਮਾਮਲੇ ਰੁਕਣ ਦਾ ਨਾਂ ਨਹੀਂ ਲੈ ਰਹੇ ਹਨ।

ਅੱਜ ਕੱਲ ਸਾਈਬਰ ਠੱਗਾਂ ਨੇ ਗੂਗਲ ਸਰਚ 'ਤੇ ਆਪਣਾ ਜਾਲ ਵਿਛਾਇਆ ਹੋਇਆ ਹੈ। ਉਹ ਉਸ ਜਾਲ 'ਚ ਸ਼ਿਕਾਰ ਫਸਣ ਦਾ ਇੰਤਜ਼ਾਰ ਕਰਦੇ ਹਨ- ਜਿਵੇਂ ਹੀ ਸ਼ਿਕਾਰ ਉਨ੍ਹਾਂ ਦੇ ਜਾਲ 'ਚ ਫਸਦਾ ਹੈ, ਉਹ ਉਸ ਨੂੰ ਆਪਣਾ ਨਿਸ਼ਾਨਾ ਬਣਾ ਲੈਂਦੇ ਹਨ, ਕਿਉਂਕਿ ਲੋਕ ਗੂਗਲ 'ਤੇ ਜਾ ਕੇ ਕਿਸੇ ਸੰਸਥਾ ਜਾਂ ਕੰਪਨੀ ਦਾ ਨਾਂ ਸਰਚ ਕਰਦੇ ਹਨ ਅਤੇ ਉਥੇ ਜ਼ਿਆਦਾਤਰ ਸਭ ਤੋਂ ਉੱਪਰ ਵਾਲਾ ਲਿੰਕ ਕਲਿੱਕ ਕਰਦੇ ਹਨ ਤਾਂ ਉਸ ਵਿਚ ਕੰਪਨੀ ਦੇ ਮੋਬਾਈਲ ਨੰਬਰ ਆਉਂਦੇ ਹਨ। ਜ਼ਰੂਰੀ ਨਹੀਂ ਉਹ ਨੰਬਰ ਉਸੇ ਕੰਪਨੀ ਦਾ ਹੋਵੇ। ਉਹ ਕਿਸੇ ਸਾਈਬਰ ਠੱਗ ਦਾ ਵਿਛਾਇਆ ਹੋਇਆ ਜਾਲ ਵੀ ਹੋ ਸਕਦਾ ਹੈ।

ਜਦੋਂ ਤੁਸੀਂ ਉਸ ਨੰਬਰ 'ਤੇ ਗੱਲ ਕਰਦੇ ਹੋ ਤਾਂ ਸਾਈਬਰ ਠੱਗ ਤੁਹਾਨੂੰ ਗੱਲਾਂ 'ਚ ਉਲਝਾ ਲੈਣਗੇ ਅਤੇ ਤੁਹਾਡੀ ਮਦਦ ਈ ਤੁਹਾਨੂੰ ਭਰੋਸਾ ਵੀ ਦਿਵਾਉਣਗੇ। ਫਿਰ ਝਾਂਸਾ ਦੇ ਕੇ ਤੁਹਾਨੂੰ ਇਕ ਲਿੰਕ ਭੇਜਣਗੇ ਜਾਂ ਫਿਰ ਕਿਸੇ ਹੋਰ ਢੰਗ ਨਾਲ ਤੁਹਾਨੂੰ ਉਲਝਾ ਕੇ ਤੁਹਾਡਾ ਬੈਂਕ ਅਕਾਊਂਟ ਖਾਲੀ ਕਰ ਦੇਣਗੇ।

## 26 ਲੋਕਾਂ ਗ੍ਰਿਫ਼ਤਾਰ,32 ਸ਼ਹਿਰਾਂ ਵਿੱਚ ਛਾਪੇਮਾਰੀ ਕੀਤੀ




### ਗੈਸ ਸਿਲੰਡਰ ਦੇਰ ਨਾਲ ਆਉਣ 'ਤੇ ਕੰਪਨੀ ਦਾ ਹੈਲਪਲਾਈਨ ਨੰਬਰ ਕੀਤਾ ਸਰਚ, 11 ਲੱਖ ਠੱਗੇ ਗਏ

ਪਹਿਲੇ ਮਾਮਲੇ ਵਿਚ ਰਾਕੇਸ਼ ਖੰਨਾ ਨੇ ਗੈਸ ਸਿਲੰਡਰ ਦੇਰੀ ਨਾਲ ਡਲਿਵਰੀ ਹੋਣ ਦੀ ਸ਼ਿਕਾਇਤ ਕੰਪਨੀ ਵਿਚ ਦਰਜ ਕਰਵਾਉਣੀ ਸੀ। ਇਸ ਲਈ 17 ਸਤੰਬਰ ਨੂੰ ਗੂਗਲ 'ਤੇ ਕੰਪਨੀ ਦਾ ਕਸਟਮਰ ਕੇਅਰ ਦਾ ਨੰਬਰ ਲੱਭਿਆ ਸੀ ਪਰ ਨੰਬਰ ਲੱਭਦੇ ਹੋਏ ਉਹ ਸਾਈਬਰ ਠੱਗਾਂ ਦੇ ਜਾਲ 'ਚ ਫਸ ਗਏ, ਜੋ ਨੰਬਰ ਮਿਲਾ ਕੇ ਉਸ 'ਤੇ ਕਾਲ ਕੀਤੀ ਤਾਂ ਸਾਹਮਣਿਓਂ ਗੱਲ ਕਰਨ ਵਾਲੇ ਨੇ ਖ਼ੁਦ ਨੂੰ ਇੰਡੇਨ ਦਾ ਕਸਟਮਰ ਕੇਅਰ ਕਾਰਜਕਾਰੀ ਮੁਲਾਜ਼ਮ ਦੱਸਿਆ।

ਉਸ ਨੇ ਗੱਲਾਂ ਵਿਚ ਉਲਝਾ ਕੇ ਉਨ੍ਹਾਂ ਨੂੰ ਝਾਂਸੇ ਵਿਚ ਲੈ ਲਿਆ ਅਤੇ ਕਿਹਾ ਕਿ ਉਸ ਦੀ ਕੇ. ਵਾਈ. ਸੀ. ਨਹੀਂ ਹੋਈ। ਇਸ ਲਈ ਉਹ ਕੇ. ਵਾਈ. ਸੀ. ਫੀਸ ਲਈ 10 ਰੁਪਏ ਦੇਣ ਲਈ ਕਿਹਾ।

ਸਾਈਬਰ ਠੱਗ ਨੇ ਉਸ ਨੂੰ ਇਕ ਵ੍ਹਟਸਐਪ 'ਤੇ ਲਿੰਕ ਭੇਜ ਦਿੱਤਾ। ਉਸ ਨੇ ਲਿੰਕ ਕਲਿੱਕ ਕਰ ਕੇ ਜਿਉਂ ਹੀ 10 ਰੁਪਏ ਆਨਲਾਈਨ ਕੀਤੇ ਤਾਂ ਉਸ ਦੇ ਖਾਤੇ ਵਿਚੋਂ ਵੱਖ-ਵੱਖ ਐਂਟਰੀਆਂ ਜ਼ਰੀਏ 11 ਲੱਖ ਰੁਪਏ ਟ੍ਰਾਂਸਫਰ ਕਰਵਾ ਲਏ।

ਇਹ ਪੈਸੇ ਬੰਧਨ ਬੈਂਕ, ਐੱਨ. ਐੱਸ. ਡੀ. ਐੱਲ. ਪੇਮੈਂਟ ਬੈਂਕ, ਇੰਡੀਅਨ ਓਵਰਸੀਜ਼ ਬੈਂਕ, ਕੋਟਿਕ ਮਹਿੰਦਰਾ, ਸੈਂਟਰਲ ਬੈਂਕ ਆਫ ਇੰਡੀਆ, ਯੂਨੀਅਨ ਬੈਂਕ, ਇੰਡੀਅਨ ਬੈਂਕ ਅਤੇ ਐੱਚ. ਡੀ. ਐੱਫ. ਸੀ. ਬੈਂਕ ਸਮੇਤ 22 ਵੱਖ-ਵੱਖ ਬੈਂਕ ਖਾਤਿਆਂ 'ਚ ਟ੍ਰਾਂਸਫਰ ਕੀਤੇ ਗਏ, ਜੋ ਕਿ ਅਸਾਮ, ਮੁੰਬਈ, ਦਿੱਲੀ, ਗੁਜਰਾਤ ਅਤੇ ਰਾਜਸਥਾਨ 'ਚ ਮੌਜੂਦ ਸਨ, ਜਿਨ੍ਹਾਂ ਤੋਂ ਪੈਸੇ ਵੀ ਕਢਵਾ ਲਏ ਗਏ।

### ਮਾਤਾ ਵੈਸ਼ਣੋ ਦੇਵੀ ਜਾਣ ਲਈ ਕਰਵਾਈ ਹਵਾਈ ਟਿਕਟ, 50 ਹਜ਼ਾਰ ਠੱਗੇ ਗਏ

ਇਸੇ ਤਰ੍ਹਾਂ ਦੂਜੇ ਕੇਸ ਵਿਚ ਹੈਬੋਵਾਲ ਦੇ ਰਹਿਣ ਵਾਲੇ ਅਮਿਤ ਨੇ ਦੱਸਿਆ ਕਿ ਉਸ ਨੇ ਆਪਣੇ ਪਰਿਵਾਰ ਨਾਲ ਮਾਤਾ ਵੈਸ਼ਣੋ ਦੇਵੀ ਜਾਣਾ ਸੀ। ਇਸ ਲਈ ਉਸ ਨੇ ਗੂਗਲ 'ਤੇ ਸਰਚ ਕਰ ਕੇ ਹਿਮਾਲੀਅਨ ਹੈਲੀ ਸਰਚ ਕੰਪਨੀ ਨੂੰ ਸਰਚ ਕੀਤਾ ਸੀ। ਉਸ 'ਤੇ ਆਏ ਨੰਬਰਾਂ 'ਤੇ ਸੰਪਰਕ ਕਰ ਕੇ ਉਸ ਨੇ ਟਿਕਟ ਬੁਕ ਕਰਵਾ ਲਈ ਅਤੇ ਕਰੀਬ 50,000 ਰੁਪਏ ਵੀ ਦੇ ਦਿੱਤੇ ਸਨ ਪਰ ਉਸ ਨੂੰ ਇਕ ਹਫਤੇ ਬਾਅਦ ਜਾ ਕੇ ਪਤਾ ਲੱਗਾ ਕਿ ਉਸ ਦੇ ਨਾਲ ਠੱਗੀ ਹੋ ਚੁੱਕੀ ਹੈ। ਉਸ ਦੀ ਹਵਾਈ ਟਿਕਟ ਫਰਜ਼ੀ ਸੀ, ਜਿਸ ਵੈੱਬਸਾਈਟ 'ਤੇ ਉਸ ਨੇ ਟਿਕਟ ਬੁਕ ਕਰਵਾਈ ਸੀ, ਉਹ ਠੱਗਾਂ ਦੀ ਸੀ।

### ਲਿੰਕ ਕਲਿੱਕ ਕਰਦੇ ਹੀ ਕ੍ਰੈਡਿਟ ਕਾਰਡ ਤੋਂ 40 ਹਜ਼ਾਰ ਦੀ ਹੋਈ ਸ਼ਾਪਿੰਗ

ਇਸਲਾਮਗੰਜ ਦੇ ਰਹਿਣ ਵਾਲੇ ਬਿੰਨੀ ਨਿਰਵਾਨ ਨੇ ਦੱਸਿਆ ਕਿ ਉਸ ਕੋਲ ਇਕ ਬੈਂਕ ਦਾ ਕ੍ਰੈਡਿਟ ਕਾਰਡ ਹੈ। ਕੁਝ ਦਿਨ ਪਹਿਲਾਂ ਉਸ ਨੂੰ ਇਕ ਕਾਲ ਆਈ ਸੀ। ਕਾਲ ਕਰਨ ਵਾਲਾ ਖ਼ੁਦ ਨੂੰ ਬੈਂਕ ਦਾ ਮੁਲਾਜ਼ਮ ਦੱਸ ਰਿਹਾ ਸੀ ਅਤੇ ਕਹਿ ਰਿਹਾ ਸੀ ਕਿ ਉਸ ਦਾ ਬਿੱਲ ਅਜੇ ਬਾਕੀ ਹੈ। ਜਦੋਂ ਉਸ ਨੇ ਮਨ੍ਹਾ ਕੀਤਾ ਤਾਂ ਨੌਜਵਾਨ ਨੇ ਉਸ ਨੂੰ ਇਕ ਲਿੰਕ ਭੇਜ ਕੇ ਸਟੇਟਮੈਂਟ ਦੇਖਣ ਲਈ ਕਿਹਾ। ਜਿਉਂ ਹੀ ਉਸ ਨੇ ਲਿੰਕ ਕਲਿੱਕ ਕੀਤਾ ਤਾਂ ਉਸ ਦੇ ਕ੍ਰੈਡਿਟ ਕਾਰਡ ਤੋਂ ਵੱਖ-ਵੱਖ ਐਂਟਰੀਆਂ ਜ਼ਰੀਏ ਗੁੜਗਾਉਂ ਅਤੇ ਨੋਇਡਾ 'ਚ ਆਨਲਾਈਨ ਸ਼ਾਪਿੰਗ ਹੋ ਗਈ। ਕਰੀਬ 50,000 ਰੁਪਏ ਦੀ ਸ਼ਾਪਿੰਗ ਕੀਤੀ ਗਈ ਪਰ ਉਸ ਨੂੰ ਇਸ ਠੱਗੀ ਦਾ ਕੁਝ ਦਿਨਾਂ ਬਾਅਦ ਜਾ ਕੇ ਪਤਾ ਲੱਗਾ। ਜਦੋਂ ਉਹ ਬੈਂਕ ਗਿਆ। ਇਸ ਤੋਂ ਬਾਅਦ ਉਸ ਨੇ ਸਾਈਬਰ ਥਾਣੇ ਵਿਚ ਜਾ ਕੇ ਸ਼ਿਕਾਇਤ ਦਰਜ ਕਰਵਾਈ।

### ਇਸ ਤਰ੍ਹਾਂ ਠੱਗੀ ਤੋਂ ਬਚਿਆ ਜਾ ਸਕਦੈ

ਸਾਈਬਰ ਠੱਗੀ ਤੋਂ ਬਚਣ ਲਈ ਸਿਰਫ ਜਾਗਰੂਕਤਾ ਜ਼ਰੂਰੀ ਹੈ। ਪੁਲਸ ਸਮੇਂ-ਸਮੇਂ 'ਤੇ ਲੋਕਾਂ ਨੂੰ ਜਾਗਰੂਕ ਕਰਦੀ ਰਹਿੰਦੀ ਹੈ। ਗੂਗਲ 'ਤੇ ਠੱਗਾਂ ਦਾ ਜਾਲ ਵਿਛਿਆ ਹੋਇਆ ਹੈ। ਇਸ ਲਈ ਗੂਗਲ 'ਤੇ ਸਰਚ ਕਰਨ ਦੀ ਬਜਾਏ ਕੰਪਨੀ ਜਾਂ ਸੰਸਥਾ ਦੀ ਵੈੱਬਸਾਈਟ 'ਤੇ ਜਾ ਕੇ ਹੀ ਫੋਨ ਨੰਬਰ ਪ੍ਰਾਪਤ ਕਰ ਕੇ ਗੱਲਬਾਤ ਕਰੋ। ਇਸ ਤੋਂ ਇਲਾਵਾ ਜੇਕਰ ਕੋਈ ਵੀ ਵਿਅਕਤੀ ਤੁਹਾਨੂੰ ਫੋਨ ਰਾਹੀਂ ਤੁਹਾਡੇ ਫਾਇਦੇ ਦੀ ਗੱਲ ਕਰਦਾ ਹੈ ਤਾਂ ਇਸ ਤਰ੍ਹਾਂ ਦੇ ਵਿਅਕਤੀ ਤੋਂ ਸਾਵਧਾਨ ਹੋ ਕੇ ਗੱਲ ਕਰੋ ਅਤੇ ਕਿਸੇ ਵੀ ਤਰ੍ਹਾਂ ਦੀ ਨਿੱਜੀ ਜਾਣਕਾਰੀ ਜਾਂ ਦਸਤਾਵੇਜ਼ ਆਦਿ ਉਸ ਦੇ ਨਾਲ ਸਾਂਝਾ ਨਾ ਕਰੋ। ਇਸ ਤੋਂ ਇਲਾਵਾ ਆਨਲਾਈਨ ਐਪ (ਗੂਗਲ-ਪੇ, ਫੋਨ-ਪੇ, ਪੇ. ਟੀ. ਐੱਮ.) ਆਦਿ ਦੀ ਵਰਤੋਂ ਕਰਦੇ ਸਮੇਂ ਸਾਵਧਾਨੀ ਵਰਤੋਂ, ਕਿਉਂਕਿ ਪੈਸੇ ਦਾ ਲੈਣ-ਦੇਣ ਕਰਦੇ ਸਮੇਂ ਧੋਖਾਦੇਹੀ ਹੋ ਸਕਦੀ ਹੈ। ਸਾਈਬਰ ਠੱਗ ਤੁਹਾਨੂੰ ਫੋਨ ਕਰ ਕੇ ਕਹਿੰਦੇ ਹਨ ਕਿ ਉਸ ਨੇ ਤੁਹਾਨੂੰ ਗੂਗਲ-ਪੇ ਜਾਂ ਫੋਨ-ਪੇ 'ਤੇ ਪੈਸਾ ਟ੍ਰਾਂਸਫਰ ਕਰ ਦਿੱਤਾ ਹੈ। ਜਦੋਂ ਤੁਸੀਂ ਐਪ ਨੂੰ ਓਪਨ ਕਰ ਕੇ ਦੇਖਦੇ ਹੋ ਤਾਂ ਉਸ 'ਚ ਪੈਸੇ ਐਕਸੈਪਟ ਨਾਲ ਸਬੰਧਤ ਲਿੰਕ ਹੁੰਦਾ ਹੈ, ਜਿਸ 'ਤੇ ਤੁਸੀਂ ਕਲਿੱਕ ਕਰ ਕੇ ਆਪਣਾ ਪਿਨ ਪਾਉਂਦੇ ਹੋ ਤਾਂ ਤੁਹਾਡੇ ਖਾਤੇ 'ਚੋਂ ਪੈਸੇ ਕੱਟ ਜਾਂਦੇ ਹਨ। ਇਸ ਤਰ੍ਹਾਂ ਦੇ ਕਿਸੇ ਵੀ ਲਿੰਕ 'ਤੇ ਕਲਿੱਕ ਨਾ ਕਰੋ, ਨਾ ਹੀ ਕਿਸੇ ਵਿਅਕਤੀ ਵੱਲੋਂ ਕਹਿਣ 'ਤੇ ਕਿਸੇ ਵੀ ਤਰ੍ਹਾਂ ਦੀ ਰਿਮੋਟਲੀ ਐਪ (ਐਨੀ ਡੈਸਕ, ਟੀਮ ਵਿਊਅਰ) ਨਾ ਇੰਸਟਾਲ ਕਰੋ। ਮਸਲਾ ਸਿਰਫ਼ ਇਹ ਨਹੀਂ ਕਿ ਸਾਈਬਰ ਠੱਗੀ ਖ਼ਿਲਾਫ਼ ਲੋੜੀਂਦੇ ਨਿਯਮ-ਕਾਨੂੰਨ ਨਹੀਂ ਹਨ। ਸਮੱਸਿਆ ਇਹ ਵੀ ਹੈ ਕਿ ਪੁਲਿਸ ਤੇ ਹੋਰ ਏਜੰਸੀਆਂ ਸਾਈਬਰ ਠੱਗਾਂ ਦੀ ਹਿਮਾਕਤ ਦਾ ਦਮਨ ਕਰਨ ਵਿਚ ਨਾਕਾਮ ਹਨ। ਕਈ ਵਾਰ ਤਾਂ ਉਹ ਠੱਗਾਂ ਦਾ ਪਤਾ ਵੀ ਨਹੀਂ ਲਗਾ ਪਾਉਂਦੀਆਂ। ਇਸ ਕਾਰਨ ਠੱਗੀ ਦੇ ਸ਼ਿਕਾਰ ਬਹੁਤ ਸਾਰੇ ਲੋਕਾਂ ਦਾ ਪੈਸਾ ਉਨ੍ਹਾਂ ਨੂੰ ਵਾਪਸ ਨਹੀਂ ਮਿਲਦਾ। ਸਾਈਬਰ ਠੱਗੀ 'ਤੇ ਇਸ ਲਈ ਵੀ ਕਾਬੂ ਨਹੀਂ ਪੈ ਰਿਹਾ ਕਿਉਂਕਿ ਇਹ ਠੱਗ ਫ਼ਰਜ਼ੀ ਨਾਂ 'ਤੇ ਸਿਮ ਲੈਣ ਵਿਚ ਸਫਲ ਰਹਿੰਦੇ ਹਨ। ਸਮਝਣਾ ਮੁਸ਼ਕਲ ਹੈ ਕਿ ਅਜਿਹਾ ਪ੍ਰਬੰਧ ਕਿਉਂ ਨਹੀਂ ਕੀਤਾ ਜਾ ਰਿਹਾ ਜਿਸ ਸਦਕਾ ਕੋਈ ਫ਼ਰਜ਼ੀ ਨਾਂ 'ਤੇ ਸਿਮ ਲੈ ਹੀ ਨਾ ਸਕੇ। ਯਕੀਨੀ ਤੌਰ 'ਤੇ ਇਹ ਵੀ ਚਿੰਤਾ ਦਾ ਵਿਸ਼ਾ ਹੈ ਕਿ ਪਾਕਿਸਤਾਨੀ ਨੰਬਰਾਂ ਤੋਂ ਵ੍ਹਟਸਐਪ ਕਾਲ ਕਰ ਕੇ ਲੋਕਾਂ ਨੂੰ ਠੱਗਿਆ ਜਾ ਰਿਹਾ ਹੈ। ਇਸਤਰ੍ਹਾਂ ਭਾਰਤ ਵਿਚ ਸਾਈਬਰ ਠੱਗ ਬੇਲਗਾਮ ਹੁੰਦੇ ਜਾ ਰਹੇ ਹਨ।

# ਐਨ.ਡੀ.ਪੀ. ਨੇ ਸਰੀ ਵਿੱਚ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਕੀਤੇ ਵੱਡੇ ਵਾਅਦੇ




ਸਰੀ (ਸਿਮਰਨਜੀਤ ਸਿੰਘ): ਬੀਤੀ ਦਿਨੀ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਨੇ ਸਾਊਥ ਏਸ਼ੀਅਨ ਭਾਈਚਾਰੇ ਦੇ ਪੱਤਰਕਾਰਾਂ ਨੂੰ ਸੰਬੋਧਨ ਕੀਤਾ। ਸਰੀ ਵਿੱਚ ਐਨ.ਡੀ.ਪੀ. ਦੇ ਉਮੀਦਵਾਰ ਹਰੂਨ ਗਫਾਰ ਅਤੇ ਜਿੰਨੀ ਸਿਮਸ ਦੇ ਦਫ਼ਤਰ 'ਚ ਹੋਏ ਇਸ ਮੀਟਿੰਗ ਦੌਰਾਨ ਈਬੀ ਨੇ ਸਿਹਤ ਸੇਵਾਵਾਂ ਵਿੱਚ ਵੱਡੇ ਪੱਧਰ 'ਤੇ ਤਬਦੀਲੀਆਂ ਲਿਆਉਣ ਦੇ ਵਾਅਦੇ ਕੀਤੇ।

ਉਹਨਾਂ ਕਿਹਾ ਕਿ ਜੇ ਐਨਡੀਪੀ ਸਰਕਾਰ ਬਣਦੀ ਹੈ, ਤਾਂ ਸਿਹਤ ਸੇਵਾਵਾਂ ਨੂੰ ਮਜਬੂਤ ਕਰਨ ਲਈ ਕਈ ਢਾਂਚੇ ਵਿੱਚ ਸੁਧਾਰ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਉਹ ਕਾਲਜ ਆਫ਼ ਫ਼ਿਜ਼ੀਸ਼ਨਜ਼ ਨਾਲ ਮਿਲ ਕੇ ਬਾਹਰੋਂ ਆਏ ਮੈਡੀਕਲ ਡਾਕਟਰਾਂ ਲਈ ਆਸਾਨੀ ਨਾਲ ਬੀ.ਸੀ. ਵਾਸੀਆਂ ਲਈ ਕੈਨੇਡਾ ਦੇ ਅਨੁਸਾਰ ਕੰਮ ਕਰ ਸਕਣ। ਪ੍ਰੀਮੀਅਰ ਡੇਵਿਡ ਈਬੀ ਨੇ ਕਿਹਾ ਕਿ ਐਨ.ਡੀ.ਪੀ. ਸਰੀ ਵਿੱਚ ਇੱਕ ਨਵਾਂ ਮੈਡੀਕਲ ਸਕੂਲ ਖੋਲ੍ਹਣ ਜਾ ਰਹੀ ਹੈ ਜੋ ਸਿਹਤ ਸੇਵਾਵਾਂ ਦੇ ਵਾਧੇ ਲਈ ਕਾਫ਼ੀ ਮਹੱਤਵਪੂਰਨ ਸਾਬਤ ਹੋਵੇਗਾ। ਉਨ੍ਹਾਂ ਦੱਸਿਆ ਕਿ ਸਰੀ ਦੇ ਹਸਪਤਾਲ ਦੀ ਦੂਜਾ ਹਸਪਤਾਲ 2027 ਤੱਕ ਕਲੋਵਰਡੇਲ ਵਿੱਚ ਖੁੱਲਣ ਦੀ ਸੰਭਾਵਨਾ ਹੈ, ਜਿਸ ਨਾਲ ਸਰੀ ਵਾਸੀਆਂ ਨੂੰ ਬਿਹਤਰ ਸਿਹਤ ਸੇਵਾਵਾਂ ਉਪਲਬਧ ਹੋ ਸਕਣਗੀਆਂ। ਇਸ ਮੌਕੇ ਉਨ੍ਹਾਂ ਨੇ ਇਲਾਮੋਫੋਬੀਆ ਅਤੇ ਵੈਨਕੂਵਰ 'ਚ ਫਿਲਸਤਨੀ ਪੱਖੀ ਹੋਏ ਮੁਜ਼ਾਹਰਿਆਂ ਦੌਰਾਨ ਸਾੜੇ ਗਏ ਕੈਨੇਡਾ ਦੇ ਝੰਡੇ ਸਬੰਧੀ ਵੀ ਸਵਾਲਾਂ ਦੇ ਜਵਾਬ ਦਿੱਤੇ। ਇਸ ਸਮਾਗਮ ਦੌਰਾਨ, ਸਰੀ ਵਿੱਚ ਖੜ੍ਹੇ ਹੋਏ ਐਨਡੀਪੀ ਦੇ ਸਭ ਉਮੀਦਵਾਰ, ਜਿਵੇਂ ਕਿ ਹਰੂਨ ਗਫਾਰ (ਸਾਊਥ ਸਰੀ), ਜਗਰੂਪ ਬਰਾੜ, ਜਿੰਨੀ ਸਿਮਸ, ਮੰਤਰੀ ਰਚਨ ਸਿੰਘ, ਰਾਜ ਚੌਹਾਨ, ਮੰਤਰੀ ਰਵੀ ਕਾਹਲੋ, ਬਲਤੇਜ ਸਿੰਘ ਢਿੱਲੋ, ਅਤੇ ਅਮਾਨਾ ਸ਼ਾਹ, ਜੈਸੂ ਸੁੰਨੜ, ਮਾਇਕ ਸਤਾਰਚੱਕ ਵੀ ਮੌਜੂਦ ਸਨ। ਪ੍ਰੀਮੀਅਰ ਡੇਵਿਡ ਈਬੀ ਨੇ ਬੱਚਿਆਂ ਦੀ ਸਿਹਤ, ਸਾਮਾਜਿਕ ਸੇਵਾਵਾਂ, ਅਤੇ ਸਥਾਨਕ ਹਸਪਤਾਲਾਂ ਦੇ ਵਿਕਾਸ ਬਾਰੇ ਵੀ ਕੁਝ ਸਵਾਲਾਂ ਦੇ ਜਵਾਬ ਦਿੱਤੇ। This report was written by Simranjeet Singh as part of the Local Journalism Initiative.

# ਬੀ.ਸੀ. ਚੋਣਾਂ ਤੋਂ ਪਹਿਲਾਂ ਓਵਰਡੋਜ਼ ਨਸ਼ਿਆਂ ਦੇ ਮੁੱਦੇ ਪਾਰਟੀਆਂ ਦੇ ਪੇਸ਼ ਕੀਤੀਆਂ ਆਪਣੀਆਂ ਨੀਤੀਆਂ

ਸਰੀ, (ਸਿਮਰਨਜੀਤ ਸਿੰਘ): 19 ਅਕਤੂਬਰ ਨੂੰ ਹੋਣ ਵਾਲੀਆਂ ਬੀ.ਸੀ. ਚੋਣਾਂ ਲਈ ਗਿਣਤੀ ਦੇ ਦਿਨ ਬਾਕੀ ਹਨ ਅਤੇ ਵੱਖ ਵੱਖ ਪਾਰਟੀਆਂ ਵਲੋਂ ਵੋਟਰਾਂ ਨੂੰ ਲੁਭਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਰ ਪਾਰਟੀ ਵਲੋਂ ਆਪਣੀਆਂ ਨਵੀਆਂ ਨਵੀਆਂ ਨੀਤੀਆਂ ਦਾ ਐਲਾਨ ਕੀਤਾ ਜਾ ਰਿਹਾ ਹੈ। ਇਸ ਦੇ ਚਲਦੇ ਇਸ ਸਮੇਂ ਲੋਅਰਮੇਨ ਲੈਂਡ 'ਚ ਸਭ ਤੋਂ ਸਰਗਰਮ ਮੁੱਦਾ ਹੈ ਨਸ਼ਿਆਂ ਦੀ ਓਵਰਡੋਜ਼ ਨਾਲ ਹੋ ਰਹੀਆਂ ਮੌਤਾਂ ਦਾ। ਬੀ.ਸੀ. ਸੂਬੇ 'ਚ ਚੋਣ ਲੜ੍ਹ ਰਹੀਆਂ ਤਿੰਨ ਮੁੱਖ ਸਿਆਸੀ ਪਾਰਟੀਆਂ—ਬੀ.ਸੀ. ਨਿਊ ਡੈਮੋਕ੍ਰੈਟਿਕ ਪਾਰਟੀ, ਬੀ.ਸੀ. ਕੰਜ਼ਰਵੇਟਿਵ ਪਾਰਟੀ ਅਤੇ ਬੀ.ਸੀ. ਗ੍ਰੀਨ ਪਾਰਟੀ ਦੇ ਪ੍ਰਤੀਨਿਧੀਆਂ ਨੇ ਇਸ ਮੁੱਦੇ ਨੂੰ ਲੈ ਕੇ ਸਰਗਰਮੀ ਨਾਲ ਆਪਣੀਆਂ ਨੀਤੀਆਂ ਐਲਾਨੀਆਂ ਹਨ ਪਰ ਹੁਣ ਵੇਖਣਾ ਹੋਵੇਗਾ ਕਿ ਲੋਕ ਕਿਸ ਪਾਰਟੀ ਨਾਲ ਆਪਣੀ ਸਹਿਮਤੀ ਪ੍ਰਗਟਾਉਂਦੇ ਹਨ।

ਜ਼ਿਕਰਯੋਗ ਹੈ ਕਿ ਬ੍ਰਿਟਿਸ਼ ਕੋਲੰਬੀਆ ਵਿੱਚ 10 ਤੋਂ 59 ਸਾਲ ਦੀ ਉਮਰ ਦੇ ਲੋਕਾਂ ਦੀ ਗਿਣਤੀ ਨਸ਼ੇ ਦੀ ਵਰਤੋਂ ਕਰਨ ਅਤੇ ਇਸ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ 'ਚ ਆਉਣ ਲੱਗੀ ਹੈ। ਸੂਬੇ ਵਿੱਚ 2023 ਵਿੱਚ 2,511 ਤੋਂ ਵੱਧ ਲੋਕਾਂ ਦੀ ਮੌਤ ਨਸ਼ਿਆਂ ਦੀ ਓਵਰਡੋਜ਼ ਨਾਲ ਹੋਈ ਜਿਸ ਵਿੱਚ ਮੁੱਖ ਤੌਰ 'ਤੇ ਸਭ ਤੋਂ ਖਤਰਨਾਕ ਫੈਂਟੇਨਲ ਪਰਦਾਥ ਮੁੱਖ ਕਰਨ ਮੰਨਿਆ ਗਿਆ।

ਸਰੀ ਵਿੱਚ ਸਿਰਫ 2024 ਦੇ ਪਹਿਲੇ ਸੱਤ ਮਹੀਨਿਆਂ ਵਿੱਚ 130 ਤੋਂ ਵੱਧ ਲੋਕਾਂ ਦੀ ਮੌਤ ਹੋ ਚੁਕੀ ਹੈ, ਜੋ ਸੂਬੇ ਵਿੱਚ ਵੈਨਕੂਵਰ ਤੋਂ ਬਾਅਦ ਦੂਜੇ ਸਥਾਨ 'ਤੇ ਹੈ। ਇਸੇ ਦੇ ਚਲਦੇ ਸਾਰੀਆਂ ਮੁੱਖ ਪਾਰਟੀਆਂ ਨੇ ਸਹਿਮਤੀ ਜਤਾਈ ਕਿ ਇਹ ਇੱਕ ਗੰਭੀਰ ਸਮੱਸਿਆ ਹੈ ਜੋ ਲਗਾਤਾਰ ਵੱਧ ਰਹੀ ਹੈ।




ਇੰਟਰਨੈਸ਼ਨਲ ਓਵਰਡੋਜ਼ ਅਵੇਅਰਨੈੱਸ ਡੇਅ ਮੌਕੇ ਨਸ਼ਿਆਂ ਦੀ ਓਵਰਡੋਜ਼ ਨਾਲ ਮਰਨ ਵਾਲੇ ਲੋਕਾਂ ਨੂੰ ਹੌਲੈਂਡ ਪਾਰਕ ਸਰੀ ਵਿਖੇ ਲੋਕਾਂ ਵਲੋਂ ਭੇਂਟ ਕੀਤੀਆਂ ਗਈਆਂ ਸ਼ਰਧਾਂਜ਼ਲੀਆਂ ਦਾ ਦ੍ਰਿਸ਼।

ਸਰੀ-ਸਰਪੈਂਟੀਨ ਰਿਵਰ ਤੋਂ ਐਨ.ਡੀ.ਪੀ. ਦੇ ਉਮੀਦਵਾਰ, ਬਲਤੇਜ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਡਰੱਗ ਸੰਕਟ ਕ੍ਰਿਮਿਨਲ ਸਮੱਸਿਆ ਨਹੀਂ ਹੈ, ਸਗੋਂ ਇਹ ਸਿਹਤ ਦਾ ਮਸਲਾ ਹੈ। ਐਨ.ਡੀ.ਪੀ. ਨੇ 650 ਇਲਾਜ ਬੈੱਡਾਂ ਦਾ ਪ੍ਰਬੰਧ ਕੀਤਾ ਹੈ ਅਤੇ ਹੋਰ ਇਲਾਜ ਕੇਂਦਰ ਖੋਲ੍ਹੇ ਜਾਣਗੇ, ਜਿੱਥੇ ਲੋਕਾਂ ਨੂੰ ਸੁਰੱਖਿਅਤ ਡਰੱਗ ਮਿਲ ਸਕਦੀ ਹੈ।

ਢਿੱਲੋਂ ਨੇ ਇਸ ਗੱਲ ਦੀ ਵਿਰੋਧਤਾ ਕੀਤੀ ਕਿ ਸੁਰੱਖਿਅਤ ਖਪਤ ਸਥਾਨਾਂ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ, "ਸਾਨੂੰ ਇਲਾਜ ਲਈ ਲੋਕਾਂ ਨੂੰ ਕੇਂਦਰਾਂ ਵਿੱਚ ਲਿਜਾਣਾ ਹੈ ਅਤੇ ਉਹਨਾਂ ਦੀ ਮਦਦ ਕਰਨੀ ਹੈ ਤਾਂ ਜੋ ਉਹ ਬਚ ਸਕਣ ਅਤੇ ਠੀਕ ਹੋ ਸਕਣ।"

ਗ੍ਰੀਨ ਪਾਰਟੀ ਨੇ ਇੱਕ ਸਬੂਤ-ਆਧਾਰਿਤ ਯੋਜਨਾ ਪੇਸ਼ ਕੀਤੀ ਹੈ ਜੋ ਸੁਰੱਖਿਅਤ ਡਰੱਗ ਸਪਲਾਈ ਪ੍ਰੋਗਰਾਮਾਂ ਨੂੰ ਵਧਾਉਣ ਅਤੇ ਸੁਰੱਖਿਅਤ ਵਿਕਲਪਾਂ ਲਈ ਪਹੁੰਚ ਲਈ ਨਵੇਂ ਮਾਡਲਾਂ 'ਤੇ ਕੇਂਦ੍ਰਿਤ ਹੈ। ਗ੍ਰੀਨ ਪਾਰਟੀ ਦੀ ਆਗੂ ਸੋਨਿਆ ਫਰਸਟਿਨਾਓ ਦਾ ਕਹਿਣਾ ਹੈ ਕਿ ਸਰਕਾਰ ਨੂੰ ਲੋਕਾਂ ਦੀਆਂ ਜਾਨਾਂ ਬਚਾਉਣ 'ਤੇ ਧਿਆਨ ਦੇਣਾ ਚਾਹੀਦਾ ਹੈ, ਨਾਂਕਿ ਨਸ਼ਾ ਕਰਨ ਵਾਲਿਆਂ ਨੂੰ ਅਪਮਾਨਤ ਕਰਨ 'ਤੇ ।

ਉਧਰ ਸਰੀ-ਕਲੋਵਰਡੇਲ ਤੋਂ ਬੀ.ਸੀ. ਕੰਜ਼ਰਵੇਟਿਵ ਪਾਰਟੀ ਉਮੀਦਵਾਰ, ਐਲਿਨੋਰ ਸਟੁਰਕੋ ਨੇ ਕਿਹਾ ਕਿ ਇਹ ਸਿਹਤ ਦੀ ਸਮੱਸਿਆ ਕਾਫੀ ਵਡੀ ਬਣ ਰਹੀ ਹੈ, ਪਰ ਉਹ ਨਸ਼ੇ ਦੀ ਵਰਤੋਂ ਲਈ ਕ੍ਰਿਮਿਨਲ ਨਿਆਂ ਪ੍ਰਣਾਲੀ ਵਿੱਚ ਕੁਝ ਬਦਲਾਅ ਲਿਆਉਣਗੇ। ਉਨ੍ਹਾਂ ਇਹ ਵੀ ਕਿਹਾ ਕਿ ਸੁਰੱਖਿਅਤ ਡਰੱਗ ਸਪਲਾਈ ਦੀ ਕੋਈ ਗੱਲ ਨਹੀਂ ਹੈ, ਕਿਉਂਕਿ ਹਰੇਕ ਡਰੱਗ ਖ਼ਤਰਨਾਕ ਹੋ ਸਕਦਾ ਹੈ।

ਸਟੁਰਕੋ ਨੇ ਸਿੱਖਿਆ ਦੀ ਘਾਟ ਬਾਰੇ ਵੀ ਚਿੰਤਾ ਜਤਾਈ, ਕਿਉਂਕਿ ਬਹੁਤ ਘੱਟ ਲੋਕਾਂ ਨੂੰ ਸਚਾਈ ਬਾਰੇ ਜਾਣਕਾਰੀ ਮਿਲਦੀ ਹੈ। ਉਹ ਇਸ ਮੰਨਦੇ ਹਨ ਕਿ ਲੋਕਾਂ ਨੂੰ ਨਸ਼ਿਆਂ ਦੀ ਵਰਤੋਂ ਦੇ ਖ਼ਤਰੇ ਬਾਰੇ ਸੂਚਿਤ ਕਰਨਾ ਜ਼ਰੂਰੀ ਹੈ।

ਢਿੱਲੋਂ ਨੇ ਕਿਹਾ ਕਿ ਐਨ.ਡੀ.ਪੀ. ਲੋਕਾਂ ਨੂੰ ਮਦਦ ਦੇਣ ਦੇ ਰਾਹ 'ਤੇ ਤਿਆਰ ਹੈ, ਪਰ ਉਸੇ ਨਾਲ ਅਪਾਧਿਕ ਗਿਰੋਹਾਂ ਵਿਰੁੱਧ ਵੀ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। This report was written by Simranjit Singh as part of the Local Journalism Initiative.

# ਵੈਨਕੂਵਰ ਵਿਚ ਫਿਲਿਸਤੀਨੀ ਸਮਰਥਕਾਂ ਵਲੋਂ ਕੀਤੇ ਪ੍ਰਦਰਸ਼ਨ ਸਬੰਧੀ ਪੁਲਿਸ ਵੱਲੋਂ ਜਾਂਚ ਸ਼ੁਰੂ

ਵੈਨਕੂਵਰ: ਵੈਨਕੂਵਰ ਪੁਲਿਸ ਨੇ ਐਲਾਨ ਕੀਤਾ ਹੈ ਕਿ ਉਹ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਮਾਸ ਦੇ ਹਮਲੇ ਦੀ ਬਰਸੀ ਮੌਕੇ ਫਿਲਿਸਤੀਨੀ ਸਮਰਥਕ ਪ੍ਰਦਰਸ਼ਨ ਦੀ ਜਾਂਚ ਕਰ ਰਹੀ ਹੈ। ਇਸ ਰੈਲੀ ਦੌਰਾਨ, ਕੁਝ ਵਿਅਕਤੀਆਂ ਵੱਲੋਂ ਆਤੰਕੀ ਸਮੂਹਾਂ ਨਾਲ ਹਮਦਰਦੀ ਜਤਾਉਂਦੇ ਬਿਆਨ ਦਿੱਤੇ ਗਏ ਸਨ। ਪ੍ਰਦਰਸ਼ਨ ਵੈਨਕੂਵਰ ਆਰਟ ਗੈਲਰੀ ਵਿਖੇ ਹੋਇਆ ਜਾਣਕਾਰੀ ਅਨੁਸਾਰ ਇਸ ਦਾ ਆਯੋਜਨ ਸਮਿਦੂਨ ਸਮੂਹ ਨੇ ਕੀਤਾ ਸੀ।

ਪ੍ਰਦਰਸ਼ਨ ਦੌਰਾਨ ਇੱਕ ਨਕਾਬਪੋਸ਼ ਵਿਅਕਤੀ ਨੇ ਹਮਾਸ ਅਤੇ ਹਿਜਬੁੱਲਾ ਦਾ ਸਮਰਥਨ ਕੀਤਾ ਅਤੇ ਭੀੜ ਵਿਚੋਂ 'ਕੈਨੇਡਾ, ਅਮਰੀਕਾ ਅਤੇ ਇਜ਼ਰਾਈਲ ਮੁਰਦਾਬਾਦ' ਦੇ ਨਾਅਰੇ ਲਗਵਾਏ। ਜ਼ਿਕਰਯੋਗ ਹੈ ਕਿ ਹਮਾਸ ਅਤੇ ਹਿਜਬੁੱਲਾ ਨੂੰ ਕੈਨੇਡਾ ਸਰਕਾਰ ਵੱਲੋਂ ਆਤੰਕੀ ਸੰਸਥਾਵਾਂ ਵਜੋਂ ਸੂਚੀਬੱਧ ਕੀਤਾ ਗਿਆ ਹੈ।

ਵੈਨਕੂਵਰ ਪੁਲਿਸ ਨੇ ਮੰਗਲਵਾਰ ਨੂੰ ਜਾਰੀ ਇਕ ਬਿਆਨ ਵਿੱਚ ਕਿਹਾ ਕਿ ਉਹ ਇਸ ਗੱਲ ਦੀ ਜਾਂਚ ਕਰ



ਰਹੀ ਹੈ ਕਿ ਕੀ ਪ੍ਰਦਰਸ਼ਨ ਦੌਰਾਨ ਕੀਤੇ ਗਏ ਕੰਮ ਅਪਰਾਧਿਕ ਹਨ। ਪੁਲਿਸ ਨੇ ਕਿਹਾ ਕਿ ਸਮੁਦਾਇ ਦੇ ਕਈ ਮੈਂਬਰਾਂ ਨੇ ਇਸ ਪ੍ਰਦਰਸ਼ਨ ਤੋਂ ਸਖਤ ਨਾਰਾਜ਼ਗੀ ਜਤਾਈ ਹੈ। ਇਸ ਇਵੈਂਟ 'ਤੇ ਸਿਆਸੀ ਆਗੂਆਂ ਵੱਲੋਂ ਵੀ ਨਿੰਦਾ ਹੋਈ ਹੈ, ਜਿੱਥੇ ਕੈਨੇਡਾ ਦੇ ਝੰਡੇ ਵੀ ਸਾੜੇ ਗਏ ਸਨ। ਪੁਲਿਸ ਨੇ ਕਿਹਾ ਕਿ ਕੈਨੇਡਾ ਦਾ ਚਾਰਟਰ ਹਰ ਕਿਸੇ ਨੂੰ "ਹਰ ਵਿਅਕਤੀ ਦੀ ਮੁੱਢਲੀ ਆਜ਼ਾਦੀ" ਦੇਣ ਦੀ ਗਰੰਟੀ ਦਿੰਦਾ ਹੈ, ਪਰ ਪ੍ਰਦਰਸ਼ਨਕਾਰੀਆਂ ਦੀਆਂ ਕਾਰਵਾਈਆਂ ਸਮੁਦਾਇ ਦੇ ਕਈ ਮੈਂਬਰਾਂ ਨੂੰ "ਅਸਹਿਣਸ਼ੀਲ, ਅਤੇ ਅਸੁਰੱਖਿਅਤ" ਮਹਿਸੂਸ ਹੋਈਆਂ। ਪੁਲਿਸ ਨੇ ਵੱਡੀ ਭੀੜ ਵਾਲੇ ਸਥਾਨਾਂ 'ਚ ਜਾਇਦਾਦ ਦੇ ਨੁਕਸਾਨ ਜਾਂ ਲੋਕਾਂ ਦੀ ਸੁਰੱਖਿਆ ਲਈ ਖਤਰਾ ਦੱਸਿਆ।

ਪੁਲਿਸ ਨੇ ਇਹ ਵੀ ਸਪੱਸ਼ਟ ਕੀਤਾ ਕਿ ਜੇ ਕੋਈ ਵਿਅਕਤੀ ਕਾਨੂੰਨ ਦਾ ਉਲੰਘਣ ਕਰਦਾ ਹੈ, ਤਾਂ ਉਸ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ ਅਤੇ ਉਤੇ ਦੋਸ਼ ਲਗਾਏ ਜਾ ਸਕਦੇ ਹਨ।


Happy Dussehra
Sabzi Mandi Supermarket
Serving our Community since 2003
Happy Thanksgiving
All Karva Chauth items in store now!
HOT PRICE
SIZE 9 JUMBO CAULIFLOWER
ਗੋਭੀ
2.88 ea
HOT PRICE
#1 YELLOW ONIONS
#1 ਪੀਲੇ ਗੰਢੇ
50lb
13.99 ea
HOT PRICE
FRESH CILANTRO
ਧਨੀਆਂ
Bunch
2 for 99¢
HOT PRICE
FRESH TOMATOES
ਟਮਾਟਰ
99¢ /lb
AMBAY BESAN
ਅੰਬੇ ਬੇਸਣ
4lb
3.99 ea
UNBEATABLE DEAL
HEER WHOLE WHEAT ATTA
ਹੀਰ ਹੋਲ ਵ੍ਹੀਟ ਆਟਾ
20lb
11.99 ea
EXTRA FANCY RED ONIONS
ਲਾਲ ਗੰਢੇ
25lb
HOT PRICE
19.99 ea
PUNJABI BY NATURE SOYA CHAAP
ਪੰਜਾਬੀ ਬਾਈ ਨੇਚਰ ਸੋਯਾ ਚਾਪ
850g
3.99 ea
FRESH ZUCCHINI
ਤੋਰੀ
79¢ /lb
AASHIRVAAD ATTA
ਆਸ਼ਿਰਵਾਦ ਆਟਾ
20lb
14.99 ea
PUNJABI BY NATURE MUSTARD OIL
ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ
1L
6.99 ea
MERI CHAI TEA
ਮੇਰੀ ਚਾਹ
216's
5.99 ea
ROSHNI BASMATI RICE
ਰੋਸ਼ਨੀ ਬਾਸਮਤੀ ਚਾਵਲ
8lb
8.99 ea
BC GALA APPLES
ਬੀ ਸੀ ਗੈਲਾ ਸੇਬ
99¢ /lb
HAPPY DAIRY PANEER
ਹੈਪੀ ਡੈਰੀ ਪਨੀਰ
300g
4.49 ea
VERKA DESI GHEE
ਵੇਰਕਾ ਦੇਸੀ ਘਿਉ
3kg
41.99 ea
ALOKOZAY CANOLA OIL
ਐਲੋਕੋਜ਼ੇ ਕਨੋਲਾ ਤੇਲ
3L
11.99 ea
TATA AGNI TEA
ਟਾਟਾ ਅਗਨੀ ਚਾਹ
1kg
9.99 ea
BC GREEN CABBAGE
ਪੱਤ ਗੋਭੀ
69¢ /lb
ALMOND OIL
ਬਦਾਮ ਤੇਲ
1L
12.99 ea
JUMBO CARROTS
ਗਾਜਰਾਂ
88¢ /lb
FRESH OPO
ਲੌਕੀ
1.49 /lb
US #1 POTATOES
ਆਲੂ
10lb
3.99 ea
GREEN PEPPERS
ਹਰੀਆਂ ਸ਼ਿਮਲਾ ਮਿਰਚਾਂ
1.29 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. October 11, 2024 - Wed. October 16, 2024
MasterCard
VISA
Interac
American Express accepted at three locations.
Sabzi Mandi Supermarket
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com